One stop shop for all your taxi needs



The Friendly Group Ltd. Chelsea Taxi Brokers

Address: 287 10 AVE 2nd Floor, New York NY 10001

Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

All types of insurance
* Medallion transfers * Accident claims * Taxi Stand Facility available

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।



Twenty-Fifth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 26, Issue 14; April 5, 2025    20451 N. Plum Grove Rd., Palatine, IL 60074    Ph:847-359-0746, Fax:847-705-9388


# ਕਿਸਾਨਾਂ ਵਲੋਂ ਪੰਜਾਬ ਭਰ 'ਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ

## ਜਲੰਧਰ 'ਚ ਕਿਸਾਨਾਂ ਤੇ ਬੀਬੀਆਂ ਦੀ ਪੁਲਿਸ ਨਾਲ ਝੜਪ



**ਜਲੰਧਰ:** ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਦੇ ਸੱਦੇ 'ਤੇ ਅੱਜ ਰਾਜ ਭਰ 'ਚ ਕਿਸਾਨਾਂ ਵਲੋਂ ਮੁੱਖ ਮੰਤਰੀ ਸਮੇਤ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕੀਤਾ ਗਿਆ। ਇਸ ਦੌਰਾਨ ਜਲੰਧਰ 'ਚ ਕੈਬਨਿਟ ਮੰਤਰੀ ਮਹਿੰਦਰ ਭਗਤ ਦੇ ਘਰ ਦਾ ਘਿਰਾਓ ਕਰਨ ਜਾਂਦੇ ਕਿਸਾਨਾਂ ਅਤੇ ਬੀਬੀਆਂ ਦੀ ਪੁਲਿਸ ਨਾਲ ਉਸ ਸਮੇਂ ਜ਼ਬਰਦਸਤ ਝੜਪ ਹੋ ਗਈ, ਜਦੋਂ ਕੈਬਨਿਟ ਮੰਤਰੀ ਦੇ ਘਰ ਵੱਲ ਵਧ ਰਹੇ ਕਿਸਾਨਾਂ ਅਤੇ ਬੀਬੀਆਂ ਨੂੰ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰਾਨ ਕਿਸਾਨ ਪੁਲਿਸ ਦਾ ਘੇਰਾ ਤੋੜ ਕੇ ਕੈਬਨਿਟ ਮੰਤਰੀ ਦੇ ਘਰ ਤੱਕ ਪਹੁੰਚ ਗਏ ਤੇ ਧਰਨਾ ਲਾ ਦਿੱਤਾ।

ਇਸ ਮੌਕੇ ਬੀਬੀਆਂ ਨੇ ਕਿਹਾ ਕਿ ਉਹ ਕੇਵਲ ਕੈਬਨਿਟ ਮੰਤਰੀ ਦੇ ਘਰ ਬਾਹਰ ਸ਼ਾਂਤਮਈ ਧਰਨਾ ਦੇਣ ਅਤੇ ਉਨ੍ਹਾਂ ਨੂੰ ਮੰਗ ਪੱਤਰ ਹੀ ਸੌਂਪਣ ਆਏ ਸਨ ਪਰ ਪੁਲਿਸ ਮੁਲਾਜ਼ਮਾਂ ਵਲੋਂ ਉਨ੍ਹਾਂ ਨੂੰ ਧੱਕੇ ਮਾਰੇ ਗਏ। ਓਧਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਕਾਕਾ ਸਿੰਘ ਕੋਟੜਾ ਨੇ ਅੱਜ ਦੇ ਅੰਦੋਲਨ ਨੂੰ ਸਫਲ ਕਰਾਰ ਦਿੰਦੇ ਹੋਏ ਕਿਹਾ ਕਿ ਅੱਜ ਦੇ ਇੱਕਠਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਸਰਕਾਰ ਦੁਆਰਾ ਸ਼ੰਭੂ ਤੇ ਖਨਗੇ ਸਰਹੱਦ 'ਤੇ ਕਿਸਾਨਾਂ ਉਪਰ ਕੀਤੇ ਗਏ ਤਸ਼ੱਦਦ ਖਿਲਾਫ ਉੱਠ ਖੜ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ 19 ਮਾਰਚ ਨੂੰ ਕੇਂਦਰ ਸਰਕਾਰ ਦੀ ਬਹਿ 'ਤੇ ਪੰਜਾਬ ਸਰਕਾਰ ਵਲੋਂ ਸ਼ੰਭੂ ਅਤੇ ਖਨੌਰੀ ਵਿਖੇ ਚਲਦੇ ਕਿਸਾਨੀ ਅੰਦੋਲਨ ਨੂੰ ਪੁਲਿਸ ਬਲ ਦੀ ਵਰਤੋਂ ਕਰਕੇ ਉਖਾੜਨ ਦੀ ਕਾਰਵਾਈ ਕਰਨ ਤੇ ਇਸ ਕਾਰਨ ਹੋਏ ਹਰ ਤਰ੍ਹਾਂ ਦੇ ਮਾਲੀ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਦੁਆਰਾ ਕੀਤੀ ਜਾਵੇ ਅਤੇ ਟਰਾਲੀਆਂ ਜਾਂ ਹੋਰ ਸਾਮਾਨ ਚੋਰੀ ਹੋਣ ਦੇ ਇਸ ਸਾਰੇ ਘਟਨਾਕ੍ਰਮ ਦੇ ਪਿੱਛੇ ਸਾਜ਼ਿਸ਼ ਵਿਚ ਸ਼ਾਮਿਲ ਵਿਧਾਇਕ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕੀਤੀ ਜਾਵੇ। ਇਸੇ ਤਰ੍ਹਾਂ ਕਿਸਾਨ ਆਗੂ ਬਲਵੰਤ ਸਿੰਘ ਬਹਿਰਾਮਕੇ ਨਾਲ ਕੁੱਟਮਾਰ ਕਰਨ ਵਾਲੇ ਥਾਣਾ ਸ਼ੰਭੂ ਦੇ ਐਸ. ਐਚ. ਓ. ਹਰਪ੍ਰੀਤ ਸਿੰਘ ਨੂੰ ਬਰਖਾਸਤ ਕੀਤਾ ਜਾਵੇ। ਉਨ੍ਹਾਂ ਮੋਗਾ ਵਿਚ ਵਿਧਾਇਕ ਲਾਡੀ ਢੋਸ ਦੇ ਸੁਰੱਖਿਆ ਕਰਮੀਆਂ ਵੱਲੋਂ ਗੁੰਡਾਗਰਦੀ ਕਰਦੇ ਹੋਏ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਨਾਲ ਮਾੜਾ ਵਿਹਾਰ ਕਰਨ ਦੇ ਮਾਮਲੇ 'ਚ ਲਾਡੀ ਢੋਸ ਦੇ ਖਿਲਾਫ ਵੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਸਰਕਾਰ ਵਲੋਂ ਵਧਾਏ ਟੋਲ ਟੈਕਸ ਦੀ ਨਿਖੇਧੀ ਕੀਤੀ ਅਤੇ ਇਸ ਨੂੰ ਲੋਕਾਂ ਦੀ ਲੁੱਟ ਕਰਾਰ ਦਿੱਤਾ। ਇਸ ਮੌਕੇ ਬਲਦੇਵ ਸਿੰਘ ਜ਼ੀਰਾ, ਅਮਰਜੀਤ ਸਿੰਘ ਰੜਾ, ਜਸਵਿੰਦਰ ਸਿੰਘ ਲੌਂਗੋਵਾਲ, ਸੁਖਦੇਵ ਸਿੰਘ ਭੋਜਰਾਜ, ਮਨਜੀਤ ਸਿੰਘ ਰਾਏ, ਸੁਖਜੀਤ ਸਿੰਘ ਹਰਦੋਝੰਡੇ, ਮਲਕੀਤ ਸਿੰਘ ਗੁਲਾਮੀਵਾਲਾ, ਇੰਦਰਜੀਤ ਸਿੰਘ ਕੋਟਬੁੱਢਾ, ਓਂਕਾਰ ਸਿੰਘ ਭੰਗਾਲਾ, ਬਚਿਤਰ ਸਿੰਘ ਕੋਟਲਾ, ਸਤਨਾਮ ਸਿੰਘ ਬਾਗੜੀਆਂ, ਬਲਵੰਤ ਸਿੰਘ ਬਹਿਰਾਮਕੇ, ਹਰਸੁਲਿੰਦਰ ਸਿੰਘ, ਰਾਜਵਿੰਦਰ ਸਿੰਘ ਗੋਲਡਨ, ਸੁਖਵਿੰਦਰ ਸਿੰਘ ਸਭਰਾ, ਸੁਖਜਿੰਦਰ ਸਿੰਘ ਖੋਸਾ, ਦਿਲਬਾਗ ਸਿੰਘ ਗਿੱਲ, ਸੁਖਪਾਲ ਸਿੰਘ ਡੱਫਰ, ਗੁਰਿੰਦਰ ਸਿੰਘ ਭੰਗੂ, ਤੇਜਬੀਰ ਸਿੰਘ ਪੰਜੋਖਰਾ ਆਦਿ ਵੀ ਮੌਜੂਦ ਸਨ।

# ਤੀਜਾ ਕਾਰਜਕਾਲ ਪਾਉਣ ਦੀ ਸਕੀਮ ਵਿਚ ਜੁਟੇ ਟਰੰਪ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਤੀਜਾ ਕਾਰਜਕਾਲ ਪਾਉਣ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਮਜ਼ਾਕ ਨਹੀਂ ਕਰ ਰਿਹਾ। ਇਸ ਨਾਲ ਸਪੱਸ਼ਟ ਸੰਕੇਤ ਮਿਲ ਰਹੇ ਹਨ ਕਿ 2029 ਦੀ ਸ਼ੁਰੂਆਤ 'ਚ ਦੂਜੇ ਕਾਰਜਕਾਲ ਦੇ ਖ਼ਤਮ ਹੋਣ ਤੋਂ ਬਾਅਦ ਦੇਸ਼ ਦੀ ਅਗਵਾਈ ਜਾਰੀ ਰੱਖਣ ਲਈ ਸੰਵਿਧਾਨਕ ਅੜਿੱਕੇ ਨੂੰ ਤੋੜਨ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਹਾਂ। ਰਾਸ਼ਟਰਪਤੀ ਫ੍ਰੈਂਕਲਿਨ ਡੀ. ਰੂਜ਼ਵੈਲਟ ਦੇ ਲਗਾਤਾਰ ਚਾਰ ਵਾਰ ਚੁਣੇ ਜਾਣ ਤੋਂ ਬਾਅਦ 1951 'ਚ ਸੰਵਿਧਾਨ 'ਚ ਜੋੜੀ ਗਈ 22ਵੀਂ ਸੋਧ ਕਹਿੰਦੀ ਹੈ ਕਿ ਕੋਈ ਵਿਅਕਤੀ ਰਾਸ਼ਟਰਪਤੀ ਦੇ ਅਹੁਦੇ 'ਤੇ ਦੋ ਵਾਰ ਤੋਂ ਵੱਧ ਨਹੀਂ ਚੁਣਿਆ ਜਾਵੇਗਾ।



ਟਰੰਪ ਨੇ ਮਾਰ-ਏ-ਲਾਗੋ ਤੋਂ ਐੱਨਬੀਸੀ ਨਿਊਜ਼ ਨਾਲ ਇੰਟਰਵਿਊ 'ਚ ਕਿਹਾ ਕਿ ਅਜਿਹੇ ਤਰੀਕੇ ਹਨ, ਜਿਨ੍ਹਾਂ ਨਾਲ ਤੁਸੀਂ ਅਜਿਹਾ ਕਰ ਸਕਦੇ ਹੋ। ਐੱਨਬੀਸੀ ਦੀ ਕ੍ਰਿਸਟਨ ਵੇਲਕਰ ਨੇ ਟਰੰਪ ਨੂੰ ਪੁੱਛਿਆ ਕਿ ਕੀ ਤੀਜੇ ਕਾਰਜਕਾਲ ਲਈ ਇਕ ਸੰਭਾਵੀ ਰਾਹ ਇਹ ਹੈ ਕਿ ਉਪ ਰਾਸ਼ਟਰਪਤੀ ਜੇਡੀ ਵੇਨਸ ਸਿਖ਼ਰਲੇ ਅਹੁਦੇ ਲਈ ਚੋਣ ਲੜਨ ਤੇ ਫਿਰ ਤੁਹਾਨੂੰ ਅਹੁਦਾ ਸੌਂਪ ਦੇਣ। ਉਨ੍ਹਾਂ ਕਿਹਾ ਕਿ ਠੀਕ ਹੈ, ਇਹ ਇਕ ਰਾਹ ਹੈ ਪਰ ਹੋਰ ਵੀ ਹਨ। ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਮੈਨੂੰ ਕੋਈ ਹੋਰ ਰਾਹ ਦੱਸ ਸਕਦੇ ਹੋ ਤਾਂ ਉਨ੍ਹਾਂ ਕਿਹਾ ਕਿ ਨਹੀਂ। ਇਸ 'ਤੇ ਵੇਨਸ ਦੇ ਦਫ਼ਤਰ ਨੇ ਕੋਈ ਟਿੱਪਣੀ ਨਹੀਂ ਕੀਤੀ ਹੈ। ਨੋਟ੍ਰੇ ਡੇਮ 'ਚ ਚੋਣ ਕਾਨੂੰਨ ਦੇ ਪ੍ਰੋਫੈਸਰ ਡੇਰੇਕ ਮੁਲਰ ਨੇ ਕਿਹਾ ਕਿ 1804 'ਚ ਮਨਜ਼ੂਰ 12ਵੀਂ ਸੋਧ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਅਹੁਦੇ ਦੇ ਲਈ ਸੰਵਿਧਾਨਕ ਤੌਰ 'ਤੇ ਅਯੋਗ ਕੋਈ ਵਿਅਕਤੀ ਅਮਰੀਕਾ ਦੇ ਉਪ ਰਾਸ਼ਟਰਪਤੀ ਅਹੁਦੇ ਲਈ ਯੋਗ ਨਹੀਂ ਹੋਵੇਗਾ। ਇਸ ਨਾਲ ਸੰਕੇਤ ਮਿਲਦਾ ਹੈ ਕਿ ਜੇ ਟਰੰਪ 22ਵੀਂ ਸੋਧ ਕਾਰਨ ਮੁੜ ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨ ਦੇ ਯੋਗ ਨਹੀਂ ਹਨ ਤਾਂ ਉਹ ਉਪ ਰਾਸ਼ਟਰਪਤੀ ਦੇ ਅਹੁਦੇ ਦੀ ਸਮਾਂ ਹੱਦ ਨੂੰ ਪਾਰ ਕਰਨ ਲਈ ਕੋਈ ਹੋਰ ਤਰਕੀਬ ਹੈ।

> **ਦੂਜੇ ਕਾਰਜਕਾਲ ਦੇ ਖ਼ਤਮ ਹੋਣ ਤੋਂ ਬਾਅਦ ਦੇਸ਼ ਦੀ ਅਗਵਾਈ ਜਾਰੀ ਰੱਖਣ ਲਈ ਸੰਵਿਧਾਨਕ ਅੜਿੱਕੇ ਨੂੰ ਤੋੜਨ ਦੇ ਤਰੀਕਿਆਂ 'ਤੇ ਕਰ ਰਹੇ ਹਨ ਵਿਚਾਰ।**


Singh Tax & Accounting Services LLC.

SINGH AUTO & HOME INSURANCE

Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Mohan Singh MST
IRS Enrolled agent,
Insurance Agent-
Casualty & Property
Notary Public

Email: STS2021@SinghTaxServices.com; www.SinghTaxServices.com



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

## ਸਮੂਹ ਸੰਗਤਾਂ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ ਲੱਖ ਵਧਾਈ

### ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

11 ਅਪਰੈਲ 2025 (ਸ਼ੁਕਰਵਾਰ)

ਸਵੇਰੇ 10:30 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**

13 ਅਪਰੈਲ 2025 (ਐਤਵਾਰ)

ਸਵੇਰੇ 9:30 ਵਜੇ

ਵਿਸਾਖੀ ਵਾਲੇ ਦਿਨ ਦੇ ਸਵੇਰ ਦੇ ਦੀਵਾਨ ਸਵੇਰੇ 9:30 ਤੋਂ ਦੁਪਹਿਰ 2:30 ਵਜੇ ਤੱਕ ਅਤੇ ਸ਼ਾਮ ਦੇ ਦੀਵਾਨ ਸ਼ਾਮ ਨੂੰ 5:45 ਤੋਂ ਰਾਤ 9:30 ਵਜੇ ਤੱਕ ਸਜਣਗੇ।

13 ਅਪਰੈਲ, ਐਤਵਾਰ ਨੂੰ ਸਵੇਰੇ 9:30 ਤੋਂ ਸ਼ਾਮ 5 ਵਜੇ ਤੱਕ ਖ਼ੂਨਦਾਨ ਕੈਂਪ ਲਾਇਆ ਜਾਵੇਗਾ।



ਖਾਲਸਾ ਸਾਜਨਾ ਦਿਵਸ (ਵਿਸਾਖੀ) ਸਬੰਧੀ ਵਿਸ਼ੇਸ਼ ਸਮਾਗਮ ਲਿਖੇ ਹੋਏ ਪ੍ਰੋਗਰਾਮ ਅਨੁਸਾਰ ਹੋਣਗੇ। ਗੁਰੂ ਰੂਪ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸ਼ਬਦ ਕੀਰਤਨ, ਸਿਮਰਨ ਅਤੇ ਸੇਵਾ ਦਾ ਲਾਹਾ ਲੈ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# ਭਾਰਤ ਉਤੇ ਹੋਰ ਦੇਸ਼ਾਂ ਨਾਲੋਂ ਵਧੇਰੇ ਅਮਰੀਕੀ ਟੈਕਸ

**ਨਵੀਂ ਦਿੱਲੀ:**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਦੇ ਮੁਤਾਬਕ ਦੁਨੀਆ ਦੇ ਸਾਰੇ ਦੇਸ਼ਾਂ 'ਤੇ ਅਮਰੀਕਾ 'ਚ ਟੈਕਸ ਲਗਾਉਣ ਸੰਬੰਧੀ ਰਾਸ਼ਟਰਪਤੀ ਟਰੰਪ ਨੇ ਮਿਲਿਆ ਜੁਲਿਆ ਸੰਕੇਤ ਦਿੱਤਾ ਹੈ। ਇਕ ਪਾਸੇ ਤਾਂ ਉਨ੍ਹਾਂ ਨੇ ਸਾਰੇ ਦੇਸ਼ਾਂ 'ਤੇ ਇਕ ਬਰਾਬਰ ਨੀਤੀ ਲਾਗੂ ਕਰਨ ਦੀ ਗੱਲ ਕਹੀ ਹੈ ਤੇ ਸਪਸ਼ਟ ਕੀਤਾ ਹੈ ਕਿ ਕਿਸੇ ਵੀ ਦੇਸ਼ ਨੂੰ ਅਲੱਗ ਨਹੀਂ ਰੱਖਿਆ। ਦੂਜੇ ਪਾਸੇ ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਅਮਰੀਕਾ ਵਲੋਂ ਲਗਾਏ ਜਾਣ ਵਾਲੇ ਕਸਟਮ ਟੈਕਸ ਦੀ ਦਰ ਉਨ੍ਹਾਂ ਦੇਸ਼ਾਂ ਦੇ ਮੁਕਾਬਲੇ ਘੱਟ ਹੀ ਹੈ, ਜਿਹੜੇ ਦੂਜੇ ਦੇਸ਼ ਅਮਰੀਕੀ ਉਤਪਾਦਾਂ 'ਤੇ ਲਗਾਉਂਦੇ ਰਹੇ ਹਨ। ਟਰੰਪ ਦੇ ਮੁਤਾਬਕ, ਕੁਝ ਦੇਸ਼ਾਂ ਨੇ ਸਾਡਾ ਏਨਾ ਇਸਤੇਮਾਲ ਕੀਤਾ ਹੈ ਜਿੰਨਾ ਕਿਸੇ ਹੋਰ ਦੇਸ਼ ਦਾ ਨਹੀਂ ਕੀਤਾ ਗਿਆ। ਅਸੀਂ ਇਨ੍ਹਾਂ ਦੇ ਪ੍ਰਤੀ ਥੋੜ੍ਹੀ ਨਰਮੀ ਦਿਖਾਈ ਹੈ। ਇਸਦੇ ਬਾਵਜੂਦ ਇਨ੍ਹਾਂ 'ਤੇ ਲੱਗਣ ਵਾਲਾ ਟੈਕਸ ਬਹੁਤ ਜ਼ਿਆਦਾ ਹੋਵੇਗਾ।



ਟਰੰਪ ਦੇ ਨਵੇਂ ਐਲਾਨ ਦੇ ਮੁਤਾਬਕ, ਭਾਰਤ ਤੋਂ ਦਰਾਮਦ ਉਤਪਾਦਾਂ 'ਤੇ ਅਮਰੀਕਾ 'ਚ ਹੁਣ ਓਨਾ ਹੀ ਟੈਕਸ ਲਗਾਇਆ ਜਾਏਗਾ ਜਿੰਨਾ ਭਾਰਤ ਅਮਰੀਕੀ ਉਤਪਾਦਾਂ 'ਤੇ ਲਗਾਉਂਦਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਉਤਪਾਦਾਂ 'ਤੇ ਸਭ ਤੋਂ ਜ਼ਿਆਦਾ ਟੈਕਸ ਲਗਾਉਣ ਵਾਲੇ ਦੇਸ਼ ਦੇ ਤੌਰ 'ਤੇ ਭਾਰਤ ਦਾ ਨਾਂ ਲੈਂਦੇ ਰਹੇ ਹਨ। ਫਰਵਰੀ 2025 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨਾਲ ਅਮਰੀਕਾ 'ਚ ਮੁਲਾਕਾਤ ਕੀਤੀ ਸੀ, ਤਦੋਂ ਵੀ ਉਨ੍ਹਾਂ ਨੇ ਇਸ ਮੁੱਦੇ ਨੂੰ ਉਠਾਇਆ ਸੀ। ਭਾਰਤ ਵਲੋਂ ਅਮਰੀਕਾ ਨਾਲ ਦੁਵੱਲੇ ਕਾਰੋਬਾਰੀ ਸਮਝੌਤੇ (ਬੀਟੀਏ) ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਇਸ 'ਤੇ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਵੀ ਚੱਲ ਰਹੀ ਹੈ। ਇਸ ਦੌਰਾਨ ਟਰੰਪ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਸਰਕਾਰ ਹਰ ਦੇਸ਼ 'ਤੇ ਟੈਕਸ ਲਗਾਏਗੀ। ਅਸੀਂ ਹਰ ਦੇਸ਼ ਨਾਲ ਸ਼ੁਰੂਆਤ ਕਰਨ ਜਾ ਰਹੇ ਹਾਂ, ਦੇਖਦੇ ਹਾਂ ਕਿ ਕੀ ਹੁੰਦਾ ਹੈ। ਅਮਰੀਕਾ ਦੀ ਨਵੀਂ ਟੈਕਸ ਵਿਵਸਥਾ 'ਚ 10-15 ਦੇਸ਼ਾਂ ਨੂੰ ਅਲੱਗ ਰੱਖਣ ਦੀ ਗੱਲ ਨੂੰ ਉਨ੍ਹਾਂ ਨੇ ਅਫਵਾਹ ਕਰਾਰ ਦਿੱਤਾ ਹੈ। ਕਾਰ ਨਿਰਮਾਤਾਵਾਂ ਦੇ ਬਾਰੇ ਟਰੰਪ ਨੇ ਆਪਣੀਆਂ ਯੋਜਨਾਵਾਂ 'ਤੇ ਮੁੜ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਅਮਰੀਕਾ ਜਾਂ ਅੰਤਰਰਾਸ਼ਟਰੀ ਵਾਹਨ ਨਿਰਮਾਤਾ ਕਾਫ਼ੀ ਪੈਸਾ ਕਮਾਉਣਗੇ, ਜੇਕਰ ਉਹ ਅਮਰੀਕਾ 'ਚ ਉਤਪਾਦਨ ਕਰਨਗੇ। ਜਿਹੜੇ ਅਮਰੀਕਾ ਦੇ ਬਾਹਰ ਵਾਹਨ ਬਣਾਉਣਗੇ, ਇਹ ਉਨ੍ਹਾਂ 'ਤੇ ਨਿਰਭਰ ਹੈ।

## ਏ.ਆਈ. ਨਾਲ ਹੱਥ ਲਿਖਤ ਖਰੜਾ ਟੈਕਸਟ 'ਚ ਬਦਲੇਗਾ

**ਨਵੀਂ ਦਿੱਲੀ:** ਹੱਥ ਲਿਖਤ ਖਰੜੇ ਨੂੰ ਏ.ਆਈ. ਆਧਾਰਿਤ ਪਲੇਟਫਾਰਮ ਰਾਹੀਂ ਆਨਲਾਈਨ ਲੱਭੇ ਜਾ ਸਕਣ ਵਾਲੇ ਲੇਖ 'ਚ ਬਦਲਣ ਤੇ ਫਿਰ ਵੱਖ-ਵੱਖ ਭਾਰਤੀ ਭਾਸ਼ਾਵਾਂ 'ਚ ਇਸ ਦਾ ਅਨੁਵਾਦ ਕਰਨ ਲਈ ਐਡਵਾਂਸਡ ਨਾਲੇਜ ਐਕਸਟ੍ਰੈਕਸ਼ਨ ਫਰੇਮਵਰਕ ਵਿਕਸਿਤ ਕਰਨ ਦੀ ਯੋਜਨਾ ਦੀ ਇਕ ਸਿਫ਼ਾਰਸ਼ ਸੰਸਦੀ ਕਮੇਟੀ ਨੇ ਕੀਤੀ ਹੈ। ਟਰਾਂਸਪੋਰਟ, ਸੈਲਾਨੀ ਤੇ ਸੱਭਿਆਚਾਰਕ ਸਥਾਈ ਕਮੇਟੀ ਨੇ ਆਪਣੀ ਰਿਪੋਰਟ 'ਚ ਸਲਾਹ ਦਿੱਤੀ ਹੈ। ਕਿ ਸੱਭਿਆਚਾਰਕ ਮੰਤਰਾਲਾ ਜ਼ਮੀਨੀ ਪੱਧਰ ਦੇ ਮੁਲਾਜ਼ਮਾਂ ਨੂੰ ਪਾਂਡੂਲੀਪੀ ਮਿੱਤਰ ਬਣਾਉਣ ਲਈ ਸਿਖਲਾਈ ਪ੍ਰੋਗਰਾਮ ਸ਼ੁਰੂ ਕਰ ਸਕਦਾ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**
**HOMEOPATHIC NATURAL MEDICINES**
When Tired of all Treatments, For any Disease, At any Age, Try Alternative Treatment





Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA





# Matrimonials

## ਲੜਕੇ ਦੀ ਲੋੜ ਹੈ

Jatt Sikh family seeking a suitable match for their USA citizen girl 30, 5'5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

US citizen Nai girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474 11-14

## ਲੜਕੀ ਦੀ ਲੋੜ ਹੈ

ਜੱਟ ਸਿੱਖ 47, 5'10" ਸੋਹਣੇ ਸੁਨੱਖੇ ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ, ਯੂ.ਐੱਸ.ਏ. ਵਿਜ਼ਾ ਹੋਲਡਰ ਲੜਕੇ ਲਈ ਸਾਥ ਦੀ ਲੋੜ ਹੈ। ਤਲਾਕਸ਼ੁਦਾ ਅਤੇ ਵਿਧਵਾ ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ USA ਸਿਟੀਜ਼ਨ। ਚਾਹਵਾਨ ਫੋਨ ਨੰਬਰ 484-219-4922 ਜਾਂ ਈ-ਮੇਲ baljitrandhawa0001@gmail.com 'ਤੇ ਸੰਪਰਕ ਕਰ ਸਕਦੇ ਹਨ। 14-17

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'9'', ਦਸਤਾਰਧਾਰੀ, ਯੂ.ਐਸ.ਏ. ਵਿਚ ਜਾਰਜੀਆ ਯੀਨੀਵਰਸਿਟੀ ਵਿਚ ਸਕਾਲਰਸ਼ਿਪ 'ਤੇ ਪੀਐਚ.ਡੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬਠਿੰਡਾ ਵਿਚ ਦਸ ਏਕੜ ਜ਼ਮੀਨ, ਕੋਈ ਭੈਣ-ਭਰਾ ਨਹੀਂ। ਚਾਹਵਾਨ ਵ੍ਹਟਸਐਪ ਨੰਬਰ (706) 206-2516 'ਤੇ ਸੰਪਰਕ ਕਰਨ। 13-16

Wanted US or Canada resident girl for 34 years, 5'6" Jatt Sikh, Dhillon, boy, BCA completed, resides in Punjab, raised by single mother, no siblings, hard working, respectful and positive outlook on life, open to single mothers/divorcee. Have relatives settled in California. Direct party please contact: Asidhu2012@gmail.com 12-15

Looking for a suitable Jatt Sikh match in the USA/Canada for our well-settled boy (Canada PR), born in 1993, 5'10" tall, residing in Winipeg, Canada. Please contact: gsbagri2@gmail.com, +16046216056 (whatsapp). 11-14

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com






ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 847-359-0746

# ਸ਼੍ਰੋਮਣੀ ਕਮੇਟੀ ਦੇ ਬੱਜਟ ਇਜਲਾਸ ਵਿਚ ਕਈ ਅਹਿਮ ਮਤੇ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਇਜਲਾਸ ਵਿੱਚ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਇਨ੍ਹਾਂ ਵਿਚ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰ ਬਣਾਉਣ ਦੀ ਕੇਂਦਰ ਸਰਕਾਰ ਪਾਸੋਂ ਮੰਗ, ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਬੰਧੀ ਦਿੱਤੇ ਬਿਆਨ ਦੀ ਨਿਖੇਧੀ,ਪੰਜਾਬ ਤੌਂ ਬਾਹਰ ਸਿੱਖਾਂ ਵਿਰੁੱਧ ਪੈਦਾ ਕੀਤੇ ਜਾ ਰਹੇ ਨਫਰਤੀ ਮਾਹੌਲ ਦੀ ਨਿਖੇਧੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ, ਫ਼ੌਜ ਵਿਚ ਸਿੱਖਾਂ ਦਾ ਰਾਖਵਾਂ ਕੋਟਾ ਨਿਰਧਾਰਤ ਕਰਨ, ਬੰਦੀ ਸਿੰਘਾਂ ਦੀ ਰਿਹਾਈ ਤੇ ਕਿਸਾਨੀ ਸੰਘਰਸ਼ ਆਦਿ ਨਾਲ ਸਬੰਧਤ ਮਤੇ ਸ਼ਾਮਲ ਹਨ। ਪਾਸ ਕੀਤੇ ਮੱਤਿਆਂ ਸੰਬੰਧੀ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਨਵੰਬਰ 2025 ਵਿਚ ਮਨਾਈ ਜਾ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਮਤੇ 'ਚ ਭਾਰਤ ਸਰਕਾਰ ਨੂੰ ਢੁੱਕਵੀਂ ਯਾਦਗਾਰ ਸਥਾਪਤ ਕਰਨ ਦੀ ਅਪੀਲੀ ਕੀਤੀ ਗਈ।

ਮਤੇ 'ਚ ਗੁਰੂ ਸਾਹਿਬ ਦੇ ਨਾਂ 'ਤੇ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਸਥਾਪਤ ਕਰਨ, ਵਿਸ਼ੇਸ਼ ਡਾਕ ਟਿਕਟ ਤੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਗਿਆਨੀ ਜਰਨੈਲ ਸਿੰਘ ਭਿੰਡਰਾਵਾਲਿਆਂ ਸੰਬੰਧੀ ਦਿੱਤੇ ਬਿਆਨ ਅਤੇ ਗੁਰਬਾਣੀ ਪੜ੍ਹਨ 'ਤੇ ਵਿਅੰਗ ਕੱਸਣ ਦੀ ਸਖਤ ਨਿਖੇਧੀ ਕੀਤੀ ਗਈ। ਹਿਮਾਚਲ ਪ੍ਰਦੇਸ਼ ਅੰਦਰ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਸਿੱਖ ਸ਼ਰਧਾਲੂਆਂ ਨੂੰ ਕੁਝ ਲੋਕਾਂ ਵੱਲੋਂ ਨਿਸ਼ਾਨਾ ਬਣਾਏ ਜਾਣ, ਸਿੱਖ ਯਾਤਰੂਆਂ ਦੇ ਵਾਹਨਾਂ 'ਤੇ ਲੱਗੇ ਸਿੱਖ ਨਾਇਕਾਂ ਦੀਆਂ ਤਸਵੀਰਾਂ ਵਾਲੇ ਝੰਡੇ ਜਬਰੀ ਪਾੜਨ ਬਾਰੇ ਜ਼ਿਕਰ ਕਰਦਿਆਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਸ ਗੰਭੀਰ ਮੁੱਦੇ 'ਤੇ ਸੰਜੀਦਾ ਪਹੁੰਚ ਅਪਨਾਉਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਗਿਆ।



## ਸੱਜਣ ਕੁਮਾਰ ਨੂੰ ਸੁਣਾਈ ਸਜ਼ਾ ਦਾ ਸਵਾਗਤ

ਦਿੱਲੀ 'ਚ ਨਵੰਬਰ 1984 ਵਿਚ ਹੋਈ ਸਿੱਖ ਨਸਲਕੁਸ਼ੀ ਦੇ ਸਰਸਵਤੀ ਵਿਹਾਰ ਨਾਲ ਸੰਬੰਧਤ ਇਕ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਦਿੱਤੀ ਸਜ਼ਾ ਦਾ ਸਵਾਗਤ ਕਰਦਿਆਂ ਹੋਰ ਮਾਮਲਿਆਂ 'ਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਤੇ ਪੀੜਤਾਂ ਨੂੰ ਇਨਸਾਫ਼ ਦੀ ਮੰਗ ਕੀਤੀ ਗਈ।

## ਸਿੱਖ ਬੰਦੀਆਂ ਨੂੰ ਫੌਰੀ ਰਿਹਾਅ ਕਰਨ ਦੀ ਅਪੀਲ

ਬੰਦੀ ਸਿੰਘਾਂ ਦੇ ਗੰਭੀਰ ਅਤੇ ਸੰਵੇਦਨਸ਼ੀਲ ਮਾਮਲੇ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਭਾਰਤ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਇਨਸਾਫ਼ ਸੱਚਾਈ ਅਤੇ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦੇ ਕਈ ਨੌਜਵਾਨ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ, ਜੋ ਆਪਣੀ ਕਾਨੂੰਨੀ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ। ਰਿਹਾਅ ਨਾ ਕਰਨਾ ਸਾਡੀ ਨਿਆਂ ਪ੍ਰਣਾਲੀ ਅਤੇ ਲੋਕਤੰਤਰ ਲਈ ਵੱਡਾ ਸਵਾਲ ਹੈ। ਇਸ ਲਈ ਨੌਜਵਾਨਾਂ ਨੂੰ ਛੇਤੀ ਤੋਂ ਛੇਤੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## ਗੁਰੂਧਾਮਾਂ ਦੇ ਦਰਸ਼ਨ ਦੀਦਾਰੇ ਦੇ ਸੁਖਾਲੇ ਪ੍ਰਬੰਧਾਂ ਦੀ ਮੰਗ

ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫ਼ਤਰ ਅੰਮ੍ਰਿਤਸਰ ਵਿਖੇ ਖੋਲ੍ਹਣ ਅਤੇ ਸੰਗਤ ਦੀ ਮੰਗ ਅਨੁਸਾਰ ਪਹਿਲਾਂ ਜਾਂਦੇ



ਜਥਿਆਂ ਤੋਂ ਇਲਾਵਾ ਆਮ ਦਿਨਾਂ ਦੌਰਾਨ ਵੀ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਪਾਕਿਸਤਾਨ 'ਚ ਵੱਸਦੇ ਸਿੱਖਾਂ ਲਈ ਭਾਰਤ ਅੰਦਰ ਸਿੰਘ ਗੁਰਧਾਮਾਂ ਦੇ ਖੁੱਲੇ ਦਰਸ਼ਨ ਦੀਦਾਰ ਦਾ ਸੁਖਾਲਾ ਪ੍ਰਬੰਧ ਕਰਨ ਦੀ ਵੀ ਭਾਰਤ ਜਨਕਾਰ ਪਾਸੋਂ ਮੰਗ ਕੀਤੀ ਗਈ। ਦੋਵਾਂ ਮੁਲਕਾਂ ਵਿਚਾਲੇ ਦੁਵੱਲੇ ਵਪਾਰ ਨੂੰ ਮੁੜ ਸ਼ੁਰੂ ਕਰਨ ਲਈ ਵੀ ਕਿਹਾ ਗਿਆ।

## ਸਿੱਖ ਵਿਰਾਸਤੀ ਆਭਾ ਨੂੰ ਉਭਾਰਨ ਵਾਸਤੇ ਠੋਸ ਨੀਤੀ ਤਿਆਰ ਕਰਨ ਦੀ ਮੰਗ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਤ ਇਤਿਹਾਸਕ ਥਾਵਾਂ ਤੇ ਇਮਾਰਤਾਂ ਦੀ ਤਰਸਯੋਗ ਹਾਲਤ ਦਾ ਜ਼ਿਕਰ ਕਰਦਿਆਂ ਇਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਜਿਥੇ-ਜਿਥੇ ਵੀ ਸਿੱਖ ਵਿਰਾਸਤ ਮੌਜੂਦ ਹੈ, ਉਨ੍ਹਾਂ ਦੀ ਵਿਰਾਸਤੀ ਆਭਾ ਨੂੰ ਉਭਾਰਨ ਵਾਸਤੇ ਠੋਸ ਨੀਤੀ ਤਿਆਰ ਕੀਤੀ ਜਾਵੇ। ਇਜਲਾਸ ਨੇ ਇਸ ਕਾਰਜ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦੇ ਸਹਿਯੋਗ ਦੀ ਵੀ ਵਚਨਬੱਧਤਾ ਪ੍ਰਗਟਾਈ।

## ਫੌਜ 'ਚ ਸਿੱਖਾਂ ਵਾਸਤੇ ਰਾਖਵਾਂ ਕੋਟਾ ਹੋਵੇ

ਭਾਰਤੀ ਫੌਜ ਵਿਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾਂ ਨਿਰਧਾਰਤ ਕਰਨ ਦੀ ਵੀ ਇਕ ਮਤੇ ਰਾਹੀਂ ਮੰਗ ਕੀਤੀ ਗਈ। ਮਤੇ ਵਿਚ ਸਿੱਖ ਕੌਮ ਵੱਲੋਂ ਦੇਸ਼ ਦੀ ਰੱਖਿਆ ਲਈ ਕੀਤੀਆਂ ਵੱਡੀਆਂ ਕੁਰਬਾਨੀਆਂ ਅਤੇ ਫ਼ੌਜ 'ਚ ਪਾਏ ਮਹੱਤਵਪੂਰਨ ਯੋਗਦਾਨ ਦਾ ਜ਼ਿਕਰ ਕਰਦਿਆਂ ਰੱਖਿਆ ਮੰਤਰਾਲੇ ਨੂੰ ਸਿੱਖਾਂ ਲਈ ਕੋਟਾਂ ਨਿਰਧਾਰਤ ਕਰਨ ਲਈ ਕਿਹਾ ਗਿਆ।

# ਸ਼੍ਰੋਮਣੀ ਕਮੇਟੀ ਦੇ ਬੱਜਟ ਵਿਚ ਆਮਦਨ ਨਾਲੋਂ ਦਸ ਕਰੋੜ ਘੱਟ ਖਰਚੇ ਦਾ ਅੰਦਾਜ਼ਾ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਾਲ 2025-26 ਦਾ ਬੱਜਟ ਕੁਲ ਆਮਦਨ 1386 ਕਰੋੜ 47 ਲੱਖ 80 ਹਜ਼ਾਰ ਰੁਪਏ ਤੇ ਖਰਚਾ 1376 ਕਰੋੜ 47 ਲੱਖ 80 ਹਜ਼ਾਰ ਰੁਪਏ ਪਾਸ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਸਾਲ 10 ਕਰੋੜ ਰੁਪਏ ਆਮਦਨ ਨਾਲੋਂ ਘੱਟ ਖਰਚਾ ਹੋਣ ਦਾ ਅੰਦਾਜ਼ਾ ਹੈ।

ਬਜਟ ਦਾ ਵੇਰਵਾ ਸੰਖੇਪ ਤੌਰ 'ਤੇ ਚਾਰ ਭਾਗਾਂ-ੳ, ਅ, ੲ ਅਤੇ ਸ 'ਚ ਵੰਡਿਆ ਗਿਆ ਹੈ। ਇਹ ਬਜਟ ਭਾਗ-ੳ 'ਚ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿੱਦਿਆ ਫੰਡ, ਸਪੋਰਟਸ ਫੰਡ, ਪ੍ਰਿੰਟਿੰਗ ਪ੍ਰੈਸਾਂ ਤੇ ਬਾਬਾ ਬੁੱਢਾ ਜੀ ਚੈਰੀਟੇਬਲ ਹਸਪਤਾਲ ਬੀੜ ਸਾਹਿਬ ਠੱਠਾ' ਚ ਵੰਡਿਆ ਗਿਆ ਹੈ, ਜਿਸ ਦਾ ਬਜਟ 223 ਕਰੋੜ 87 ਲੱਖ ਹੈ। ਇਸ ਤੋਂ ਇਲਾਵਾ ਬਜਟ ਭਾਗ-ਅ'ਚ ਧਰਮ ਪ੍ਰਚਾਰ ਕਮੇਟੀ ਦਾ ਬਜਟ 110 ਕਰੋੜ ਹੈ। ਬਜਟ ਭਾਗ-ੲ 'ਚ ਗੁਰਦੁਆਰਾ ਸਾਹਿਬਾਨ ਦਫਾ ਸੈਕਸ਼ਨ 85 ਦਾ ਬਜਟ 1052 ਕਰੋੜ 4 ਲੱਖ ਹੈ, ਜੋ ਸਭ ਤੋਂ ਵੱਡਾ ਹਿੱਸਾ ਹੈ। ਭਾਗ-ਸ 'ਚ ਵਿੱਦਿਅਕ ਅਦਾਰੇ ਸ਼ਾਮਲ ਕੀਤੇ ਗਏ ਹਨ, ਜਿਸ ਦਾ ਬਜਟ 296 ਕਰੋੜ 53 ਲੱਖ ਪਾਸ ਕੀਤਾ ਗਿਆ ਹੈ। ਕੁਲ ਬਜਟ 1376 ਕਰੋੜ 47 ਲੱਖ 80 ਹਜ਼ਾਰ ਰੁਪਏ ਪੇਸ਼ ਕੀਤਾ ਗਿਆ ਹੈ।

### ਕਿਥੋਂ ਹੁੰਦੀ ਹੈ ਆਮਦਨ

ਸ਼੍ਰੋਮਣੀ ਕਮੇਟੀ ਨੂੰ ਸਾਲਾਨਾ ਬਜਟ 'ਚ ਸਭ ਤੋਂ ਵੱਧ ਆਮਦਨ ਸੰਗਤਾਂ ਵੱਲੋਂ ਚੜਾਏ ਜਾਣ ਵਾਲੇ ਚੜ੍ਹਾਵੇ ਗੋਲਕ ਦੀ ਚੜ੍ਹਤ ਤੋਂ ਹੁੰਦੀ ਹੈ। ਇਸ ਤੋਂ ਇਲਾਵਾ ਵੱਟਤ ਕੜਾਹ ਪ੍ਰਸ਼ਾਦਿ, ਭੇਟਾ ਸ੍ਰੀ ਅਖੰਡ ਪਾਠ ਸਾਹਿਬ, ਚੜ੍ਹਤ ਜਿਨਸ ਤੇ ਸਹਾਇਤਾ ਲੈਂਗਰ, ਸਹਾਇਤਾ ਇਮਾਰਤਾਂ, ਕਿਰਾਇਆ ਦੁਕਾਨਾਂ/ਮਕਾਨਾਂ, ਕਿਰਾਏ ਨਿਵਾਸ/ਸਰਾਵਾਂ, ਆਮਦਨ ਖ਼ੁਦਕਾਸ਼ਤ, ਆਮਦਨ ਠੇਕਾ ਜ਼ਮੀਨਾਂ ਆਦਿ ਤੋਂ ਹੁੰਦੀ ਹੈ।

### ਕਿਥੇ ਹੁੰਦਾ ਹੈ ਖ਼ਰਚਾ

ਬਜਟ ਦਾ ਵੱਡਾ ਹਿੱਸਾ ਪ੍ਰਬੰਧ ਨੂੰ ਚਲਾਉਣ ਲਈ ਮੁਲਾਜ਼ਮਾਂ ਦੀਆਂ ਤਨਖਾਹ, ਖਰਚ ਕੜਾਹ ਪ੍ਰਸ਼ਾਦਿ, ਸ੍ਰੀ ਅਖੰਡ ਪਾਠ ਸਾਹਿਬ ਭੇਟਾ, ਲੰਗਰ, ਮੇਲੇ ਗੁਰਪੁਰਬ, ਬਿਜਲੀ, ਪਾਣੀ ਅਤੇ ਜਨਰੇਟਰ, ਪ੍ਰਸ਼ਾਦਿ ਸਿਰੋਪਾਓ, ਜਿਊਟ ਮੈਟ ਪਾਇਦਾਨ ਆਦਿ, ਬੰਧਾਨ ਨਿਹੰਗ ਸਿੰਘਾਂ, ਬੀਮਾ, ਗੱਡੀਆਂ, ਮੁਰੰਮਤ ਇਮਾਰਤਾਂ, ਮੁਰੰਮਤ ਦਾ ਸਾਮਾਨ, ਰਿਹਾਇਸ਼ਾਂ, ਖੇਤੀਬਾੜੀ, ਤਨਖਾਹ ਖੇਤੀਬਾੜੀ, ਸਹਾਇਤਾ/ਕਰਜ਼ਾ (ਪਿੰਗਲਵਾੜਾ, ਯੂਨੀਵਰਸਿਟੀ ਪੈਨਸ਼ਨਾਂ ਤੇ ਧਰਮ ਅਰਥ ਲਈ) ਫੁੱਟਕਲ ਤੇ ਹੋਰ ਖਰਚਾ (ਵਰਦੀਆਂ ਸਟਾਫ, ਮੁਕੱਦਮੇ, ਸਟੇਸ਼ਨਰੀ, ਸਫਰ, ਟੈਲੀਫੋਨ, ਆਡਿਟ ਫੀਸ, ਡਾਕ ਤੇ ਹੋਰ ਖਰਚੇ), ਡਿਸਪੈਂਸਰੀਆਂ, ਪੂੰਜੀਗਤ ਖਰਚਾ, ਰਿਜ਼ਰਵ ਫੰਡ ਤੇ ਤਰੱਕੀ ਗੁਰਦੁਆਰਾ ਸਾਹਿਬ ਫੰਡ ਆਦਿ ਸ਼ਾਮਲ ਹਨ।

## ਤਖ਼ਤ ਸ੍ਰੀ ਦਮਦਮਾ ਸਾਹਿਬ 'ਚ ਜਥੇਦਾਰ ਦਾ ਅਹੁਦਾ ਖ਼ਾਲੀ

13 ਅਪ੍ਰੈਲ ਨੂੰ ਜਿਥੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਲੱਗਦਾ ਹੈ, ਉਥੇ ਜਥੇਦਾਰ ਦਾ ਅਹੁਦਾ ਖਾਲੀ ਹੈ। ਇਸ ਦੇ ਨਾਲ ਹੀ ਗਿਆਨੀ ਕੁਲਦੀਪ ਸਿੰਘ ਵੱਲੋਂ ਤਿੰਨਾਂ ਤਖਤ ਸਾਹਿਬਾਨ 'ਤੇ ਵੱਡੇ ਪੱਧਰ 'ਤੇ ਅੰਮ੍ਰਿਤ ਸੰਚਾਰ ਕਰਨ ਲਈ ਐਲਾਨ ਕੀਤਾ ਗਿਆ ਹੈ। ਇਸ ਲਈ ਬਾਬਾ ਟੇਕ ਸਿੰਘ ਦੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਤੋਂ ਪਹਿਲਾਂ ਦਸਤਾਰਬੰਦੀ ਹੋ ਸਕਦੀ ਹੈ।

# ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਸੰਬੰਧੀ ਨਿਯਮਾਂ ਲਈ ਸੁਝਾਅ ਮੰਗੇ

**ਅੰਮ੍ਰਿਤਸਰ:** ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਬਜਟ ਇਜਲਾਸ ਵਿਚ ਜਥੇਦਾਰਾਂ ਸਬੰਧੀ ਲਏ ਜਾਣ ਵਾਲੇ ਫੈਸਲੇ 'ਤੇ ਸਿੱਖ ਸੰਸਥਾਵਾਂ, ਸਿੱਖ ਸੰਗਤਾਂ, ਧਾਰਮਿਕ ਆਗੂਆਂ, ਸਿਆਸੀ ਆਗੂਆਂ ਦੇ ਨਾਲ ਨਿਯੁਕਤ ਤੇ ਸੇਵਾ ਮੁਕਤ ਹੋਏ ਜਥੇਦਾਰਾਂ ਦੀ ਨਜ਼ਰ ਟਿਕੀ ਰਹੀ ਸੀ। ਇਹ ਫੈਸਲਾ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ 10 ਫਰਵਰੀ ਤੇ 7 ਮਾਰਚ ਨੂੰ ਪਾਏ ਮਤੇ ਨੂੰ ਰੱਦ ਕਰਵਾਉਣ ਤੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਦਾ ਨਿਯਮ ਬਣਾਉਂਣ ਸਬੰਧੀ 15 ਦੇ ਅੰਕੜੇ 'ਚ ਘਿਰ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਹੁਤੇ ਮੈਂਬਰਾਂ ਨੇ ਕਿਹਾ ਕਿ ਜਰਨਲ ਹਾਊਸ 'ਚ ਪਾਸ ਮਤੇ 'ਚ 15 ਦਿਨਾਂ ਅੰਦਰ ਸੁਝਾਅ ਲੈ ਕੇ ਸਬ-ਕਮੇਟੀ ਬਣਾਈ ਜਾਵੇਗੀ। 15 ਦਿਨਾਂ 'ਚ ਜਥੇਦਾਰਾਂ ਸਬੰਧੀ ਮਤੇ ਨੂੰ ਰੱਦ ਕਰਨ 'ਤੇ ਵਿਚਾਰ ਨਾ ਕਰਨ 'ਤੇ 15 ਮੈਂਬਰਾਂ ਵੱਲੋਂ ਅਧਿਕਾਰ ਦੀ ਵਰਤੋਂ ਕਰਕੇ ਜਰਨਲ ਹਾਊਸ ਸੱਦਣ ਦੀ ਚਿਤਾਵਨੀ ਦਿੱਤੀ ਗਈ ਹੈ। ਉਥੇ ਹੀ ਤਿੰਨਾਂ ਤਖਤ ਸਾਹਿਬ ਦੇ ਜਥੇਦਾਰਾ ਦੀ ਮੁੜ ਬਹਾਲੀ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਵੱਲੋਂ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਹੈ, ਨਹੀਂ 'ਤੇ ਇਨ੍ਹਾਂ ਵੱਲੋਂ ਸੰਘਰਸ਼ ਵੀ ਵਿੱਢਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸਾਰੇ ਵਿਵਾਦਾਂ 'ਚ ਹੁਣ ਆਉਂਣ ਵਾਲੇ 15 ਦਿਨਾਂ ਤੋਂ ਬਾਅਦ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੁਲਦੀਪ ਸਿੰਘ ਗੜਰਜ ਤੇ ਬਾਬਾ ਟੇਕ ਸਿੰਘ 'ਚ ਕਿਸ ਨੂੰ ਜਥੇਦਾਰ ਦਾ ਅਹੁਦਾ ਮਿਲੇਗਾ ਇਹ ਤੈਅ ਹੋਵੇਗਾ।

## ਵਿਰੋਧੀ ਧਿਰ ਨੇ 15 ਦਿਨਾਂ ਦਾ ਦਿੱਤਾ ਸਮਾਂ

ਵਿਰੋਧੀ ਧੜੇ ਦੇ ਮੈਂਬਰਾਂ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ 'ਚ ਜਥੇਦਾਰਾਂ ਸਬੰਧੀ ਦਿੱਤੇ ਮਤੇ 'ਤੇ ਵਿਚਾਰ ਨਾ ਕਰਨ ਕਰ ਕੇ ਬਾਈਕਾਟ ਕੀਤਾ ਗਿਆ ਤੇ ਬਾਹਰ ਆ ਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਬੀਬੀ ਕਿਰਨਜੋਤ ਕੌਰ, ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਭੌਰ, ਪਰਮਜੀਤ ਸਿੰਘ, ਜਸਵੰਤ ਸਿੰਘ ਆਦਿ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਨਿਯੁਕਤ ਕੀਤੇ ਗਏ ਰਾਤ ਦੇ ਹਨੇਰੇ ਵਿਚ ਜਥੇਦਾਰ ਮੈਂਬਰਾਂ ਤੇ ਸੰਗਤਾਂ ਦੇ ਵਿਰੋਧ ਦੇ ਬਾਵਜੂਦ ਚਲਾਉਂਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਰੋਧੀ ਧਿਰ ਤੇ ਸੰਗਤਾਂ ਦਾ ਸਾਹਮਣਾ ਕਰਨ ਤੋਂ ਡਰਦੇ ਹੋਏ ਜਥੇਦਾਰ ਜਰਨਲ ਹਾਊਸ ਵਿਚ ਸ਼ਾਮਲ ਨਹੀਂ ਹੋਏ। ਜਦਕਿ ਰਵਾਇਤ ਅਨੁਸਾਰ ਜਥੇਦਾਰ ਹਮੇਸ਼ਾ ਇਜਲਾਸ ਵਿਚ ਮੌਜੂਦ ਹੁੰਦੇ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਵੀ ਜਾਣਦੇ ਹਨ ਕਿ ਉਨ੍ਹਾਂ ਦੀ ਨਿਯੁਕਤੀ ਮਾਣ-ਮਰਿਆਦਾ ਵਿਰੁੱਧ ਕੀਤੀ ਗਈ ਹੈ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ 42 ਮੈਂਬਰਾਂ ਵੱਲੋਂ ਲਿਖਤੀ ਤੌਰ 'ਤੇ 10 ਫਰਵਰੀ ਤੇ 7 ਮਾਰਚ ਨੂੰ ਅੰਤ੍ਰਿੰਗ ਕਮੇਟੀ ਵੱਲੋਂ ਪਾਏ ਮਤੇ 'ਤੇ ਵਿਚਾਰ ਕਰਨ ਲਈ ਮੰਗ ਕੀਤੀ ਗਈ ਸੀ। ਕਾਬਜ਼ ਧਿਰ ਵੱਲੋਂ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ ਹੈ। ਜੇਕਰ ਪ੍ਰਧਾਨ ਉਪਰੋਕਤ ਮਤੇ 'ਤੇ ਵਿਚਾਰ ਕਰਨ ਲਈ ਜਰਨਲ ਹਾਊਸ ਨਹੀਂ ਸੱਦਣਗੇ ਤਾਂ 15 ਮੈਂਬਰਾਂ ਵੱਲੋਂ ਜਰਨਲ ਹਾਊਸ ਸੱਦ ਕੇ ਮਤੇ 'ਤੇ ਵਿਚਾਰ ਕੀਤੀ ਜਾਵੇਗੀ।

# ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਹੋਈ ਚਰਚਾ ਵਿਧਾਨ ਸਭਾ ਦੇ ਰਿਕਾਰਡ 'ਚੋਂ ਹਟਾਈ ਜਾਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਤੋਂ ਵੱਖ ਹੋਏ ਆਗੂ ਮਨਪ੍ਰੀਤ ਸਿੰਘ ਇਆਲੀ ਵਲੋਂ ਸਦਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਲਈ ਨਿਯਮ ਅਤੇ ਨਿਯਮ ਬਣਾਉਣ ਲਈ ਵਿਧਾਨ ਸਭਾ ਦੇ ਦਖਲ ਦੀ ਮੰਗ ਕਰਨ ਦੀ ਨਿੰਦਾ ਕੀਤੀ ਹੈ। ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਪਾਰਟੀ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਵਿਚ ਵਿਸ਼ਵਾਸ ਰੱਖਣ ਦਾ ਦਾਅਵਾ ਕਰਨ ਵਾਲੇ ਮਨਪ੍ਰੀਤ ਇਆਲੀ ਨੇ ਸਰਵਉੱਚ ਤਖ਼ਤ ਨੂੰ ਸੂਬਾ ਵਿਧਾਨ ਸਭਾ ਨਾਲੋਂ ਛੋਟਾ ਬਣਾ ਕੇ ਜੂਬਾ ਵਿਧਾਨ ਸਭਾ ਵਿੱਚ ਆਪਣਾ ਅਧਿਕਾਰ ਘਟਾ ਦਿੱਤਾ ਹੈ। ਚੀਮਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਲਈ ਨਿਯਮ ਅਤੇ ਕਾਨੂੰਨ ਬਣਾਉਣ 'ਤੇ ਚਰਚਾ ਸ਼ੁਰੂ ਕਰਨ ਦੀ ਕੋਸ਼ਿਸ਼ ਕਰਨ ਲਈ ਹਰਜੋਤ ਬੈਂਸ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਤਖ਼ਤ ਦੇ ਸਿਧਾਂਤਾਂ ਵਿੱਚ ਵਿਸ਼ਵਾਸ ਨਾ ਰੱਖਣ ਵਾਲੇ ਬੈਂਸ ਨੇ ਇਹ ਚਰਚਾ ਸ਼ੁਰੂ ਕੀਤੀ। ਅਕਾਲੀ ਆਗੂ ਨੇ ਕਿਹਾ ਕਿ



ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚਰਚਾ ਤੁਰੰਤ ਬੰਦ ਕਰ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕੀ ਸਪੀਕਰ ਵਿਧਾਨ ਸਭਾ ਵਿਚ ਦੂਜੇ ਧਰਮਾਂ ਦੇ ਮੁੱਦਿਆਂ 'ਤੇ ਚਰਚਾ ਦੀ ਇਜਾਜ਼ਤ ਦੇਣਗੇ? ਉਨ੍ਹਾਂ ਕਿਹਾ ਕਿ ਸਾਰੀ ਚਰਚਾ ਨੂੰ ਵਿਧਾਨ ਸਭਾ ਦੇ ਰਿਕਾਰਡ ਵਿੱਚੋਂ ਹਟਾ ਦੇਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

# ਜਥੇਦਾਰਾਂ ਦੀ ਨਿਯੁਕਤੀ ਦਾ ਮੁੱਦਾ ਵਿਧਾਨ ਸਭਾ ਵਿਚ ਵੀ ਗੂੰਜਿਆ

### *ਇਆਲੀ ਨੇ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਲਈ ਨਿਯਮ ਬਣਾਉਣ ਦੀ ਕੀਤੀ ਵਕਾਲਤ*

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦੇ ਮੁੱਦਾ ਦੀ ਸਦਨ ਵਿਚ ਗੂੰਜ ਪਈ ਹੈ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸਾਹਿਬਾਨ ਦੀ ਨਿਯੁਕਤੀ ਤੇ ਸੇਵਾਮੁਕਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬੁਰਾ ਹਾਲ ਕਰ ਦਿੱਤਾ। ਹੈ। ਇਹ ਸਿੱਖਾਂ ਲਈ ਇਕ ਗੰਭੀਰ ਮਸਲਾ ਹੈ, ਇਸ 'ਤੇ ਸਦਨ ਵਿਚ ਚਰਚਾ ਹੋਣੀ ਚਾਹੀਦੀ ਹੈ। ਸਿਫ਼ਰ ਕਾਲ ਦੌਰਾਨ ਸਿੱਖਿਆ ਮੰਤਰੀ ਨੇ ਕਿਹਾ ਕਿ ਜਿਸ ਤਰੀਕੇ ਨਾਲ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਇਆ ਗਿਆ ਹੈ, ਉਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਆਮ ਆਦਮੀ ਪਾਰਟੀ ਦਾ ਹਿੱਸਾ ਹੋਣ ਦੇ ਨਾਤੇ ਉਹ ਸਿੱਧੇ ਤੌਰ 'ਤੇ ਦਖਲ ਨਹੀਂ ਦੇ ਰਹੇ ਹਾਂ ਪਰ ਇੱਕ ਸਿੱਖ ਹੋਣ ਦੇ ਨਾਤੇ ਮੈਂ ਚਾਹੁੰਦਾ ਹਾਂ ਕਿ ਇਸ ਮੁੱਦੇ 'ਤੇ ਚਰਚਾ ਹੋਵੇ। ਉਨ੍ਹਾਂ ਕਿਹਾ ਕਿ ਕੁਝ ਅਕਾਲੀ ਦਲ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜੋ ਹਾਲ ਕੀਤਾ ਹੈ, ਉਹ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਇਸ 'ਤੇ ਚਰਚਾ ਹੋਣੀ ਚਾਹੀਦੀ ਹੈ ਬੇਸ਼ੱਕ ਮਨਪ੍ਰੀਤ ਸਿੰਘ ਇਆਲੀ ਤੋ ਇਸਦੀ ਸ਼ੁਰੂਆਤ ਕੀਤੀ ਜਾਵੇ।

ਇਸ ਮੌਕੇ ਮਨਪ੍ਰੀਤ ਇਆਲੀ ਨੇ ਕਿਹਾ ਕਿ ਜੇਕਰ ਲੀਡਰਸ਼ਿਪ ਨੇ 2 ਦਸੰਬਰ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਨੂੰ ਸਵੀਕਾਰ ਕੀਤਾ ਹੁੰਦਾ ਅਤੇ ਉਸ ਅਨੁਸਾਰ ਕੰਮ ਕੀਤਾ ਹੁੰਦਾ ਤਾਂ ਪਾਰਟੀ ਦੁਬਾਰਾ ਖੜ੍ਹੀ ਹੋ ਸਕਦੀ ਸੀ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ 2 ਦਸੰਬਰ ਨੂੰ ਫੈਸਲਾ ਦੇਣ ਵਾਲੇ ਜਥੇਦਾਰਾਂ ਨੂੰ ਹਟਾ ਦਿੱਤਾ ਗਿਆ ਹੈ।

ਇਆਲੀ ਸਦਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਹਨ। ਉਨ੍ਹਾਂ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਲਈ ਨਿਯਮ ਬਣਾਉਣ ਦੀ ਵੀ ਵਕਾਲਤ ਕੀਤੀ ਅਤੇ ਕਿਹਾ ਕਿ ਸਾਰੀਆਂ ਸੰਸਥਾਵਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਇਸ 'ਤੇ ਸਹਿਯੋਗ ਕਰਨਾ ਚਾਹੀਦਾ ਹੈ।

# ਕਿਸਾਨਾਂ ਦੇ ਹਟਣ ਨਾਲ ਹਾਈਵੇਅ ਪੂਰੀ ਤਰ੍ਹਾਂ ਖੁੱਲ੍ਹੇ: ਪੰਜਾਬ ਸਰਕਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਇਕ ਸੱਚੇ ਕਿਸਾਨ ਆਗੂ ਹਨ, ਜਿਨ੍ਹਾਂ ਦਾ ਕੋਈ ਸਿਆਸੀ ਏਜੰਡਾ



ਨਹੀਂ ਹੈ । ਸੁਪਰੀਮ ਕੋਰਟ ਨੇ ਇਹ ਗੱਲ ਉਦੋਂ ਆਖੀ ਜਦੋਂ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਭੁੱਖ ਹੜਤਾਲ ਕਰ ਰਹੇ ਕਿਸਾਨ ਆਗੂ ਡੱਲੇਵਾਲ ਨੇ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਹੈ । ਜਸਟਿਸ ਸੂਰਿਆ ਕਾਂਤ ਤੇ ਐਨ. ਕੋਟੀਸ਼ਵਰ ਸਿੰਘ ਦੇ ਬੈਂਚ ਨੂੰ ਪੰਜਾਬ ਦੇ ਐਡਵੋਕੇਟ ਜਨਰਲ ਨੇ ਦੱਸਿਆ ਕਿ ਪ੍ਰਦਰਸ਼ਨਕਾਰੀ ਕਿਸਾਨ ਹਾਈਵੇ ਤੋਂ ਹਟ ਚੁੱਕੇ ਹਨ ਅਤੇ ਸਾਰੇ ਬੰਦ ਪਏ ਹਾਈਵੇ ਹੁਣ ਖੁੱਲ ਗਏ ਹਨ,ਜਿਸ ਦੇ ਚਲਦਿਆਂ ਟਰੈਫ਼ਿਕ ਵੀ ਆਮ ਵਾਂਗ ਹੋ ਗਿਆ ਹੈ । ਜਦੋਂ ਅਦਾਲਤ ਨੂੰ ਦੱਸਿਆ ਗਿਆ ਕਿ ਡੱਲੇਵਾਲ ਨੇ ਵੀ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਹੈ। ਤਾਂ ਸੁਪਰੀਮ ਕੋਰਟ ਨੇ ਡੱਲੇਵਾਲ ਦੀ ਰੱਜ ਕੇ ਸ਼ਲਾਘਾ ਕਰਦਿਆਂ ਕਿਹਾ ਕਿ ਅਸੀਂ ਕਿਸੇ ਵੀ ਤਰ੍ਹਾਂ ਦੀ ਅਸਲੀਅਤ ਤੋਂ ਅਣਜਾਣ ਨਹੀਂ ਹਾਂ । ਅਦਾਲਤ ਨੇ ਇਹ ਵੀ ਕਿਹਾ ਕਿ. ਸਾਨੂੰ ਪਤਾ ਹੈ ਕਿ ਕੁੱਝ ਲੋਕ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਹੀ ਨਹੀਂ ਕਰਨਾ ਚਾਹੁੰਦੇ । ਇਸ ਦੇ ਨਾਲ ਹੀ ਅਦਾਲਤ ਨੇ ਕਿਸਾਨ ਅੰਦੋਲਨ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਤੋਂ ਜ਼ਮੀਨੀ ਹਾਲਤ ਬਾਰੇ ਸਥਿਤੀ ਰਿਪੋਰਟ ਵੀ ਮੰਗੀ ਹੈ । ਸੁਪਰੀਮ ਕੋਰਟ ਨੇ ਪੰਜਾਬ ਦੇ ਡੀ.ਜੀ.ਪੀ. ਅਤੇ ਮੁੱਖ ਸਕੱਤਰ ਖ਼ਿਲਾਫ਼ ਤੌਹੀਨ ਦੀ ਕਾਰਵਾਈ ਵੀ ਬੰਦ ਕਰ ਦਿੱਤੀ ਹੈ ।

# 'ਮਾਫ਼ੀ ਮੰਗੋ ਅਤੇ ਘਰ ਬੈਠੋ': ਸੁਰਜੀਤ ਸਿੰਘ ਰੱਖੜਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ ਸਿੰਘ ਧਾਮੀ ਵੱਲੋ ਕੌਮ ਦੀ ਪਹਿਰੇਦਾਰੀ ਨਾ ਕਰਕੇ ਧ੍ਰੋਹ ਕੀਤਾ ਹੈ। ਉਨ੍ਹਾਂ ਕਿਹਾ 'ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਇਸ ਵਿੱਚ ਭਲਾ ਨਹੀਂ ਹੋ ਸਕਦਾ, ਧਾਮੀ ਦੇ ਵਾੜ ਹੇਠ ਪੰਥ ਅਤੇ ਕੌਮ ਦਾ ਵੱਡਾ ਨੁਕਸਾਨ ਹੋਇਆ, ਇਸ ਕਰਕੇ ਧਾਮੀ ਦਾ ਪੱਕੀ ਛੁੱਟੀ ਕਰਕੇ ਘਰ ਬੈਠਣਾ ਹੀ ਕੌਮ ਅਤੇ ਪੰਥ ਲਈ ਬਿਹਤਰ ਹੈ।'



ਰੱਖੜਾ ਨੇ ਕਿਹਾ ਕਿ ਜਨਰਲ ਇਜਲਾਸ ਤੋਂ ਐੱਸਜੀਪੀਸੀ ਪ੍ਰਧਾਨ ਦੀ ਭਾਸ਼ਾ ਅਤੇ ਭਾਵਨਾ ਤੋਂ ਜ਼ਾਹਰ ਹੁੰਦਾ ਹੈ ਕਿ ਜ਼ਲੀਲ ਕਰਕੇ ਹਟਾਏ ਗਏ ਸਿੰਘ ਸਾਹਿਬ ਪ੍ਰਤੀ ਮੰਦੀ ਭਾਵਨਾ ਨਾਲ ਪੇਸ਼ ਆਉਂਦੇ ਰਹੇ ਹਨ। ਉਨਾਂ ਕਿਹਾ ਕਿ ਧਾਮੀ ਦਾ ਇਹ ਦਾਅਵਾ ਕਰਨਾ ਕਿ ਸਿੰਘ ਸਾਹਿਬਾਨ ਦੀ ਮੁੜ ਬਹਾਲੀ ਲਈ ਦਿੱਤੀ ਦਰਖਾਸਤ ਉੱਪਰ ਦਸਤਖ਼ਤ ਕਰਨ ਵਾਲੇ ਮੈਂਬਰਾਂ ਨੇ ਭੁਲੇਖੇ ਵਿੱਚ ਪ੍ਰੋੜਤਾ ਕਰ ਦਿੱਤੀ, ਇਸ ਤੋਂ ਵੱਡਾ ਪੰਥਕ ਗੁਨਾਹ ਵਾਲਾ ਦਾਅਵਾ ਕੋਈ ਹੋਰ ਹੋ ਨਹੀਂ ਸਕਦਾ। ਇਸ ਤੋਂ ਬਾਅਦ ਵਾਰ-ਵਾਰ ਮਤਾ ਲਿਆਉਣ ਲਈ ਬੇਨਤੀ ਕਰਨ ਵਾਲੇ ਮੈਂਬਰਾਂ ਦੀ ਬੇਨਤੀ ਨੂੰ ਘੜਮੱਸ ਕਹਿ ਕੇ ਤੌਹੀਨ ਕਰਨਾ, ਐੱਸਜੀਪੀਸੀ ਪ੍ਰਧਾਨ ਨੂੰ ਸ਼ੋਭਦਾ ਨਹੀਂ। ਰੱਖੜਾ ਨੇ ਕਿਹਾ ਕਿ ਜਿਸ ਤਰੀਕੇ ਸ਼ੁੱਕਰਵਾਰ ਨੂੰ ਐੱਸਜੀਪੀਸੀ ਦੇ ਜਨਰਲ ਇਜਲਾਸ ਮੌਕੇ ਦਰਬਾਰ ਸਾਹਿਬ ਦੇ ਗੇਟ ਬੰਦ ਕਰਵਾਏ ਗਏ, ਉਸ ਨਾਲ ਨਤਮਸਤਕ ਹੋਣ ਲਈ ਆਏ ਹਰ ਸ਼ਰਧਾਲੂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਦਰਬਾਰ ਸਾਹਿਬ ਦੇ ਕੰਪਲੈਕਸ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰਨਾ ਇਸ ਤੋਂ ਜੱਗ ਜ਼ਾਹਰ ਹੋ ਰਿਹਾ ਹੈ ਕਿ ਤਰੀਕੇ ਆਪਣੀਆਂ ਸੰਸਥਾਵਾਂ ਦੀ ਹੋਂਦ ਤੇ ਆਪਣੇ ਘਰ ਹੀ ਹਮਲੇ ਕੀਤੇ ਜਾ ਰਹੇ ਹਨ ਅਤੇ ਰਾਖੀ ਦੀ ਆਵਾਜ਼ ਚੁੱਕਣ ਵਾਲਿਆਂ ਨੂੰ ਪੁਲਿਸ ਦਾ ਡਰ ਵਿਖਾ ਕੇ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਪ੍ਰਧਾਨ ਧਾਮੀ ਸਮੇਤ ਐੱਸਜੀਪੀਸੀ ਸਕੱਤਰ ਦੇ ਤੁਰੰਤ ਅਸਤੀਫੇ ਦੀ ਮੰਗ ਕੀਤੀ।

# ਨਸ਼ਿਆਂ ਬਾਰੇ ਪ੍ਰਕਾਸ਼ਿਤ ਰਿਪੋਰਟਾਂ 'ਤੇ ਘਿਰੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੀ ਹਾਲਤ ਗੰਭੀਰ ਹੋਣ ਬਾਰੇ ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ ਦੀ ਪੰਜਾਬ ਵਿਧਾਨ ਸਭਾ ਵਿਚ ਵਿੱਚ ਵੀ ਗੂੰਜ ਸੁਣਾਈ ਦਿੱਤੀ। ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਵਟਸਐਪ ਰਾਹੀਂ ਨਸ਼ੀਲੇ ਪਦਾਰਥਾਂ ਦੇ ਆਰਡਰ ਦੇਣ ਅਤੇ ਸਕੂਲੀ ਵਿਦਿਆਰਥੀਆਂ ਤੱਕ ਉਨ੍ਹਾਂ ਦੀ ਡਿਲੀਵਰੀ ਸੰਬੰਧੀ ਪ੍ਰਕਾਸ਼ਿਤ ਖ਼ਬਰਾਂ ਨੂੰ ਲੈ ਕੇ ਸਰਕਾਰ ਨੂੰ ਘੇਰਿਆ। ਸਿਫ਼ਰ ਕਾਲ ਦੌਰਾਨ ਨਸ਼ਿਆਂ ਦਾ ਮੁੱਦਾ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਨਸ਼ਿਆ ਵਿਰੁੱਧ ਚਲਾਈ ਜਾ ਰਹੀ ਜੰਗ ਸਿਰਫ਼ ਇਕ ਪੀਆਰ ਐਕਸਰਸਾਇਜ਼ ਨਹੀਂ ਬਣਨੀ ਚਾਹੀਦੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦੇਸ਼ ਦੇ ਨਾਮਵਰ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਮਾਮਲੇ ਦੀ ਤਹਿ ਤੱਕ ਜਾਣਾ ਚਾਹੀਦਾ ਹੈ ਅਤੇ ਨਸ਼ਿਆਂ ਦੇ ਨੈੱਟਵਰਕ ਨੂੰ ਤੋੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਖਬਾਰ ਵੱਲੋਂ ਕੀਤੀ ਗਈ ਜਾਂਚ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਸਕੂਲੀ ਬੱਚੇ ਵਟਸਐਪ 'ਤੇ ਆਰਡਰ ਦੇ ਰਹੇ ਹਨ ਅਤੇ ਤਸਕਰ ਸਕੂਲ ਦੇ ਗੇਟਾਂ 'ਤੇ ਨਸ਼ੀਲੇ ਪਦਾਰਥ



ਪਹੁੰਚਾ ਰਹੇ ਹਨ। ਦੇਸ਼ ਦੇ ਕਈ ਸ਼ਹਿਰਾਂ ਵਿੱਚੋਂ ਛਪਣ ਵਾਲੇ ਇਕ ਅਖਬਾਰ ਨੇ ਇਹ ਖ਼ਬਰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀ ਸੀ ਕਿ ਕਿਵੇਂ ਸਕੂਲਾਂ ਤੋਂ ਬਾਹਰ ਬੱਚਿਆਂ ਨੂੰ ਐਨਰਜੀ ਡਰਿੰਕਸ ਅਤੇ ਟੋਫੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਕਾਰਨ ਬੱਚੇ ਨਸ਼ਿਆ ਦੇ ਚੁੰਗਲ ਵਿੱਚ ਫਸ ਰਹੇ ਹਨ।

# ਜਲ ਪ੍ਰਦੂਸ਼ਣ ਰੋਕਥਾਮ ਤੇ ਕੰਟਰੋਲ ਐਕਟ ਵਿਧਾਨ ਸਭਾ ਵਿਚ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿੱਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੇਸ਼ ਕੀਤਾ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ 2024 ਨੂੰ ਅਪਣਾਉਣ ਸਬੰਧੀ ਮਤਾ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ। ਇਹ ਮਤਾ ਪਾਸ ਹੋਣ ਨਾਲ ਇਸ ਐਕਟ ਨੂੰ ਪੰਜਾਬ ਵਿੱਚ ਅਪਣਾਉਣ ਦੀ ਮਨਜ਼ੂਰੀ ਮਿ ਮਿਲ ਗਈ ਹੈ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਭਾਰਤ ਦੀ ਸੰਸਦ ਨੇ 1974 ਵਿੱਚ ਜਲ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਅਤੇ ਪਾਣੀ ਦੀ ਸ਼ੁੱਧਤਾ ਬਹਾਲ ਰੱਖਣ ਲਈ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਲਾਗੂ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 3 ਫਰਵਰੀ, 1975 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਨੂੰ ਅਪਣਾਉਣ ਦਾ ਸੰਕਲਪ ਲਿਆ ਸੀ। ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਨੇ 15 ਅਕਤੂਬਰ, 1979 ਦੇ ਮਤੇ ਰਾਹੀਂ ਸੋਧ ਐਕਟ-1978 ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ। ਪੰਜਾਬ ਵਿਧਾਨ ਸਭਾ ਨੇ 9 ਅਪਰੈਲ, 1992 ਦੇ ਮਤੇ ਰਾਹੀਂ ਸੋਧ ਐਕਟ-



1988 ਨੂੰ ਅਪਣਾਉਣ ਦਾ ਫੈਸਲਾ ਵੀ ਕੀਤਾ ਸੀ। ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਇਹ ਸੋਧ ਐਕਟ ਭਾਰਤ ਦੀ ਸੰਸਦ ਵੱਲੋਂ 15 ਫਰਵਰੀ, 2024 ਨੂੰ ਲਾਗੂ ਕੀਤਾ ਸੀ ਅਤੇ ਇਹ ਸੋਧ ਐਕਟ ਪਹਿਲੀ ਵਾਰ ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਗਿਆ। ਇਹ ਐਕਟ ਉਨ੍ਹਾਂ ਰਾਜਾਂ 'ਚ ਅਪਣਾਉਣ ਦੀ ਮਿਤੀ ਤੋਂ ਲਾਗੂ ਹੈ, ਜਿੱਥੋਂ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਵੱਲੋਂ ਮਤਾ ਪਾਸ ਕੀਤਾ ਗਿਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਕੈਨੇਡਾ ਨੇ ਵੀਜ਼ੇ ਦੇਣ ਦੀ ਰਫ਼ਤਾਰ ਘਟਾਈ

**ਓਟਵਾ:** ਕੈਨੇਡਾ ਦਹਾਕਿਆ ਤੋਂ ਵਿਦੇਸ਼ੀਆਂ ਦੇ ਮਨਾਂ ਦੀ ਖਿੱਚ ਦਾ ਕੇਂਦਰ ਦੇਸ਼ ਰਿਹਾ ਹੈ, ਜਿਸ 'ਚ ਭਾਰਤੀਆਂ ਦਾ ਨਾਂਅ ਸਿਖਰ 'ਤੇ ਪੁੱਜਿਆ ਪਰ ਉਸ ਦੇਸ਼ ਦੇ ਨਿਘਾਰ ਵੱਲ ਗਏ ਸਮਾਜਿਕ, ਆਰਥਿਕ ਤੇ ਰਾਜਨੀਤਕ ਹਾਲਾਤ ਕਾਰਨ ਬੀਤੇ ਸਾਲ ਤੋਂ ਸਰਕਾਰ ਨੇ ਵੀਜ਼ਾ ਅਤੇ ਇਮੀਗ੍ਰੇਸ਼ਨ 'ਚ ਵੱਡੀਆਂ ਕਟੌਤੀਆਂ ਕੀਤੀਆਂ ਹਨ। ਅਜਿਹੇ 'ਚ ਵੀਜ਼ੇ ਤੋਂ ਨਾਂਹ ਕਰਨ ਦੀ ਦਰ 'ਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ ਤੇ ਅੱਧੇ ਤੋਂ ਵੱਧ ਅਰਜ਼ੀਕਰਤਾਵਾਂ ਨੂੰ ਇਨਕਾਰ ਕੀਤਾ ਜਾ ਰਿਹਾ ਹੈ। ਪ੍ਰਾਪਤ ਹੋਏ ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ 2024 ਦੇ ਕੁੱਲ 366 ਦਿਨਾਂ ਦੌਰਾਨ ਆਰਜ਼ੀ ਵੀਜ਼ਾ,ਵਿਜ਼ਟਰ,ਸਟੱਡੀ ਵੀਜ਼ਾ ਦੀਆਂ 23,59,157 ਅਰਜ਼ੀਆਂ (52 ਫ਼ੀਸਦ) ਰੱਦ ਕੀਤੀਆਂ ਗਈਆਂ ਸਨ ਤੇ ਏਨੀ ਵੱਡੀ ਦਰ 'ਚ ਇਨਕਾਰ ਦਰ ਬੀਤੇ ਸਾਰੇ ਸਮਿਆਂ ਨਾਲੋਂ ਵੱਧ ਹੈ। ਆਮ ਤੌਰ 'ਤੇ ਇਨਕਾਰ ਦਰ 35 ਕੁ ਫ਼ੀਸਦ ਦੇ ਆਸ-ਪਾਸ ਹੁੰਦੀ ਹੈ। ਇਹ ਵੀ ਕਿ ਲੋਕਾਂ ਵਲੋਂ ਹਰੇਕ ਅਰਜ਼ੀ ਦੀ ਫ਼ੀਸ 150 ਡਾਲਰ ਦਿੱਤੀ ਜਾਂਦੀ ਹੈ ਅਤੇ ਇਨਕਾਰ ਹੋਣ ਤੋਂ ਬਾਅਦ ਫ਼ੀਸ ਵਾਪਸ ਨਹੀਂ ਕੀਤੀ ਜਾਂਦੀ। 2024 ਦੌਰਾਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਨੂੰ ਵੀਜ਼ਾ ਫ਼ੀਸ ਦੇ ਰੂਪ 'ਚ ਲਗਪਗ 80 ਲੱਖ ਡਾਲਰ ਮਿਲੇ ਸਨ। 2023 'ਚ 18,46,180 ਅਰਜ਼ੀਕਰਤਾਵਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਸੀ। ਬੀਤੇ ਸਾਲ ਵਿਜ਼ਟਰ ਵੀਜ਼ਾ ਦੀ ਇਨਕਾਰ ਦਰ 54 ਫ਼ੀਸਦੀ ਰਹੀ, ਜਦਕਿ 2023 'ਚ ਇਹ ਦਰ 40 ਕੁ ਫ਼ੀਸਦ ਸੀ। 2024 'ਚ ਸਟੱਡੀ ਪਰਮਿਟ ਤੋਂ ਨਾਂਹ ਦੀ ਦਰ 52 ਫ਼ੀਸਦ ਦੱਸੀ ਗਈ ਹੈ ਤੇ ਵਰਕ ਪਰਮਿਟ




ਦੀ ਰਿਫਿਊਜ਼ਲ ਦਰ 22 ਫ਼ੀਸਦੀ ਰਹੀ। ਕੈਨੇਡਾ 'ਚ 2016 ਤੋਂ ਬੇਲਗਾਮ ਹੋਈ ਮਹਿੰਗਾਈ, ਘਰਾਂ ਦੀ ਥੁੜ, ਸਹੂਲਤਾਂ ਦੀ ਘਾਟ, ਸਰਕਾਰੀ ਸੇਵਾਵਾਂ 'ਚ ਨਿਘਾਰ, ਭ੍ਰਿਸ਼ਟਾਚਾਰ ਅਤੇ ਜੁਰਮਾਂ 'ਚ ਬੇਸ਼ੁਮਾਰ ਵਾਧੇ ਤੋਂ ਬਾਅਦ ਕੈਨੇਡਾ ਸਰਕਾਰ ਪ੍ਰਤੀ ਲੋਕਾਂ ਦਾ ਰੋਹ ਵਧਦਾ ਗਿਆ, ਜਿਸ ਕਰਕੇ ਵੀਜ਼ਾ ਅਤੇ ਇਮੀਗ੍ਰੇਸ਼ਨ ਦੀਆਂ ਢਿੱਲੀਆਂ ਨੀਤੀਆਂ ਬਦਲੀਆਂ ਗਈਆਂ। ਕੈਨੇਡਾ ਵਲੋਂ 2027 ਤੱਕ ਦੇ ਪੱਕੇ ਵੀਜ਼ੇ ਦੇ ਸਾਲਾਨਾ ਕੋਟੇ ਨੂੰ ਵੀ 5,00000 ਤੋਂ ਘਟਾ ਕੇ 3,65,000 ਤਕ ਸੀਮਤ ਕਰਨਾ ਪਿਆ।

ਇਥੋਂ ਤੱਕ ਕਿ ਬੀਤੀ 14 ਮਾਰਚ ਨੂੰ ਆਖਿਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਸਤੀਫ਼ਾ ਦੇ ਕੇ ਪਾਸੇ ਵੀ ਹੋਣਾ ਪਿਆ। ਉਨ੍ਹਾਂ ਤੋਂ ਬਾਅਦ ਆਏ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਦੇਸ਼ ਦੀ ਇਮੀਗ੍ਰੇਸ਼ਨ ਤੇ ਵੀਜ਼ਾ ਨੀਤੀ ਕਾਬੂ 'ਚ ਰੱਖਣ ਦਾ ਐਲਾਨ ਕੀਤਾ ਹੈ। ਇਸੇ ਤਰਾਂ ਜਿਥੇ ਬੀਤੇ ਸਾਲਾਂ ਦੌਰਾਨ ਕੈਨੇਡਾ 'ਚ ਪਹੁੰਚ ਚੁੱਕੇ ਵਿਦੇਸ਼ੀਆਂ ਨੂੰ ਵਰਕ ਪਰਮਿਟ ਦੇ ਕੇ ਪੱਕੀ ਇਮੀਗ੍ਰੇਸ਼ਨ ਦੇਣ ਦੇ ਮੌਕੇ ਦਿੱਤੇ ਜਾਂਦੇ ਰਹੇ। ਉਥੇ ਹੁਣ ਵਿਦੇਸ਼ੀਆਂ ਨੂੰ ਠਾਹਰ ਦਾ ਸਮਾਂ ਪੂਰਾ ਹੋਣ ਮਗਰੋਂ ਦੇਸ਼ ਛੱਡ ਜਾਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਕੈਨੇਡਾ ਸਰਕਾਰ ਦੇ ਅੰਕੜੇ ਅਨੁਸਾਰ ਕੈਨੇਡਾ 'ਚ ਪੈਰ ਰੱਖਣ ਮਗਰੋਂ ਬਹੁਤ ਸਾਰੇ ਲੋਕਾਂ ਵਲੋਂ ਦੇਸ਼ ਛੱਡਣ ਤੋਂ ਕਤਰਾਉਂਦੇ ਹੋਏ।

ਆਪਣੀ ਠਾਹਰ 'ਚ ਵਾਧਾ ਕਰਨ ਦਾ ਯਤਨ ਕੀਤਾ ਜਾਂਦਾ ਹੈ। 2019 'ਚ ਕੈਨੇਡਾ 'ਚ ਦੇਸ਼ ਅੰਦਰ ਦਾਖ਼ਲ ਹੋਣ ਮਗਰੋਂ ਆਪਣੀ ਠਾਹਰ 'ਚ ਵਾਧਾ ਕਰਵਾਉਣ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ 1,96,965 ਦੇ ਲਗਭਗ ਸੀ।2024 ਦੇ ਆਖਰ ਤੱਕ ਇਹ ਅੰਕੜਾ 38,9254 ਹੋ ਗਿਆ ਸੀ। ਸਟੱਡੀ ਪਰਮਿਟ ਤੋਂ ਇਨਕਾਰ ਦਰ 'ਚ ਵਾਧੇ ਕਾਰਨ 2023 ਦੌਰਾਨ ਅਰਜ਼ੀਕਰਤਾਵਾਂ ਦੀ ਰਿਕਾਰਡ ਕੀਤੀ ਗਈ ਗਿਣਤੀ 8,68,000 ਤੋਂ ਘਟ ਕੇ 2024 'ਚ 469000 ਦੇ ਕਰੀਬ ਰਹਿ ਗਈ ਸੀ। ਇਸੇ ਤਰਾਂ ਬਰਤਾਨੀਆ, ਆਸਟ੍ਰੇਲੀਆ ਤੇ ਅਮਰੀਕਾ ਵਲੋਂ ਵੀ ਵਿਦੇਸ਼ੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਤੋਂ ਇਨਕਾਰ ਵੱਧਣ ਦੀਆਂ ਖ਼ਬਰਾਂ ਹਨ।

# ਟ੍ਰੈਵਲ ਏਜੰਟਾਂ ਵਿਰੁੱਧ ਕਾਰਵਾਈ ਦੌਰਾਨ ਪੰਜਾਹ ਲਾਇਸੈਂਸ ਰੱਦ

**ਜਲੰਧਰ:** ਜ਼ਿਲ੍ਹੇ 'ਚ ਕਈ ਸਾਲ ਪਹਿਲਾਂ ਇਮੀਗ੍ਰੇਸ਼ਨ ਲਾਇਸੈਂਸ ਦੀ ਮਿਆਦ ਖਤਮ ਹੋਣ ਤੇ ਬਾਅਦ ਵੀ ਨਾਜਾਇਜ਼ ਇਮੀਗ੍ਰੇਸ਼ਨ ਦਾ ਕੰਮ ਚੱਲ ਰਿਹਾ ਸੀ। ਡੌਂਕੀ ਲਗਾ ਕੇ ਅਮਰੀਕਾ ਗਏ ਪੰਜਾਬੀਆਂ ਨੂੰ ਡਿਪੋਰਟ ਹੋਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਅਣਅਧਿਕਾਰਤ ਇਮੀਗ੍ਰੇਸ਼ਨ ਫਰਮਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਪ੍ਰਸ਼ਾਸਨ ਨੇ ਜ਼ਿਲ੍ਹੇ ਦੀਆਂ 50 ਫਰਮਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਇਨ੍ਹਾਂ 'ਚੋਂ ਸਾਲ 2021 'ਚ, ਤਿੰਨ 2022 'ਚ ਤੇ 45 ਫਰਮਾਂ ਦੇ 2023 'ਚ ਖਤਮ ਹੋ ਗਏ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਅਜਿਹੀਆ ਫਰਮਾਂ ਨੂੰ ਆਪਣੇ ਲਾਇਸੈਂਸ ਰਿਨਿਊ ਕਰਵਾਉਣ ਲਈ ਸਮਾਂ ਦਿੱਤਾ ਸੀ ਪਰ ਉਹ ਸਰਕਾਰੀ ਰਸਮਾਂ ਪੂਰੀਆਂ ਨਹੀਂ ਕਰ ਸਕੀਆਂ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਫਰਮਾਂ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣ ਦੇ ਬਾਵਜੂਦ ਆਪਣੇ ਲਾਇਸੈਂਸ ਰੀਨਿਊ ਨਹੀਂ ਕੀਤੇ। ਨੋਟਿਸ ਦਾ ਜਵਾਬ ਨਾ ਦੇਣ 'ਤੇ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕੀਤੀ ਤੇ ਉਨ੍ਹਾਂ ਦੇ ਲਾਇਸੈਂਸ ਰੱਦ ਕਰ ਦਿੱਤੇ। ਕੁਝ ਹੋਰ ਫਰਮਾਂ ਦੀ ਜਾਂਚ ਅਜੇ ਵੀ ਜਾਰੀ ਹੈ। ਜਾਂਚ ਤੋਂ ਬਾਅਦ, ਹੋਰ ਲਾਇਸੈਂਸ ਵੀ ਰੱਦ ਕੀਤੇ ਜਾਣਗੇ। ਡਾ.ਅਗਰਵਾਲ ਨੇ ਕਿਹਾ ਕਿ ਪ੍ਰਸ਼ਾਸਨ ਲੋਕਾਂ ਨੂੰ ਇਮੀਗ੍ਰੇਸ਼ਨ ਫਰਮਾਂ ਤੋਂ ਸੁਰੱਖਿਅਤ ਰੱਖਣ ਧੋ ਲਈ ਵਚਨਬੱਧ ਹੈ ਜੋ ਕਾਨੂੰਨ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੀਆਂ।



ਉਨ੍ਹਾਂ ਨੇ ਵਿਦੇਸ਼ ਜ ਜਾਣ ਦੇ ਚਾਹਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਰਜਿਸਟਰਡ ਇਮੀਗ੍ਰੇਸ਼ਨ ਫਰਮਾਂ ਤੋਂ ਹੀ ਸਲਾਹ ਤੇ ਸੇਵਾਵਾਂ ਲੈਣ। ਉਨ੍ਹਾਂ ਅੱਗੇ ਕਿਹਾ ਕਿ ਜਲੰਧਰ ਪ੍ਰਸ਼ਾਸਨ ਜ਼ਿਲ੍ਹੇ 'ਚ ਕੰਮ ਕਰ ਰਹੀਆਂ ਸਾਰੀਆਂ ਇਮੀਗ੍ਰੇਸ਼ਨ ਫਰਮਾਂ 'ਤੇ ਲਗਾਤਾਰ ਨਜ਼ਰ ਰੱਖ ਰਿਹਾ ਹੈ ਤੇ ਗੈਰ-ਕਾਨੂੰਨੀ ਕਾਰੋਬਾਰ ਚਲਾਉਣ ਵਾਲਿਆਂ ਦੇ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਇਸ ਕਦਮ ਦਾ ਉਦੇਸ਼ ਇਮੀਗ੍ਰੇਸ਼ਨ ਖੇਤਰ 'ਚ ਧੋਖਾਧੜੀ ਕਰਨ ਵਾਲਿਆਂ ਨੂੰ ਰੋਕਣਾ ਤੇ ਇਹ ਯਕੀਨੀ ਬਣਾਉਣਾ ਹੈ ਕਿ ਨਿਵਾਸੀਆਂ ਨੂੰ ਜਾਇਜ਼ ਤੇ ਪਾਰਦਰਸ਼ੀ ਸੇਵਾਵਾਂ ਮਿਲਣ ਇੱਥੇ ਇਹ ਦੱਸਣਾ ਉਚਿਤ ਹੈ ਕਿ ਪ੍ਰਸ਼ਾਸਨ ਨੇ ਫਰਮਾਂ ਵੱਲੋਂ ਬੇਨਿਯਮੀਆਂ ਦੇ ਕਾਰਨ ਕੁਝ ਹੋਰ ਲਾਇਸੈਂਸਾਂ ਦੀ ਸਮੀਖਿਆ ਕੀਤੀ ਹੈ। ਡੀਸੀ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਆਉਣ ਵਾਲੇ ਦਿਨਾਂ 'ਚ ਇਹ ਲਾਇਸੈਂਸ ਰੱਦ ਵੀ ਕੀਤੇ ਜਾ ਸਕਦੇ ਹਨ।

# ਜੇ ਅਮਰੀਕਾ ਨੇ ਹਮਲਾ ਕੀਤਾ ਤਾਂ ਈਰਾਨ ਦੇਵੇਗਾ ਜਵਾਬ

**ਤਹਿਰਾਨ:** ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਵਾਸ਼ਿੰਗਟਨ ਨਾਲ ਸਮਝੌਤਾ ਨਾ ਕਰਨ 'ਤੇ ਈਰਾਨ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬੰਬਾਰੀ ਜਾਂ ਸੈਕੰਡਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੇ ਜਾਣ ਦੇ ਕੁਝ ਘੰਟਿਆਂ ਬਾਅਦ ਈਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਅਲੀ ਖਾਮੇਨੇਈ ਨੇ ਸੋਮਵਾਰ ਨੂੰ ਕਿਹਾ ਕਿ ਜੇ ਅਮਰੀਕਾ ਟਰੰਪ ਦੀ ਧਮਕੀ 'ਤੇ ਅਮਲ ਕਰਦਾ ਹੈ ਤਾਂ ਉਸ ਨੂੰ 'ਵੱਡਾ



ਝਟਕਾ' ਲੱਗੇਗਾ, ਬਸ਼ਰਤੇ ਤਹਿਰਾਨ ਵਾਸ਼ਿੰਗਟਨ ਨਾਲ ਨਵਾਂ ਪਰਮਾਣੂ ਸਮਝੌਤਾ ਨਾ ਕਰ ਲਵੇ।

ਖਾਮੇਨੇਈ ਨੇ ਕਿਹਾ ਕਿ ਅਮਰੀਕਾ ਤੇ ਇਜ਼ਰਾਈਲ ਨਾਲ ਸਾਡੀ ਦੁਸ਼ਮਣੀ ਹਮੇਸ਼ਾ ਤੋਂ ਰਹੀ ਹੈ। ਉਹ ਸਾਡੇ 'ਤੇ ਹਮਲਾ ਕਰਨ ਦੀ ਧਮਕੀ ਦਿੰਦੇ ਹਨ, ਜਿਸਦੀ ਸਾਨੂੰ ਸੰਭਾਵਨਾ ਨਹੀਂ ਲੱਗਦੀ ਪਰ ਜੇ ਉਹ ਕੋਈ ਸ਼ਰਾਰਤ ਕਰਦੇ ਹਨ ਤਾਂ ਉਨ੍ਹਾਂ ਨੂੰ ਯਕੀਨੀ ਤੌਰ 'ਤੇ ਕਰਾਰਾ ਜਵਾਬ ਮਿਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇ ਉਹ ਪਿਛਲੇ ਸਾਲਾਂ ਦੀ ਤਰ੍ਹਾਂ ਸਾਡੇ ਦੇਸ਼ ਦੇ ਅੰਦਰ ਦੇਸ਼ਦੋਹ ਫੈਲਾਉਣ ਦੀ ਸੋਚ ਰਹੇ ਹਨ ਤਾਂ ਈਰਾਨੀ ਲੋਕ ਖ਼ੁਦ ਉਨ੍ਹਾਂ ਨਾਲ ਨਜਿੱਠਣਗੇ।

ਉਧਰ, ਈਰਾਨ ਦੇ ਹਥਿਆਰਬੰਦ ਬਲਾਂ ਨੇ ਵੀ ਕਿਹਾ ਹੈ ਕਿ ਉਸਨੇ ਵਾਸ਼ਿੰਗਟਨ ਨੂੰ ਸੰਭਾਵੀ ਜਵਾਬ ਦੇਣ ਲਈ ਮਿਜ਼ਾਈਲਾਂ ਤਿਆਰ ਕਰ ਲਈਆਂ ਹਨ।

# ਇਮੀਗ੍ਰੇਸ਼ਨ ਬਾਰੇ ਟਰੰਪ ਦੀਆਂ ਨੀਤੀਆਂ ਵਿਰੁੱਧ ਪ੍ਰਦਰਸ਼ਨ

**ਡਲਾਸ:** ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੇ ਵਿਰੋਧ 'ਚ ਹਜ਼ਾਰਾਂ ਲੋਕਾਂ ਨੇ ਡਲਾਸ 'ਚ ਮਾਰਚ ਕੱਢਿਆ। ਉਹ ਪੂਰੇ ਦੇਸ਼ 'ਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਹਿਰਾਸਤ 'ਚ ਲਏ ਗਏ ਵਿਦਿਆਰਥੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ। ਉਨ੍ਹਾਂ ਏਕਤਾ ਤੇ ਦੇਸ਼ਭਗਤੀ ਦੇ ਚਿੰਨ੍ਹ ਵਜੋਂ ਅਮਰੀਕੀ ਝੰਡੇ ਚੁੱਕੇ ਹੋਏ ਸਨ। ਇਹ ਮਾਰਚ ਇਕ ਚਰਚ ਤੋਂ ਸ਼ੁਰੂ ਹੋ ਕੇ ਸਿਟੀ ਹਾਲ 'ਚ ਖ਼ਤਮ ਹੋਇਆ, ਜਿਥੇ ਪ੍ਰਦਰਸ਼ਨਕਾਰੀ ਆਪਣੀ ਆਵਾਜ਼ ਬੁਲੰਦ ਕਰਨ ਲਈ ਇਕ ਮੰਚ ਦੇ ਸਾਹਮਣੇ ਇਕੱਟੇ ਹੋਏ। ਮਾਰਚ 'ਚ ਸ਼ਾਮਿਲ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਾਨੂੰ ਅਧਿਕਾਰੀਆਂ ਦਾ ਧਿਆਨ ਚੰਗੇ ਤਰੀਕੇ ਨਾਲ ਖਿੱਚਣ ਦੀ ਲੋੜ ਹੈ ਕਿਉਂਕਿ ਅਸੀ ਚੰਗੇ ਲੋਕ ਹਾਂ। ਸਾਡੇ 'ਚੋਂ ਜ਼ਿਆਦਾਤਰ ਇਥੇ ਇਸ ਲਈ ਆਉਂਦੇ ਹਨ ਤਾਂ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਕਈ ਪ੍ਰਦਰਸ਼ਨਕਾਰੀਆਂ ਨੇ ਨਾਹਰਿਆਂ ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ। ਇਹ




ਸਾਰੇ ਵੱਕਾਰੀ ਅਮਰੀਕੀ ਯੂਨੀਵਰਸਿਟੀਆ 'ਚ ਵਿਦੇਸ਼ੀ ਰਾਸ਼ਟਰੀ ਵਿਦਿਆਰਥੀ ਹਨ, ਜਿਨ੍ਹਾਂ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਅੱਤਵਾਦੀ ਸੰਗਠਨਾਂ ਨਾਲ ਸਬੰਧਤ ਸਰਗਰਮੀਆਂ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ।

ਉਥੇ ਹੀ, ਲੀਗ ਆਫ ਯੂਨਾਈਟਿਡ ਲੈਟਿਨ ਅਮੇਰਿਕਨ ਸਿਟੀਜ਼ਨਜ਼ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਹੈਕਟਰ ਫਲੋਰੇਸ ਨੇ ਕਿਹਾ ਕਿ ਲੈਟਿਨ ਲੋਕ ਇਸ ਮਹਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਵਾਸਤੁਕਲਾ ਕਲਾ ਖਾਣੇ, ਸਿਹਤ ਸੇਵਾ, ਸਿੱਖਿਆ ਤੇ ਵਿਗਿਆਨ ਸਮੇਤ ਵੱਖ ਵੱਖ ਖੇਤਰਾਂ 'ਚ ਉਨ੍ਹਾਂ ਦੇ ਅਹਿਮ ਯੋਗਦਾਨ 'ਤੇ ਰੋਸ਼ਨੀ ਪਾਈ ਤੇ ਕਿਹਾ ਕਿ ਇਨ੍ਹਾਂ ਖੇਤਰਾਂ 'ਚ ਪਰਵਾਸੀਆਂ ਨੇ ਦੇਸ਼ ਲਈ ਅਹਿਮ ਯੋਗਦਾਨ ਪਾਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਸੂਬੇ ਦੇ ਹਾਲਾਤ ਵੱਲ ਧਿਆਨ ਦੇਵੇ 'ਆਪ' ਸਰਕਾਰ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਦਾ ਕਰੜਾ ਨੋਟਿਸ ਲੈਂਦਿਆਂ ਸਰਕਾਰ ਨੂੰ ਨਸੀਹਤ ਦਿੱਤੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਸੂਬੇ ਦੇ ਹਾਲਾਤ ਸੁਧਾਰਣ ਵੱਲ ਧਿਆਨ ਦੇਵੇ।

ਐਡਵੋਕੇਟ ਧਾਮੀ ਨੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਧਾਨ ਸਭਾ ਅੰਦਰ ਜਾਣਬੁੱਝ ਕੇ ਨੀਤੀਗਤ ਢੰਗ ਨਾਲ ਸਿੱਖ ਮਾਮਲਿਆਂ ਵਿਚ ਦਖਲ ਦੀ ਕਰੜੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ ਕਿ ਸਿੱਖਾਂ ਦੇ ਮਸਲੇ ਸਿੱਖ ਖੁਦ ਹੱਲ ਕਰਨਾ ਜਾਣਦੇ ਹਨ ਅਤੇ ਇਨ੍ਹਾਂ ਮਸਲਿਆਂ ਵਿੱਚ ਸਰਕਾਰਾਂ ਵੱਲੋਂ ਦਖਲਅੰਦਾਜ਼ੀ ਕੌਮੀ ਭਾਵਨਾਵਾਂ ਨੂੰ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਦਾਇਰੇ ਵਿੱਚ ਰਹਿ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਹਰ ਖੇਤਰ ਵਿਚ ਨਿਘਰਦੀ ਹਾਲਾਤ ਨੂੰ ਸੁਧਾਰਣ ਵੱਲ ਧਿਆਨ ਦੇਵੇ ਨਾ ਕਿ ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਕਰਕੇ ਲੋਕਾਂ ਦਾ ਧਿਆਨ ਭਟਕਾਏ।ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਲੋਕ ਵੱਖ-ਵੱਖ ਸਹੂਲਤਾਂ ਨੂੰ ਤਰਸ ਰਹੇ ਹਨ ਜਦਕਿ ਸਰਕਾਰ ਦੇ ਨੁਮਾਇੰਦੇ ਆਪਣੇ ਅਧਿਕਾਰ ਖੇਤਰ ਤੋਂ ਪਰ੍ਹਾਂ ਜਾ ਕੇ ਸਿੱਖਾਂ ਦੇ ਅੰਦਰੂਨੀ ਮਾਮਲਿਆ ਨੂੰ ਉਛਾਲ ਰਹੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸਿੱਖ ਮਸਲਿਆਂ ਵਿੱਚ ਜੇਕਰ ਏਨੀ ਹੀ ਦਿਲਚਸਪੀ ਹੈ ਤਾਂ ਇਹ ਬੰਦੀ ਸਿੰਘਾਂ ਦਾ ਮਸਲਾ ਹੱਲ ਕਰਵਾਉਣ, ਜਿਸ ਵਿੱਚ ਦਿੱਲੀ ਅੰਦਰ ਇਨ੍ਹਾਂ ਦੀ ਦਸ ਸਾਲ ਸਰਕਾਰ ਹੁੰਦਿਆਂ ਇਹ ਵਿਰੋਧ 'ਚ ਹੀ ਭੁਗਤੇ ਹਨ। ਉਨ੍ਹਾਂ ਆਖਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਿੱਲੀ ਦੀ ਸਰਕਾਰ ਦੇ ਹੱਥ ਵਿੱਚ ਸੀ ਜਿਸ ਪ੍ਰਤੀ ਇਨ੍ਹਾਂ ਨੇ ਜਾਣਬੁੱਝ ਕੇ ਨਕਾਰਾਤਮਕ ਰਵੱਈਆ ਅਖਤਿਆਰ ਕਰੀ ਰੱਖਿਆ। ਉਨ੍ਹਾਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਨਸੀਹਤ ਦਿੱਤੀ ਕਿ ਉਹ ਆਪਣੇ ਅਧਿਕਾਰ ਖੇਤਰ ਤੱਕ ਸੀਮਤ ਰਹੇ।

# ਪੰਥਕ ਧਿਰਾਂ ਮਿਲ ਕੇ ਬਣਾਉਣ ਜਥੇਦਾਰਾਂ ਦੀ ਨਿਯੁਕਤੀ ਦਾ ਵਿਧੀ ਵਿਧਾਨ: ਇਯਾਲੀ



**ਚੰਡੀਗੜ੍ਹ:** ਹਲਕਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੇ ਸਮੁੱਚੀ ਸਿੱਖ ਕੌਮ ਨੂੰ ਲਿਖਤੀ ਅਪੀਲ ਕਰਦੇ ਹੋਏ ਕਿਹਾ ਕਿ ਪੰਥ ਦੀਆਂ ਸਮੁੱਚੀਆਂ ਧਾਰਮਿਕ ਸੰਸਥਾਵਾਂ ਅਤੇ ਧਾਰਮਿਕ ਜਥੇਬੰਦੀਆਂ ਜਥੇਦਾਰਾਂ ਦੀ ਚੋਣ ਅਤੇ ਬਰਖ਼ਾਸਤਗੀ ਲਈ ਇਕ ਪਾਰਦਰਸ਼ੀ ਅਤੇ ਸਖ਼ਤ ਪ੍ਰਕਿਰਿਆ ਲਈ ਵਿਧੀ ਵਿਧਾਨ ਬਣਾਉਣ ਲਈ ਅੱਗੇ ਆਉਣ। ਉਨਾਂ ਕਿਹਾ ਕਿ ਤਿੰਨਾਂ ਜਥੇਦਾਰਾਂ ਵਲੋਂ 2 ਦਸੰਬਰ ਨੂੰ ਜਾਰੀ ਕੀਤਾ ਗਿਆ ਹੁਕਮ ਅਕਾਲੀ ਦਲ ਦੀ ਬਿਹਤਰੀ ਲਈ ਸੀ। ਉਸ ਸਮੇਂ ਇਕ ਕਮੇਟੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ, ਪਰ ਦੁੱਖ ਦੀ ਗੱਲ ਹੈ ਕਿ ਤਿੰਨਾਂ ਜਥੇਦਾਰਾਂ ਨੂੰ ਹਟਾ ਦਿੱਤਾ ਗਿਆ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਸ਼ਿਪ ਨੂੰ ਸਿੱਖ ਸੰਸਥਾਵਾਂ ਦੀ ਅਖੰਡਤਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ ਦੀ ਬਜਾਏ ਏਕਤਾ ਅਤੇ ਅਧਿਆਤਮਿਕਤਾ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਸਿੱਖ ਭਾਈਚਾਰੇ ਦੀਆਂ ਇੱਛਾਵਾਂ ਅਨੁਸਾਰ ਕੰਮ ਕਰਨ ਦੀ ਅਪੀਲ ਕੀਤੀ।

## ਨਸ਼ਾ ਤਸਕਰਾਂ ਦੀ ਜ਼ਮਾਨਤ ਨਹੀਂ ਦੇਵੇਗੀ ਪੰਚਾਇਤ

**ਸੰਗਰੂਰ:** ਕਾਕੜਾ ਪਿੰਡ ਦੀ ਪੰਚਾਇਤ ਨੇ ਕਸਬੇ ਦੇ ਵਸਨੀਕਾਂ ਦੀ ਸਹਿਮਤੀ ਨਾਲ ਮਤਾ ਪਾਸ ਕੀਤਾ ਹੈ ਅਤੇ ਐਲਾਨ ਕੀਤਾ ਹੈ ਕਿ ਜੇਕਰ ਪਿੰਡ ਵਿਚ ਨਸ਼ੀਲੇ ਪਦਾਰਥ ਵੇਚਣ ਜਾਂ ਸੇਵਨ ਕਰਨ ਵਾਲਾ ਕੋਈ ਵੀ ਵਿਅਕਤੀ ਪੁਲਿਸ ਵੱਲੋਂ ਫੜਿਆ ਜਾਂਦਾ ਹੈ, ਤਾਂ ਪੰਚਾਇਤ ਜਾਂ ਪਿੰਡ ਵਾਸੀ ਸਹਿਯੋਗ ਨਹੀਂ ਕਰਨਗੇ। ਉਨ੍ਹਾਂ ਦੀ ਜ਼ਮਾਨਤ ਨਹੀਂ ਦਿੱਤੀ ਜਾਵੇਗੀ ਅਤੇ ਉਹ ਆਪਣੇ ਨੁਕਸਾਨ ਲਈ ਖੁਦ ਜ਼ਿੰਮੇਵਾਰ ਹੋਣਗੇ। ਇਹ ਵੀ ਐਲਾਨ ਕੀਤਾ ਗਿਆ ਕਿ ਪ੍ਰਸਤਾਵ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ 31 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ।

# ਕਾਂਸਟੇਬਲ ਨੇ ਟਰਾਲੀ ਚੋਰੀ ਕਰ ਕੇ ਚਾਚੇ ਕੋਲ ਲੁਕੋਈ; ਦੋਵੇਂ ਗ੍ਰਿਫ਼ਤਾਰ





**ਪਟਿਆਲਾ:** ਖਨੌਰੀ ਬਾਰਡਰ ਤੋਂ ਕਿਸਾਨਾਂ ਦੀਆਂ ਜਿਹੜੀਆਂ ਟਰਾਲੀਆਂ ਚੋਰੀ ਹੋਈਆਂ ਸਨ, ਉਨ੍ਹਾਂ ਵਿਚੋਂ ਇਕ ਟਰਾਲੀ ਪੁਲਿਸ ਦੇ ਇਕ ਕਾਂਸਟੇਬਲ ਨੇ ਚੋਰੀ ਕੀਤੀ ਸੀ ਅਤੇ ਚੋਰੀ ਦੀ ਟਰਾਲੀ ਆਪਣੇ ਚਾਚੇ ਕੋਲ ਲੁਕੋ ਦਿੱਤੀ। ਸੀ। ਪੁਲਿਸ ਨੇ ਕਾਂਸਟੇਬਲ ਤੇ ਉਸ ਦੇ ਚਾਚੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਕੁਝ ਦਿਨ ਪਹਿਲਾਂ ਡੀ.ਆਈ.ਜੀ. ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਕਿਸਾਨਾਂ ਨੂੰ ਉਨ੍ਹਾਂ ਦਾ ਸਮਾਨ ਸੌਂਪ ਰਹੇ ਸੀ। ਇਸ ਦੌਰਾਨ ਜਗਜੀਤ ਸਿੰਘ ਨਿਵਾਸੀ ਤਪਾ ਦੀ ਟਰਾਲੀ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ।

ਜਾਂਚ ਵਿਚ ਪੁਲਿਸ ਨੇ ਪਾਇਆ ਕਿ ਇਹ ਟਰਾਲੀ ਕਾਂਸਟੇਬਲ ਵਰਿੰਦਰ ਸਿੰਘ ਨੇ ਚੋਰੀ ਕੀਤੀ ਸੀ, ਜਿਸਨੂੰ ਉਸ ਨੇ ਆਪਣੇ ਚਾਚੇ ਪਰਮਜੀਤ ਸਿੰਘ ਦੇ ਪਿੰਡ ਪਾਤੜਾਂ ਵਿਚ ਲੁਕੋ ਦਿੱਤਾ ਸੀ।

ਪੁਲਿਸ ਨੇ ਐਤਵਾਰ ਨੂੰ ਟਰਾਲੀ ਰਿਕਵਰ ਕਰਦੇ ਹੋਏ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀਐੱਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪਹਿਲਾਂ ਚਾਚਾ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਟਰਾਲੀ ਰਿਕਵਰ ਕੀਤੀ ਗਈ ਅਤੇ ਉਸ ਤੋਂ ਬਾਅਦ ਪੁਲਿਸ ਲਾਈਨ ਪਾਤੜਾਂ ਵਿਚ ਤਾਇਨਾਤ ਕਾਂਸਟੇਬਲ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸਿਰਫ਼ ਟਰਾਲੀਆਂ ਹੀ ਚੋਰੀ ਨਹੀਂ ਹੋਈਆਂ ਬਲਕਿ ਏਸੀ, ਕੂਲਰ, ਨਕਦੀ ਤੇ ਹੋਰ ਸਮਾਨ ਵੀ ਚੋਰੀ ਹੋਇਆ ਹੈ।

ਸ਼ੰਭੂ ਕਿਸਾਨ ਅੰਦੋਲਨ ਵਾਲੀ ਥਾਂ ਤੋਂ ਚੋਰੀ ਤਿੰਨ ਟਰਾਲੀਆਂ ਤੇ ਇਕ ਟਰੈਕਟਰ ਛੇ ਕਿਲੋਮੀਟਰ ਦੂਰ ਸਥਿਤ ਪਿੰਡ ਲੇਹ ਸਿੰਬਲੀ ਤੋਂ ਬਰਾਮਦ ਹੋ ਚੁੱਕਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਤੋਂ ਡਰ ਕੇ 90% ਅਪਰਾਧੀ ਭੱਜ ਗਏ



**ਚੰਡੀਗੜ੍ਹ:** 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਹਜ਼ਾਰਾਂ ਤਸਕਰਾਂ ਅਤੇ ਅਪਰਾਧੀਆਂ ਨੂੰ ਫੜ ਕੇ ਜੇਲ੍ਹ ਭੇਜਿਆ ਗਿਆ ਹੈ ਅਤੇ ਜਿਹੜੇ ਬਚ ਗਏ ਹਨ, ਉਨ੍ਹਾਂ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਅਪਰਾਧੀ ਜਾਨ ਬਚਾਉਣ ਲਈ ਸੂਬੇ ਤੋਂ ਬਾਹਰ ਭੱਜ ਗਏ ਹਨ ਅਤੇ ਕੁਝ ਆਪਣੇ ਦੂਰ ਦੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਲੁਕੇ ਹੋਏ ਹਨ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਹ ਦਾਅਵਾ ਇਕ ਮਾਰਚ ਤੋਂ 28 ਮਾਰਚ ਤੱਕ ਇਸ ਮੁਹਿੰਮ ਵਿੱਚ ਕੀਤੀ ਗਈ ਪੁਲਿਸ ਕਾਰਵਾਈ ਬਾਰੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਹੁਣ ਤੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ 49 ਲੋਕਾਂ ਦੀਆਂ ਗੈਰ-ਕਾਨੂੰਨੀ ਇਮਾਰਤਾਂ ਨੂੰ ਢਾਹ ਦਿੱਤਾ ਗਿਆ ਹੈ। 153 ਕਿੱਲੋ ਹੈਰੋਇਨ, 87 ਕਿੱਲੋ ਤੋਂ ਵੱਧ ਅਫੀਮ ਅਤੇ 5.83 ਕਰੋੜ ਰੁਪਏ ਤੋਂ ਵੱਧ ਨਕਦੀ ਬਰਾਮਦ ਕੀਤੀ ਗਈ ਹੈ। 2483. ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਅਤੇ 4280 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 8.5 ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ, 2014 ਕਿਲੋ ਭੁੱਕੀ, 46 ਕਿੱਲੋ ਗਾਂਜਾ, 63 ਕਿੱਲੋ ਹਸ਼ੀਸ਼, 498 ਨਕਲੀ ਸ਼ਰਾਬ ਦੀਆਂ ਬੋਤਲਾਂ ਫੜੀਆਂ ਗਈਆਂ।

### ਨੌਜਵਾਨਾਂ ਨੂੰ ਗੈਂਗਸਟਰਾਂ ਦੇ ਜਾਲ 'ਚ ਨਾ ਫਸਣਦੀ ਅਪੀਲ

ਮੰਤਰੀ ਭੁੱਲਰ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੈਂਗਸਟਰਾਂ ਅਤੇ ਅਪਰਾਧੀਆਂ ਦੇ ਜਾਲ ਵਿੱਚ ਨਾ ਫਸਣ, ਨਹੀਂ ਤਾਂ ਪੁਲਿਸ ਕਾਰਵਾਈ ਅਤੇ ਅਦਾਲਤੀ ਕੇਸਾਂ ਕਾਰਨ ਤੁਹਾਡੀ ਜ਼ਿੰਦਗੀ ਬਰਬਾਦ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬਾਹਰ ਬੈਠੇ ਗੈਂਗਸਟਰ ਸੂਬੇ ਦੇ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਫਸਾਉਂਦੇ ਹਨ ਅਤੇ ਫਿਰ ਉਨ੍ਹਾਂ ਤੋਂ ਗੈਰ-ਕਾਨੂੰਨੀ ਕੰਮ ਕਰਵਾਉਂਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਸਾਵਧਾਨ ਕੀਤਾ। ਕਿ ਪੁਲਿਸ ਮੁਕਾਬਲਿਆਂ ਵਿੱਚ ਗੋਲੀ ਲੱਗਣ ਵਾਲੇ ਲੋਕਾਂ ਦੀਆਂ ਲੱਤਾਂ ਕਦੇ ਵੀ ਠੀਕ ਨਹੀਂ ਹੋ ਸਕਦੀਆਂ ਕਿਉਂਕਿ ਜਿਸ ਥਾਂ 'ਤੇ ਗੋਲੀ ਲੱਗਦੀ ਹੈ, ਉਹ ਪੂਰੀ ਤਰ੍ਹਾਂ ਖਰਾਬ ਹੋ ਜਾਂਦੀ ਹੈ। ਉਸਨੂੰ ਆਪਣੀ ਬਾਕੀ ਦੀ ਜ਼ਿੰਦਗੀ ਲਈ ਅਪਾਹਜ ਰਹਿਣਾ ਪਵੇਗਾ।'

# ਮੁੱਖ ਮੰਤਰੀ ਨੇ ਧੂਮਧਾਮ ਨਾਲ ਮਨਾਇਆ ਧੀ ਨਿਆਮਤ ਦਾ ਜਨਮ ਦਿਨ

**ਮੋਹਾਲੀ:** ਪੰਜਾਬ ਦੇ ਮੁੱਖ ਮੰਤਰੀ ਦਾ ਇੱਕ ਵੀਡੀਓ ਇੰਟਰਨੈੱਟ ਮੀਡੀਆ 'ਤੇ ਬਹੁਤ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਹ ਵੀਡੀਓ ਸ਼ੁੱਕਰਵਾਰ ਦਾ ਦੱਸਿਆ ਜਾ ਰਿਹਾ ਹੈ। ਇਸ ਵਿੱਚ ਉਹ ਮੋਹਾਲੀ ਸਥਿਤ ਆਪਣੇ ਘਰ 'ਚ ਨੱਚਦੇ ਨਜ਼ਰ ਆ ਰਹੇ ਹਨ। ਇਸ ਵਿੱਚ ਪੰਜਾਬੀ



ਗਾਇਕ ਗੁਰਦਾਸ ਮਾਨ ਅਤੇ ਰਣਜੀਤ ਬਾਵਾ ਵੀ ਨਜ਼ਰ ਆ ਰਹੇ ਹਨ। ਇਹ ਵੀਡੀਓ ਉਨ੍ਹਾਂ ਦੀ ਧੀ ਨਿਆਮਤ ਦੇ ਪਹਿਲੇ ਜਨਮ ਦਿਨ ਦੀ ਪਾਰਟੀ ਦਾ ਦੱਸਿਆ ਜਾ ਰਿਹਾ ਹੈ। ਨਿਆਮਤ ਸ਼ੁੱਕਰਵਾਰ ਨੂੰ ਇੱਕ ਸਾਲ ਦੀ ਹੋ ਗਈ। ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਸੋਸ਼ਲ ਮੀਡੀਆ 'ਤੇ ਆਪਣੀ ਧੀ ਦੀ ਤਸਵੀਰ ਸਾਂਝੀ ਕਰਦੇ ਹੋਏ ਇੱਕ ਭਾਵੁਕ ਸੰਦੇਸ਼ ਲਿਖਿਆ ਸੀ। ਉਨ੍ਹਾਂ ਨੇ ਲਿਖਿਆ ਸੀ ਕਿ ਜਦੋਂ ਤੋਂ ਮੈਨੂੰ ਤੁਹਾਡੇ ਆਉਣ ਦੀ ਖ਼ਬਰ ਮਿਲੀ ਹੈ, ਮੈਂ ਆਪਣਾ ਧਿਆਨ ਰੱਖਿਆ ਹੈ। ਰੱਬ ਧੀਆਂ ਸਿਰਫ਼ ਉਨ੍ਹਾਂ ਨੂੰ ਹੀ ਦਿੰਦਾ ਹੈ ਜੋ ਚੰਗੇ ਕੰਮ ਕਰਦੇ ਹਨ। ਧੀ ਸਿਰਫ਼ ਇੱਕ ਰਿਸ਼ਤਾ ਨਹੀਂ, ਸਗੋਂ ਇੱਕ ਭਾਵਨਾ ਹੈ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਸਾਲ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਇਸ ਧੀ ਨੂੰ ਜਨਮ ਦਿੱਤਾ ਸੀ।

# ਪੰਜਾਬੀ ਰਾਈਟਰਜ਼ ਕੋਪਰੇਟਿਵ ਸੁਸਾਇਟੀ ਵਲੋਂ ਪਿੰਡਾਂ 'ਚ ਲਾਈਬ੍ਰੇਰੀਆਂ ਖੋਲ੍ਹਣ ਦੀ ਮੰਗ

**ਫਗਵਾੜਾ:** ਪੰਜਾਬੀ ਰਾਈਟਰਜ਼ ਕੋਪਰਟਿਵ ਸੁਸਾਇਟੀ ਲਿਮਟਿਡ ਦੇ ਫਗਵਾੜਾ ਵਿਖੇ ਹੋਏ ਜਨਰਲ ਇਜਲਾਸ ਨੇ ਅੱਜ ਪੰਜਾਬ ਦੇ ਪਿੰਡਾਂ 'ਚ ਲਾਇਬ੍ਰੇਰੀਆਂ ਖੋਲ੍ਹਣ ਦੀ ਮੰਗ ਕੀਤੀ। ਸੁਸਾਇਟੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਪੰਜਾਬ ਲਾਇਬ੍ਰੇਰੀ ਐਕਟ ਦਾ ਡਰਾਫਟ ਡੀ.ਪੀ ਆਈ (ਕਾਲਜਾਂ) ਵਲੋਂ ਪੰਜਾਬ ਸਰਕਾਰ ਨੂੰ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ। ਇਸ ਨੂੰ ਪੰਜਾਬ ਵਿਧਾਨ ਸਭਾ 'ਚ ਪਾਸ ਕਰਵਾਉਣ ਦੀ ਲੋੜ ਹੈ। ਸੁਸਾਇਟੀ ਨੇ ਫੈਸਲਾ ਕੀਤਾ ਕਿ ਮੈਂਬਰਾਂ ਦੀਆਂ ਮਿਆਰੀ ਕਿਤਾਬਾਂ ਸੁਸਾਇਟੀ ਵਲੋਂ ਛਾਪੀਆਂ ਜਾਇਆ ਕਰਨਗੀਆਂ।



ਇਜਲਾਸ ਵਿੱਚ ਡਾ. ਲਖਵਿੰਦਰ ਸਿੰਘ ਜੌਹਲ, ਡਾ. ਬਿਕਰਮ ਸਿੰਘ ਘੁੰਮਣ, ਡਾ. ਹਰਜਿੰਦਰ ਸਿੰਘ ਅਟਵਾਲ, ਜੋਗਿੰਦਰ ਸਿੰਘ ਸੇਖੋਂ, ਕੁਲਵਿੰਦਰ ਕੌਰ ਮਿਨਹਾਸ, ਗੁਰਮੀਤ ਸਿੰਘ ਪਲਾਹੀ, ਡਾ. ਰਣਜੀਤ ਕੌਰ, ਮੁਖਤਿਆਰ ਸਿੰਘ (ਕਹਾਣੀਕਾਰ), ਰਵਿੰਦਰ ਸਿੰਘ ਚੋਟ, ਪੰਮੀ ਦ੍ਵਿਵੇਦੀ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਰਾਜਵੰਤ ਕੌਰ ਪੰਜਾਬੀ, ਚਰਨਜੀਤ ਸਿੰਘ ਗੁਮਟਾਲਾ, ਗੁਰਦੀਸ਼ ਆਰਟਿਸਟ, ਹਰੀਸ਼ ਕੁਮਾਰ ਅਗਰਵਾਲ, ਡਾ.ਇੰਦਰਜੀਤ ਸਿੰਘ ਵਾਸੂ, ਡਾ. ਉਮਿੰਦਰ ਸਿੰਘ ਜੌਹਲ, ਸੁਰਜੀਤ ਜੱਜ, ਡਾ. ਭੁਪਿੰਦਰ ਕੌਰ, ਪ ਰਮਜੀਤ ਕੌਰ, ਰਾਜਿੰਦਰ ਕੌਰ, ਜਸ਼ਨਜੋਤ ਸਿੰਘ ਜੌਹਲ, ਜਸਲੀਨ ਜੌਹਲ ਰੰਧਾਵਾ, ਸੁਖਵੰਤ ਸਿੰਘ ਰੰਧਾਵਾ, ਸੰਜਮਜੀਤ ਕੌਰ, ਡਾ.ਰੁਮਿੰਦਰ ਕੌਰ, ਏਕਮ ਸਿੰਘ ਪੰਨੂ, ਮਨਦੀਪ ਕੌਰ, ਸੁਖਨਜੋਤ ਸਿੰਘ ਜੌਹਲ, ਹਰਮਿੰਦਰ ਸਿੰਘ ਅਟਵਾਲ, ਅਮਨਜੀਤ ਕੌਰ, ਜਸਪਾਲ ਸੋਨਾ ਪੁਰੇਵਾਲ, ਕਮਲੇਸ਼ ਕੁਮਾਰੀ, ਸੁਰਿੰਦਰ ਸਿੰਘ ਨੇਕੀ, ਪਰਵਿੰਦਰਜੀਤ ਸਿੰਘ ਆਦਿ ਸ਼ਾਮਲ ਹੋਏ।

# ਬਲਬੀਰ ਸਿੰਘ ਸੀਚੇਵਾਲ 'ਤੇ ਭਖੀ ਸਿਆਸਤ



**ਚੰਡੀਗੜ੍ਹ:** ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ 'ਤੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੀਤੀ ਗਈ ਟਿੱਪਣੀ ਦਾ ਵਿਵਾਦ ਲਗਾਤਾਰ ਭਖ ਰਿਹਾ ਹੈ। ਸੱਤਾ ਧਿਰ ਵੱਲੋਂ ਸੀਚੇਵਾਲ ਖ਼ਿਲਾਫ਼ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਤੋਂ ਬਾਅਦ ਵਿਰੋਧੀ ਧਿਰ ਵੀ ਸਵਾਲਾਂ 'ਚ ਘਿਰਦੀ ਨਜ਼ਰ ਆ ਰਹੀ ਹੈ।

ਕਾਂਗਰਸੀ ਆਗੂ ਬਾਜਵਾ ਦੀ ਸ਼ਬਦਾਵਲੀ ਦੇ ਵਿਰੋਧ 'ਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਖ਼ਿਲਾਫ਼ ਨਿੰਦਾ ਪ੍ਰਸਤਾਵ ਲਿਆਂਦਾ ਹੈ। ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਵਿਧਾਨ ਸਭਾ 'ਚ ਕਿਸੇ ਵਿਅਕਤੀ-ਵਿਸ਼ੇਸ਼ ਬਾਰੇ ਇਸ ਤਰੀਕੇ ਨਾਲ ਸਿਆਸਤ ਭਖੀ ਹੋਵੇ। ਹਾਲਾਂਕਿ ਸੰਤ ਸੀਚੇਵਾਲ ਦੇ ਮਾਮਲੇ 'ਚ ਸਵਾਲ ਉੱਠਦਾ ਹੈ ਕਿ ਵਾਤਾਵਰਨ ਪ੍ਰੇਮੀ ਦੇ ਨਾਲ-ਨਾਲ ਪੰਜਾਬ ਦੇ ਹਰੇਕ ਮੁੱਦੇ 'ਤੇ ਦਰਦ ਰੱਖਣ ਵਾਲੀ ਅਜਿਹੀ ਸ਼ਖ਼ਸ਼ੀਅਤ 'ਤੇ ਇਸ ਤਰੀਕੇ ਤਿੱਖੀਆਂ ਤਕਰੀਰਾਂ ਕਿਉਂ ਹੋ ਰਹੀਆ ਹਨ? ਜੇਕਰ ਵਿਰੋਧੀ ਧਿਰ ਨੂੰ ਸੰਤ ਸੀਚੇਵਾਲ ਬਾਰੇ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਸੀ ਤਾਂ ਇਸ 'ਤੇ ਹੰਗਾਮੇ ਦੀ ਥਾਂ ਵਿਚਾਰ-ਚਰਚਾ ਹੋ ਸਕਦੀ ਸੀ। ਸੰਤ ਸੀਚੇਵਾਲ ਵੱਲੋਂ ਕੀਤੇ ਗਏ ਸਮਾਜ ਭਲਾਈ ਤੇ ਵਾਤਾਵਰਨ ਸੰਭਾਲ ਬਾਬਤ ਕੰਮਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸੁਲਤਾਨਪੁਰ ਲੋਧੀ ਵਿਖੇ ਪਵਿੱਤਰ ਕਾਲੀ ਵੇਈ ਦੇ ਪਾਣੀ ਨੂੰ ਮੁੜ ਸੁਰਜੀਤ ਕਰਨ ਦਾ ਜ਼ਿਕਰਯੋਗ ਕੰਮ ਸਿਰੇ ਚਾੜ੍ਹਿਆ ਹੈ।

ਵਾਤਾਵਰਨ ਨੂੰ ਬਚਾਉਣ ਖ਼ਾਤਰ ਬਣਾਇਆ ਉਨ੍ਹਾਂ ਦਾ 'ਸੀਚੇਵਾਲ ਮਾਡਲ' ਬੇਹੱਦ ਪ੍ਰਸਿੱਧ ਹੈ। ਇਕੱਲੀ ਕਾਲੀ ਵੇਈ ਹੀ ਨਹੀਂ, ਲੁਧਿਆਣਾ ਦੇ ਬੁੱਢਾ ਨਾਲੇ ਦੇ ਪਾਣੀ ਨੂੰ ਉਦਯੋਗਾਂ ਦੀ ਜ਼ਹਿਰ ਤੋਂ ਬਚਾਉਣ ਲਈ ਉਨ੍ਹਾਂ ਦੀ ਕਾਰਸੇਵਾ ਨਿਰੰਤਰ ਚੱਲ ਰਹੀ ਹੈ। ਪੰਜਾਬ ਦੇ ਪੌਣ-ਪਾਣੀ 'ਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦੇ ਮਹਾਨ ਉਪਦੇਸ਼ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਮੰਨ ਕੇ ਸੰਤ ਸੀਚੇਵਾਲ ਲਗਾਤਾਰ ਪੰਜਾਬ ਦੇ ਪਾਣੀਆਂ ਨੂੰ ਸ਼ੁੱਧ ਕਰਨ ਤੇ ਬਚਾਉਣ ਦੀ ਲੜਾਈ ਲੜ ਰਹੇ ਹਨ। ਸੰਸਦ 'ਚ ਪਿਛਲੇ ਢਾਈ ਸਾਲਾਂ ਤੋਂ ਵੱਧ ਸਮੇਂ ਤੋਂ ਕਾਰਜਸ਼ੀਲ ਸੰਤ ਸੀਚੇਵਾਲ ਨੇ ਸੂਬੇ ਦੇ ਕਈ ਮੁੱਦਿਆਂ 'ਤੇ ਕੇਂਦਰ ਸਰਕਾਰ ਦਾ ਧਿਆਨ ਖਿੱਚਿਆ ਹੈ। ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਖਾੜੀ ਦੇਸ਼ਾਂ ਸਣੇ ਹੋਰ ਮੁਲਕਾਂ 'ਚ ਟਰੈਵਲ ਏਜੰਟਾਂ ਦੀਆਂ ਧੋਖਾਧੜੀਆਂ ਤੇ ਹੋਰ ਕਾਰਨਾਂ ਕਾਰਨ ਫਸੀਆਂ ਔਰਤਾਂ ਤੇ ਨੌਜਵਾਨਾਂ ਨੂੰ ਮੁੜ ਵਤਨ ਲਿਆਉਣ ਲਈ ਵੱਡੇ ਉਪਰਾਲੇ ਕੀਤੇ ਹਨ। ਸੰਨ 2022 'ਚ ਸਰਦ ਰੁੱਤ ਦੇ ਪਹਿਲੇ ਸੈਸ਼ਨ ਦੌਰਾਨ ਸੰਸਦ 'ਚ ਸੰਤ ਸੀਚੇਵਾਲ ਨੂੰ ਪੰਜਾਬੀ 'ਚ ਲਿਖੇ ਦਸਤਾਵੇਜ਼ ਸੌਂਪੇ ਗਏ। ਇਹ ਮਾਂ-ਬੋਲੀ ਦੇ ਹੱਕ 'ਚ ਉਨ੍ਹਾਂ ਵੱਲੋਂ ਕੀਤਾ ਗਿਆ ਅਹਿਮ ਕਾਰਜ ਸੀ। ਉਹ ਪੰਜਾਬੀ ਦੇ ਨਾਲ-ਨਾਲ ਹੋਰ ਭਾਸ਼ਾਵਾਂ ਦੀ ਖੇਤਰੀ ਲੜਾਈ ਵੀ ਸੰਸਦ 'ਚ ਲੜ ਰਹੇ ਹਨ। ਸੰਸਦ ਮੈਂਬਰ ਵਜੋਂ ਦਿੱਤੇ ਆਪਣੇ ਭਾਸ਼ਣਾ 'ਚ ਉਹ ਕਿਸਾਨਾਂ, ਕਿਸਾਨ ਖ਼ੁਦਕੁਸ਼ੀਆਂ, ਐੱਮਐੱਸਪੀ ਤੇ ਫ਼ਸਲਾਂ ਦੇ ਵਾਜਬ ਮੁੱਲ ਦੇ ਮੁੱਦੇ ਚੁੱਕਦੇ ਰਹੇ ਹਨ। ਇਸ ਲਈ ਜੇਕਰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਉਨ੍ਹਾਂ ਬਾਰੇ ਕੋਈ ਬੇਯਕੀਨੀ ਹੈ ਤਾਂ ਇਸ ਨੂੰ ਗੰਭੀਰ ਟਿੱਪਣੀਆਂ ਦੀ ਥਾਂ ਸਰਕਾਰ ਨਾਲ ਬੈਠ ਕੇ ਸਪਸ਼ਟ ਕੀਤਾ ਜਾਣਾ ਚਾਹੀਦਾ ਸੀ।

# ਬੱਚੀ ਨੇ ਰੱਖਿਆ ਪਿੰਡ ਬੁਟਾਹਰੀ ਦੀ ਲਾਇਬ੍ਰੇਰੀ ਦਾ ਨੀਂਹ ਪੱਥਰ

**ਲੁਧਿਆਣਾ:** ਅਣੂ ਮੰਚ ਦੇ ਚੇਅਰਮੈਨ ਅਤੇ 'ਅਣੂ' ਮਿੰਨੀ ਪੱਤ੍ਰਿਕਾ ਦੇ ਸੰਪਾਦਕ ਸੁਰਿੰਦਰ ਕੈਲੇ ਦੇ ਪਿੱਤਰੀ ਪਿੰਡ ਬੁਟਾਹਰੀ ਜ਼ਿਲ੍ਹਾ ਲੁਧਿਆਣਾ ਵਿਖੇ ਲਾਇਬ੍ਰੇਰੀ ਦੀ ਇਮਾਰਤ ਦਾ ਨੀਂਹ ਪੱਥਰ ਬੱਚੀ 'ਸਨਾਇਤ ਕੈਲੇ' ਨੇ ਆਪਣੇ ਕਰ ਕਮਲਾਂ ਨਾਲ ਰੱਖਿਆ। ਇਸ ਸਮੇਂ ਸੁਰਿੰਦਰ ਕੈਲੇ ਦੇ ਸਮੁੱਚੇ ਪਰਿਵਾਰ ਅਤੇ ਸਰਪੰਚ ਗਰਾਮ ਪੰਚਾਇਤ ਸ੍ਰੀਮਤੀ ਭੁਪਿੰਦਰ ਕੌਰ ਨੇ ਸ਼ਮੂਲੀਅਤ ਕੀਤੀ। ਪ੍ਰਸਿੱਧ ਕਵੀਸ਼ਰ ਭਾਈ ਮਨਜੀਤ ਸਿੰਘ ਨੇ ਕਿਹਾ ਕਿ ਸੁਰਿੰਦਰ ਕੈਲੇ ਦੀ ਪੋਤਰੀ ਵਲੋਂ ਲਾਇਬ੍ਰੇਰੀ ਦਾ ਨੀਂਹ ਪੱਥਰ ਰੱਖਣਾ ਬੱਚੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਣ ਅਤੇ ਭਵਿੱਖ ਵਿਚ ਲਾਇਬ੍ਰੇਰੀ ਰਾਹੀਂ ਆਪਣੇ ਲੋਕਾਂ ਨਾਲ ਜੁੜੇ ਰਹਿਣ ਦਾ ਸਬੱਬ ਬਣੇਗੀ। ਬੇਬੀ ਸਨਾਇਤ ਜੋ ਪ੍ਰਾਇਮਰੀ ਸਕੂਲ ਦੀ ਵਿਦਿਆਰਥਣ ਹੈ, ਇਕ ਹੋਣਹਾਰ ਕਲਾਕਾਰ ਤੇ ਸਾਹਿਤਕਾਰ ਵੀ ਹੈ ਜਿਸ ਦੀਆਂ ਰਚਨਾਵਾਂ ਅਖ਼ਬਾਰਾਂ ਅਤੇ ਰਸਾਲਿਆਂ ਦੀ ਸ਼ੋਭਾ ਬਣਦੀਆਂ ਰਹਿੰਦਆਂ ਹਨ।



ਸਰਪੰਚ ਸ੍ਰੀਮਤੀ ਰੁਪਿੰਦਰ ਕੌਰ ਨੇ ਪੰਚਾਇਤ ਵਲੋਂ ਸ਼ੁਭ ਇੱਛਾਵਾਂ ਦਿੰਦਿਆਂ ਕਿਹਾ ਕਿ ਸਾਬਕਾ ਸਰਪੰਚ ਸ੍ਰੀ ਸੁਰਿੰਦਰ ਕੈਲੇ ਸ਼ੁਰੂ ਤੋਂ ਹੀ ਪਿੰਡ ਦੀ ਬਿਹਤਰੀ ਲਈ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਵਲੋਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਹਰ ਸਾਲ ਪੁਸਤਕਾਂ ਦਾਨ ਦੇਣ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਾਹਿਤਕ ਕਿਤਾਬਾਂ ਦੇ ਕੇ ਸਨਮਾਨ ਕਰਨ ਲਈ ਨਗਰ ਨਿਵਾਸੀ ਭਰਪੂਰ ਪ੍ਰਸੰਸਾ ਕਰਦੇ ਹਨ। ਇਨ੍ਹਾਂ ਨੇ ਪਿੰਡ ਵਿਚ 1978 ਵਿਚ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਸੀ ਜਿਸ ਦਾ ਉਦਘਾਟਨ ਤਤਕਾਲ ਡਿਪਟੀ ਕਮਿਸ਼ਨਰ ਸ੍ਰੀ ਨ. ਸ. ਰਤਨ ਨੇ ਕੀਤਾ ਸੀ।

ਪਿੰਡ ਤੇ ਨੌਜਵਾਨ ਸਭਾ ਦਾ ਸਿਰਕੱਢਦੇ ਮੈਂਬਰ ਸ. ਹਰਜੀਤ ਸਿੰਘ ਨੇ ਸੁਰਿੰਦਰ ਕੈਲੇ ਦੇ ਪਰਿਵਾਰ ਵਲੋਂ ਪਿੰਡ ਦੀ ਬਿਹਤਰੀ ਲਈ ਜ਼ਮੀਨ ਦੇਣ ਅਤੇ ਲਾਇਬ੍ਰੇਰੀ ਦੀ ਇਮਾਰਤ ਬਣਾਓਣ ਦੇ ਉੱਦਮ ਲਈ ਸਮੁੱਚੀ ਨੌਜਵਾਨ ਸਭਾ ਵਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੰਦਿਆਂ ਕਿਹਾ ਕਿ ਨਗਰ ਨਿਵਾਸੀਆਂ ਖਾਸਕਰ ਵਿਦਿਆਰਥੀਆਂ ਲਈ ਇਹ ਲਾਇਬ੍ਰੇਰੀ ਵਰਦਾਨ ਸਾਬਤ ਹੋਵੇਗੀ। ਅਖ਼ੀਰ 'ਚ ਪਰਿਵਾਰ ਵਲੋਂ ਸ੍ਰੀ ਬੱਬਰ ਕੈਲੇ (ਸਪੁੱਤਰ ਸ੍ਰੀ ਸੁਰਿੰਦਰ ਕੈਲੇ) ਨੇ ਕਿਹਾ ਕਿ ਲਾਇਬ੍ਰੇਰੀ ਦੇ ਨੀਂਹ ਪੱਥਰ ਰੱਖਣ ਦੀ ਰਸਮ ਪਰਿਵਾਰ ਤੱਕ ਸੀਮਤ ਰੱਖੀ ਗਈ ਹੈ।

# ਝੋਨੇ ਦੇ ਸੀਜ਼ਨ ਦੌਰਾਨ 400 ਕਰੋੜ ਦਾ ਘੁਟਾਲਾ ਹੋਇਆ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ 400 ਕਰੋੜ ਰੁਪਏ ਦਾ ਘੁਟਾਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਪੈਸਾ ਦਿੱਲੀ ਚਲਾ ਗਿਆ ਹੈ, ਸਿਆਸਤਦਾਨਾਂ ਅਤੇ ਅਧਿਕਾਰੀਆਂ ਨੇ ਗਬਨ ਕੀਤਾ ਹੈ। ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ 'ਤੇ ਸਰਕਾਰ ਦਾ ਬਚਾਅ ਕਰਦਿਆਂ ਕਿਹਾ ਕਿ ਖੁਰਾਕ ਅਤੇ ਸਪਲਾਈ ਵਿਭਾਗ ਕੋਲ ਇੱਕ ਵੀ ਲਿਖਤੀ ਸ਼ਿਕਾਇਤ ਨਹੀਂ ਹੈ। ਜੇਕਰ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਤੁਰੰਤ ਕਾਰਵਾਈ ਕੀਤੀ ਜਾਵੇਗੀ। ਇਸ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਤ੍ਰਿਪਤ ਬਾਜਵਾ ਇਸ ਸਦਨ ਦੀ ਸਭਤੋਂ ਸੀਨੀਅਰ ਵਿਧਾਇਕ ਹੈ, ਕੀ ਉਨ੍ਹਾਂ ਵੱਲੋਂ ਸਦਨ ਵਿਚ ਉਠਾਏ ਗਏ ਮੁੱਦੇ ਨੂੰ ਸ਼ਿਕਾਇਤ ਨਹੀਂ ਮੰਨਿਆ ਜਾ ਸਕਦਾ?



ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਵੀ ਝੋਨੇ ਦੀ ਖ੍ਰੀਦ ਵਿਚ ਹੋਈ ਹੇਰਾਫੇਰੀ ਦਾ ਮੁੱਦਾ ਚੁੱਕਿਆ। ਬਾਜਵਾ ਨੇ ਇਸ ਮੁੱਦੇ 'ਤੇ ਸਦਨ ਦੀ ਕਮੇਟੀ ਬਣਾ ਕੇ ਜਾਂਚ ਬਣਾਉਣ ਦੀ ਮੰਗ ਕੀਤੀ ਪਰ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਕਾਰ ਦਾ ਪੱਖ ਪੂਰਦੇ ਹੋਏ ਕਿਹਾ ਕਿ ਸੀਸੀਐੱਲ ਲਿਮਟ ਦਾ ਪੈਸਾ ਸਿੱਧਾ ਕਿਸਾਨਾਂ ਦੇ ਖਾਤੇ ਵਿਚ ਗਿਆ। ਹੈ। ਜਦ ਕੋਈ ਸ਼ਿਕਾਇਤ ਨਹੀ ਤਾਂ ਜਾਂਚ ਕਿਸ ਗੱਲ ਦੀ ਕਰਵਾਈ ਜਾਵੇ। ਇਸ ਮੁੱਦੇ 'ਤੇ ਦੋਵਾਂ ਪਾਸਿਓ ਨੋਕ-ਝੋਕ ਵੀ ਹੋਈ। ਇਸ ਦੌਰਾਨ ਕਈ ਵਾਰ ਬਹਿਸ ਕਾਰਨ ਮਾਹੌਲ ਕਾਫੀ ਭਖ ਗਿਆ।

## ਮਨਪ੍ਰੀਤ ਇਆਲੀ ਨੇ ਕੰਬਾਈਨਾਂ 'ਤੇ ਟੋਲ ਟੈਕਸ ਦਾ ਮੁੱਦਾ ਉਠਾਇਆ

**ਚੰਡੀਗੜ੍ਹ:** ਅਕਾਲੀ ਦਲ ਦੇ ਆਗੂ ਮਨਪ੍ਰੀਤ ਇਆਲੀ ਨੇ ਵਿਧਾਨ ਸਭਾ ਵਿੱਚ ਫਸਲਾਂ ਦੀ ਕਟਾਈ ਲਈ ਪੰਜਾਬ ਤੋਂ ਦੂਜੇ ਰਾਜਾਂ ਵਿਚ ਜਾਣ ਵਾਲੀਆਂ ਕੰਬਾਈਨਾਂ ਦਾ ਮੁੱਦਾ ਉਠਾਇਆ ਅਤੇ ਕਿਹਾ ਕਿ ਕੁਝ ਥਾਵਾਂ 'ਤੇ ਉਨ੍ਹਾਂ ਤੋਂ 200 ਰੁਪਏ ਅਤੇ ਕੁਝ ਥਾਵਾਂ 'ਤੇ 500 ਰੁਪਏ ਵਸੂਲੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਇਸ ਮਾਮਲੇ ਬਾਰੇ ਕੇਂਦਰ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ।

# ਹੁਣ ਦੂਜੇ ਸੂਬਿਆਂ 'ਚ ਭੇਜੇ ਜਾ ਸਕਣਗੇ ਕੈਦੀ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਹੁਣ ਦੂਜੇ ਰਾਜਾਂ ਵਿੱਚ ਭੇਜਿਆ ਜਾ ਸਕੇਗਾ। ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪੇਸ਼ ਕੀਤਾ 'ਦ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ ਬਿਲ 2025) ਅੱਜ ਪੰਜਾਬ ਵਿਧਾਨ ਸਭਾ ਨੇ ਸਰਸਸੰਮਤੀ ਨਾਲ ਪਾਸ ਕਰ ਦਿੱਤਾ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਰਾਜ ਹੈ, ਜੋ ਕਈ ਪੱਖੋਂ ਗੰਭੀਰ ਅੰਦਰੂਨੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਰਾਸ਼ਟਰੀ ਵਿਰੋਧੀ ਗਤੀਵਿਧੀਆਂ ਵਾਲੇ, ਅੰਤਰਰਾਸ਼ਟਰੀ ਏਜੰਸੀਆਂ, ਆਤੰਕਵਾਦੀ, 'ਏ' ਸ਼੍ਰੇਣੀ ਦੇ ਗੈਂਗਸਟਰ, ਸਮੱਗਲਰ ਅਤੇ ਖਤਰਨਾਕ ਅਪਰਾਧੀ ਆਦਿ ਉੱਚ ਜੋਖਮ ਵਾਲੇ ਕੈਦੀ ਬੰਦ ਹਨ, ਜੋ ਅੰਦਰੋਂ ਹੀ ਆਪਣੇ ਅਪਰਾਧਕ ਨੈੱਟਵਰਕ ਚਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕੈਦੀਆਂ ਦੇ ਟਰਾਂਸਫਰ ਐਕਟ, 1950 ਵਿੱਚ ਇਹ ਸੋਧ ਕੀਤੀ ਜਾਣੀ ਜ਼ਰੂਰੀ ਬਣ ਗਈ ਸੀ, ਤਾਂ ਜੋ ਅਧੀਨ ਮੁਕੱਦਮੇ ਵਾਲੇ ਕੈਦੀਆਂ ਨੂੰ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਭੇਜਣ ਦੀ ਵਿਵਸਥਾ ਕੀਤੀ ਜਾ ਸਕੇ। ਜੇਲ ਮੰਤਰੀ ਨੇ ਦੱਸਿਆ ਕਿ ਕੈਦੀਆਂ ਦੇ ਟਰਾਂਸਫਰ ਐਕਟ, 1950 ਵਿੱਚ ਕੋਈ ਵੀ ਐਸੀ ਵਿਵਸਥਾ ਨਹੀਂ ਸੀ, ਜਿਸ ਤਹਿਤ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਅਧੀਨ ਮੁਕੱਦਮੇ ਵਾਲੇ ਕੈਦੀਆਂ ਨੂੰ ਹੋਰ ਰਾਜਾਂ ਵਿੱਚ ਭੇਜਿਆ ਜਾ ਸਕੇ। ਇਨ੍ਹਾਂ ਕਾਰਨਾਂ ਕਰਕੇ ਜੇਲ੍ਹ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਸੋਧ ਜ਼ਰੂਰੀ ਹੋ ਗਈ ਸੀ। ਇਹ ਬਿੱਲ ਮੁਕੱਦਮੇ ਵਾਲੇ ਕੈਦੀਆਂ ਨੂੰ ਰਾਜ ਤੋਂ ਹੋਰ ਰਾਜਾਂ ਵਿੱਚ ਭੇਜਣ ਦੀ ਕਾਨੂੰਨੀ ਮਨਜ਼ੂਰੀ ਦੇਣਾ ਦੇ ਉਦੇਸ਼ ਨਾਲ ਲਿਆਂਦਾ ਗਿਆ ਹੈ।



# ਮੋਦੀ ਨੇ ਆਰ.ਐਸ.ਐਸ.ਨੂੰ ਭਾਰਤੀ ਸੱਭਿਆਚਾਰ ਦਾ ਬੋਹੜ ਕਿਹਾ

## ਪ੍ਰਧਾਨ ਮੰਤਰੀ ਵਜੋਂ ਪਹਿਲੀ ਵਾਰ ਕੀਤਾ ਨਾਗਪੁਰ ਦਾ ਦੌਰਾ



**ਨਾਗਪੁਰ:**ਪ੍ਰਧਾਨ ਮੰਤਰੀ ਬਣਨ ਤੋਂ 11 ਸਾਲਾਂ ਬਾਅਦ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਹੈੱਡਕੁਆਰਟਰ ਦੀ ਆਪਣੀ ਪਹਿਲੀ ਫੇਰੀ ਦੌਰਾਨ ਨਰਿੰਦਰ ਮੋਦੀ ਨੇ ਐਤਵਾਰ ਨੂੰ ਸੰਘ ਨੂੰ ਭਾਰਤ ਦੇ ਅਮਰ ਸੱਭਿਆਚਾਰ ਅਤੇ ਆਧੁਨਿਕੀਕਰਨ ਦਾ 'ਬੋਹੜ ਦਾ ਰੁੱਖ' ਕਰਾਰ ਦਿੰਦਿਆਂ ਕਿਹਾ ਕਿ ਸੰਗਠਨ ਦੇ ਆਦਰਸ਼ ਅਤੇ ਸਿਧਾਂਤ ਰਾਸ਼ਟਰੀ ਚੇਤਨਾ ਦੀ ਰੱਖਿਆ ਕਰਨਾ ਸਨ। ਉਨ੍ਹਾਂ ਕਿਹਾ ਕਿ ਭਾਰਤ ਅੱਜ ਗੁਲਾਮ ਮਾਨਸਿਕਤਾ ਅਤੇ ਗੁਲਾਮੀ ਦੇ ਪ੍ਰਤੀਕਾਂ ਨੂੰ ਤਿਆਗ ਕੇ ਅੱਗੇ ਵਧ ਰਿਹਾ ਹੈ। ਮੋਦੀ ਨਾਗਪੁਰ 'ਚ ਆਰ.ਐਸ.ਐਸ. ਹੈੱਡਕੁਆਰਟਰ ਦਾ ਦੌਰਾ ਕਰਨ ਵਾਲੇ ਦੂਜੇ ਮੌਜੂਦਾ ਪ੍ਰਧਾਨ ਮੰਤਰੀ ਹਨ। ਅਟਲ ਬਿਹਾਰੀ ਵਾਜਪਾਈ ਨੇ ਸਾਲ 2000 'ਚ ਪ੍ਰਧਾਨ ਮੰਤਰੀ ਵਜੋਂ ਆਪਣੇ ਤੀਜੇ ਕਾਰਜਕਾਲ ਦੌਰਾਨ ਹੈੱਡਕੁਆਰਟਰ ਦਾ ਦੌਰਾ ਕੀਤਾ ਸੀ, ਜਦੋਂਕਿ ਇਹ ਮੋਦੀ ਦਾ ਵੀ ਤੀਜਾ ਕਾਰਜਕਾਲ ਹੈ। ਪ੍ਰਧਾਨ ਮੰਤਰੀ ਨੇ ਆਰ. ਐਸ. ਐਸ. ਹੈੱਡਕੁਆਰਟਰ ਵਿਖੇ ਡਾ. ਹੇਡਗੇਵਾਰ ਸਮ੍ਰਿਤੀ ਮੰਦਰ ਦਾ ਦੌਰਾ ਕੀਤਾ ਅਤੇ ਸੰਘ ਦੇ ਸੰਸਥਾਪਕਾਂ ਨੂੰ ਸ਼ਰਧਾਂਜਲੀ ਦਿੱਤੀ। ਉਹ ਦੀਕਸ਼ਾਭੂਮੀ ਵੀ ਗਏ, ਜਿਥੇ ਡਾ. ਬਾਬਾ ਸਾਹਿਬ ਅੰਬੇਡਕਰ ਨੇ 1956 'ਚ ਬੁੱਧ ਧਰਮ ਅਪਣਾਇਆ ਸੀ। ਮੋਦੀ ਨੇ ਰੇਸ਼ਮਬਾਗ ਖੇਤਰ 'ਚ ਡਾ. ਹੇਡਗੇਵਾਰ ਸਮ੍ਰਿਤੀ ਮੰਦਰ ਦਾ ਦੌਰਾ ਕੀਤਾ ਅਤੇ ਆਰ. ਐਸ. ਐਸ. ਦੇ ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਅਤੇ ਦੂਜੇ ਸੰਘ ਚਾਲਕ (ਮੁਖੀ) ਐਮ. ਐਸ. ਗੋਲਵਲਕਰ ਦੀਆਂ ਯਾਦਗਾਰਾਂ 'ਤੇ ਸ਼ਰਧਾਂਜਲੀ ਭੇਟ ਕੀਤੀ। ਮੋਦੀ ਨੇ ਮਾਧਵ ਨੇਤਰਾਲਿਆ ਪ੍ਰੀਮੀਅਮ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ, ਜੋ ਕਿ ਮਾਧਵ ਨੇਤਰਾਲਿਆ ਆਈ ਇੰਸਟੀਚਿਊਟ ਐਂਡ ਰਿਸਰਚ ਸੈਂਟਰ ਦੀ ਇਕ ਨਵੀਂ ਐਕਸਟੈਂਸ਼ਨ ਇਮਾਰਤ ਹੈ, ਜਿਸ ਦਾ ਨਾਂਅ ਸਵਰਗੀ ਆਰ. ਐਸ. ਐਸ. ਮੁਖੀ ਮਾਧਵਰਾਓ ਗੋਲਵਲਕਰ ਦੇ ਨਾਂਅ 'ਤੇ ਰੱਖਿਆ। ਗਿਆ ਹੈ।

ਮਾਧਵ ਨੇਤਰਾਲਿਆ ਪ੍ਰੀਮੀਅਮ ਸੈਂਟਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਬੋਲਦੇ ਹੋਏ ਮੋਦੀ ਨੇ ਕਿਹਾ ਕਿ ਆਰ. ਐਸ. ਐਸ. ਵਲੰਟੀਅਰ ਦੇਸ਼ ਦੇ ਵੱਖ-ਵੱਖ ਖੇਤਰਾਂ ਅਤੇ ਹਿੱਸਿਆਂ 'ਚ ਨਿਰਸਵਾਰਥ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 100 ਸਾਲਾਂ 'ਚ ਆਪਣੇ ਸੰਗਠਨ ਅਤੇ ਸਮਰਪਣ ਨਾਲ ਆਰ.ਐਸ.ਐਸ. ਦੀ ਤਪਸਿਆ ਫਲ ਦੇ ਰਹੀ ਹੈ, ਕਿਉਂਕਿ ਦੇਸ਼ 2047 'ਚ ਵਿਕਸਤ ਭਾਰਤ ਦੇ ਆਪਣੇ ਟੀਚੇ ਦੇ ਨੇੜੇ ਪਹੁੰਚ ਰਿਹਾ ਹੈ।

ਉਨ੍ਹਾਂ ਕਿਹਾ ਕਿ 2025 ਤੋਂ ਲੈ ਕੇ 2047 ਤੱਕ ਦਾ ਸਮਾਂ ਮਹੱਤਵਪੂਰਨ ਹੈ, ਕਿਉਂਕਿ ਸਾਡੇ ਸਾਹਮਣੇ ਵੱਡੇ ਟੀਚੇ ਹਨ, ਸਾਨੂੰ ਅਗਲੇ 1000 ਸਾਲਾਂ ਦੇ ਮਜ਼ਬੂਤ ਅਤੇ ਵਿਕਸਤ ਭਾਰਤ ਦਾ ਨੀਂਹ ਪੱਥਰ ਰੱਖਣਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਇਸ ਸਾਲ ਸੰਵਿਧਾਨ ਦੇ 75 ਸਾਲ ਮਨਾ ਰਿਹਾ। ਹੈ ਅਤੇ ਆਰ. ਐਸ. ਐਸ. (ਆਪਣੇ ਗਠਨ ਦੇ) 100 ਸਾਲ ਪੂਰੇ ਕਰ ਰਿਹਾ ਹੈ।

# ਮਨਿੰਦਰਜੀਤ ਸਿੰਘ ਬੇਦੀ ਬਣੇ ਨਵੇਂ ਐਡਵੋਕੇਟ ਜਨਰਲ




**ਚੰਡੀਗੜ੍ਹ:**ਪੰਜਾਬ ਸਰਕਾਰ ਵਲੋਂ ਅੱਜ ਇਕ ਹੁਕਮ ਜਾਰੀ ਕਰਕੇ ਮਨਿੰਦਰਜੀਤ ਸਿੰਘ ਬੇਦੀ ਨੂੰ ਰਾਜ ਦਾ ਨਵਾਂ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਉਹ ਇਸ ਵੇਲੇ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਕੰਮ ਕਰ ਰਹੇ ਸਨ ਅਤੇ ਆਮ ਆਦਮੀ ਪਾਰਟੀ ਦੇ ਵੀ ਨਿਕਟਵਰਤੀਆਂ 'ਚੋਂ ਸਮਝੇ ਜਾਂਦੇ ਹਨ। ਇਸ ਤੋਂ ਪਹਿਲਾਂ ਰਾਜ ਦੇ ਮੌਜੂਦਾ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਗੈਰੀ ਵਲੋਂ ਆਪਣੇ ਅਹੁਦੇ ਤੋਂ ਮੁੱਖ ਮੰਤਰੀ ਨੂੰ ਅਸਤੀਫ਼ਾ ਦੇ ਦਿੱਤਾ ਸੀ।

ਚਰਚਾ ਇਹ ਵੀ ਹੈ ਕਿ ਰਾਜ ਸਰਕਾਰ ਵਲੋਂ ਉਨ੍ਹਾਂ ਤੋਂ ਅਸਤੀਫ਼ਾ ਮੰਗਿਆ ਗਿਆ ਸੀ, ਕਿਉਂਕਿ ਸੁਪਰੀਮ ਕੋਰਟ ਵਿਚੋਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਰੱਦ ਨਾ ਹੋਣ ਤੋਂ ਅਤੇ ਹਾਈ ਕੋਰਟ 'ਚ ਦੋ ਸਾਬਕਾ ਕਾਂਗਰਸੀ ਮੰਤਰੀਆਂ ਭਾਰਤ ਭੂਸ਼ਨ ਆਸ਼ੂ ਅਤੇ ਸੁੰਦਰ ਸ਼ਾਮ ਅਰੋੜਾ ਦੇ ਵਿਜੀਲੈਂਸ ਦੇ ਕੇਸ ਰੱਦ ਹੋਣ ਕਾਰਨ ਸਰਕਾਰ ਐਡਵੋਕੇਟ ਜਨਰਲ ਦੇ ਦਫ਼ਤਰ ਤੋਂ ਕਾਫ਼ੀ ਨਾ ਖੁਸ਼ ਸੀ।

ਜ਼ਿਕਰਯੋਗ ਹੈ ਕਿ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਨਿਯੁਕਤ 170 ਲਾਅ ਅਫ਼ਸਰਾਂ ਤੋਂ ਵੀ ਕੋਈ ਇਕ ਮਹੀਨਾ ਪਹਿਲਾਂ ਅਸਤੀਫ਼ੇ ਲੈ ਲਏ ਗਏ ਹਨ ਪਰ ਰਾਜ ਸਰਕਾਰ ਵਲੋਂ ਲਾਅ ਅਫ਼ਸਰਾਂ ਦੇ ਕਾਰਜਕਾਲ ਵਿੱਚ ਇੱਕ ਮਹੀਨੇ ਦਾ ਵਾਧਾ, ਜੋ 30 ਅਪ੍ਰੈਲ, 2025 ਤੱਕ ਹੈ, ਕਰਨ ਸੰਬੰਧੀ ਵੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ ਤਾਂ ਜੋ ਕੰਮਕਾਜ ਪ੍ਰਭਾਵਿਤ ਨਾ ਹੋਵੇ ਪਰ ਲਾਅ ਅਫ਼ਸਰ ਦੀ ਨਵੀਂ ਸੂਚੀ 30 ਅਪ੍ਰੈਲ ਨੂੰ ਜਾਰੀ ਹੋਵੇਗੀ।

ਪਰ ਮੌਜੂਦਾ ਕਈ ਲਾਅ ਅਫ਼ਸਰ ਦੀ ਛਾਂਟੀ ਵੀ ਸੰਭਵ ਹੈ। ਰਾਜ ਸਰਕਾਰ ਵਲੋਂ ਐਡੀਸ਼ਨਲ ਐਡਵੋਕੇਟ ਜਨਰਲ ਅਨੂੰ ਚਤਰੱਥ ਨੂੰ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਕਰਨ ਸੰਬੰਧੀ ਵੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਵੀ ਇਕ ਸਾਲ ਲਈ ਹੀ ਹੈ। ਇਸੇ ਦੌਰਾਨ ਮਨਿੰਦਰਜੀਤ ਸਿੰਘ ਬੇਦੀ ਐਡਵੋਕੇਟ ਜਨਰਲ ਨੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਵਰਨਣਯੋਗ ਹੈ ਕਿ ਬੇਦੀ ਮੌਜੂਦਾ 'ਆਪ' ਸਰਕਾਰ ਦੇ 3 ਸਾਲ ਦੇ ਕਾਰਜਕਾਲ ਵਿਚ 5ਵੇਂ ਐਡਵੋਕੇਟ ਜਨਰਲ ਹੋਣਗੇ। ਮੌਜੂਦਾ ਸਰਕਾਰ ਵਲੋਂ ਇਸ ਤੋਂ ਪਹਿਲਾਂ ਅਨਮੋਲ ਰਤਨ ਸਿੰਘ ਸਿੱਧੂ, ਵਿਨੋਦ ਘਈ, ਏ. ਪੀ. ਐਸ. ਦਿਓਲ ਅਤੇ ਫਿਰ ਗੁਰਮਿੰਦਰ ਸਿੰਘ ਗੈਰੀ ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ। ਗਿਆ ਸੀ।

# ਕਾਂਗਰਸ ਦੀਆਂ ਨੀਤੀਆਂ ਕਾਰਨ ਨਕਸਲਵਾਦ ਨੂੰ ਹੱਲਾਸ਼ੇਰੀ ਮਿਲੀ: ਮੋਦੀ



**ਬਿਲਾਸਪੁਰ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਦੀਆਂ ਨੀਤੀਆਂ ਕਾਰਨ ਛੱਤੀਸਗੜ੍ਹ ਅਤੇ ਹੋਰ ਰਾਜਾਂ 'ਚ ਨਕਸਲਵਾਦ ਨੂੰ ਦਹਾਕਿਆਂ ਤੋਂ ਹੱਲਾਸ਼ੇਰੀ ਮਿਲਦੀ ਰਹੀ ਹੈ। ਜ਼ਿਲ੍ਹਾ ਬਿਲਾਸਪੁਰ ਦੇ ਪਿੰਡ ਮੋਹਭੱਠਾ ਪਿੰਡ 'ਚ ਇਕ ਜਨਤਕ ਸਮਾਗਮ ਦੌਰਾਨ ਛੱਤੀਸਗੜ੍ਹ 'ਚ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ 33,700 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਨਕਸਲ ਪ੍ਰਭਾਵਿਤ ਖੇਤਰਾਂ 'ਚ ਸ਼ਾਂਤੀ ਦਾ ਇਕ ਨਵਾਂ ਯੁੱਗ ਸਥਾਪਤ ਹੋ ਰਿਹਾ। ਹੈ। ਮੋਦੀ ਨੇ ਕੇਂਦਰ ਦੀ ਸਵੱਛ ਭਾਰਤ ਮੁਹਿੰਮ ਅਤੇ ਆਯੁਸ਼ਮਾਨ ਭਾਰਤ ਯੋਜਨਾ ਵਰਗੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਹਿਲੀਆਂ ਸਰਕਾਰਾਂ ਦੀ ਉਦਾਸੀਨਤਾ ਅੱਗ 'ਚ ਤੇਲ ਪਾਉਣ ਵਾਂਗ ਸੀ। ਤੁਸੀਂ (ਛੱਤੀਸਗੜ੍ਹ) ਵੀ ਇਸ ਦਾ (ਨਕਸਲੀ ਖ਼ਤਰਾ) ਸਾਹਮਣਾ ਕੀਤਾ ਹੈ। (ਪਿਛਲੀ) ਕਾਂਗਰਸ ਸਰਕਾਰ ਨੇ ਕਦੇ ਛੱਤੀਸਗੜ੍ਹ 'ਚ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ 33,700 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਨਕਸਲ ਪ੍ਰਭਾਵਿਤ ਖੇਤਰਾਂ 'ਚ ਸ਼ਾਂਤੀ ਦਾ ਇਕ ਨਵਾਂ ਯੁੱਗ ਸਥਾਪਤ ਹੋ ਰਿਹਾ। ਹੈ। ਮੋਦੀ ਨੇ ਕੇਂਦਰ ਦੀ ਸਵੱਛ ਭਾਰਤ ਮੁਹਿੰਮ ਅਤੇ ਆਯੁਸ਼ਮਾਨ ਭਾਰਤ ਯੋਜਨਾ ਵਰਗੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ

**ਮੋਦੀ ਨੇ ਕੇਂਦਰ ਦੀ ਸਵੱਛ ਭਾਰਤ ਮੁਹਿੰਮ ਅਤੇ ਆਯੁਸ਼ਮਾਨ ਭਾਰਤ ਯੋਜਨਾ ਵਰਗੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਹਿਲੀਆਂ ਸਰਕਾਰਾਂ ਦੀ ਉਦਾਸੀਨਤਾ ਅੱਗ 'ਚ ਤੇਲ ਪਾਉਣ ਵਾਂਗ ਸੀ।**

ਪਹਿਲੀਆਂ ਸਰਕਾਰਾਂ ਦੀ ਉਦਾਸੀਨਤਾ ਅੱਗ 'ਚ ਤੇਲ ਪਾਉਣ ਵਾਂਗ ਸੀ। ਤੁਸੀਂ (ਛੱਤੀਸਗੜ੍ਹ) ਵੀ ਇਸ ਦਾ (ਨਕਸਲੀ ਖ਼ਤਰਾ) ਸਾਹਮਣਾ ਕੀਤਾ ਹੈ। (ਪਿਛਲੀ) ਕਾਂਗਰਸ ਸਰਕਾਰ ਨੇ ਕਦੇ ਵੀ ਗਰੀਬ ਆਦਿਵਾਸੀਆਂ ਦੀਆਂ ਸਹੂਲਤਾਂ ਦਾ ਧਿਆਨ ਨਹੀਂ ਰੱਖਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਡਬਲ ਇੰਜਣ ਸਰਕਾਰ ਦੇ ਅਧੀਨ ਛੱਤੀਸਗੜ੍ਹ 'ਚ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਵਿਕਾਸ ਅਤੇ ਭਲਾਈ ਯਤਨਾਂ ਕਾਰਨ ਨਕਸਲ ਪ੍ਰਭਾਵਿਤ ਖੇਤਰਾਂ 'ਚ ਸ਼ਾਂਤੀ ਦਾ ਇਕ ਨਵਾਂ ਯੁੱਗ ਦੇਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ ਦੇ ਤਹਿਤ ਤਿੰਨ ਲਾਭਪਾਤਰੀਆਂ ਨੂੰ ਘਰਾਂ ਦੀਆਂ ਚਾਬੀਆਂ (ਪ੍ਰਤੀਕ੍ਰਿਤੀ) ਸੌਂਪਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨਾ ਸਿਰਫ ਲੋਕਾਂ ਲਈ ਘਰ ਬਣਾਉਂਦੀ ਹੈ, ਬਲਕਿ ਵਸਨੀਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣਾ ਵੀ ਯਕੀਨੀ ਬਣਾਉਂਦੀ ਹੈ।

# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਵਿਰੁੱਧ ਰੋਸ




**ਨੰਗਲ:**ਪਿੰਡ ਨੰਗਲ 'ਚ ਸੰਵਿਧਾਨ ਨਿਰਮਾਤਾ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਸਿੱਖਸ ਫਾਰ ਜਸਟਿਸ ਬੇਅਦਬੀ ਕੀਤੇ ਜਾਣ ਦੇ ਮਾਮਲੇ ਦੀ ਚੁਫੇਰਿਓਂ ਨਿੰਦਾ ਕੀਤੀ ਜਾ ਰਹੀ ਹੈ। ਦਲਿਤ ਭਾਈਚਾਰੇ ਨਾਲ ਸਬੰਧਤ ਵੱਖ-ਵੱਖ ਸਿਆਸੀ ਤੇ ਸਮਾਜਿਕ ਸੰਗਠਨਾਂ ਦੇ ਆਗੂਆਂ ਨੇ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕਰਦਿਆਂ ਅੱਤਵਾਦੀ ਗੁਰਪਤਵੰਤ ਸਿੰਘ ਪੰਨੂੰ ਖ਼ਿਲਾਫ਼ ਕੇਸ ਦਰਜ ਕਰ ਕੇ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਘਟਨਾ ਦਾ ਪਤਾ ਲੱਗਣ ਉਪਰੰਤ ਪਿੰਡ ਨੰਗਲ ਪੁੱਜੇ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜਿੰਨੇ ਵੀ ਪੰਜਾਬ 'ਚ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਲੱਗੇ ਹਨ, ਉਨ੍ਹਾਂ ਦੀ ਸੁਰੱਖਿਆ ਸਖ਼ਤ ਕੀਤੀ ਜਾਵੇ। ਇਸ ਦੇ ਨਾਲ ਹੀ ਭਵਿੱਖ 'ਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਨਿਗ੍ਹਾ ਰੱਖੀ ਜਾਵੇ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨ ਨੂੰ ਵੀ ਦੁਹਰਾਇਆ ਅਤੇ ਕਿਹਾ ਕਿ ਸਰਕਾਰਾਂ ਨੂੰ ਆਪਣੀ ਵਿਵਾਦਤ ਟਿੱਪਣੀ 'ਤੇ ਲਗਾਮ ਕੱਸਣੀ ਚਾਹੀਦੀ ਹੈ।

ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਪਸੀ ਭਾਈਚਾਰਾ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਸ਼ਰਾਰਤੀ ਅਨਸਰ ਸਭ ਨੂੰ ਧਰਮ ਦੇ ਨਾਂ 'ਤੇ ਲੜਾਉਣਾ ਚਾਹੁੰਦੇ ਹਨ। ਚੰਨੀ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਸਿੱਖ ਧਰਮ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਸਿੱਖ ਧਰਮ ਨੂੰ ਬਹੁਤ ਪਿਆਰ ਕਰਦੇ ਸਨ। ਇਹ ਸ਼ਰਾਰਤੀ ਅਨਸਰ ਸਾਨੂੰ ਮੁੜ ਕਾਲੇ ਦਿਨਾਂ ਵੱਲ ਲਿਜਾਣਾ ਚਾਹੁੰਦੇ ਹਨ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਸਾਧਦਿਆਂ ਚੰਨੀ ਨੇ ਕਿਹਾ ਕਿ ਪਹਿਲਾਂ ਗ੍ਰਹਿ ਮੰਤਰੀ ਨੇ ਬਾਬਾ ਸਾਹਿਬ ਬਾਰੇ ਗਲਤ ਟਿੱਪਣੀ ਕੀਤੀ, ਫਿਰ ਅੰਮ੍ਰਿਤਸਰ 'ਚ ਨਿੰਦਣਯੋਗ ਘਟਨਾ ਵਾਪਰੀ। ਜਿਸ ਤੋਂ ਬਾਅਦ ਹੁਣ ਫਿਲੌਰ 'ਚ ਬਾਬਾ ਸਾਹਿਬ ਦੇ ਬੁੱਤ 'ਤੇ ਗਲਤ ਸ਼ਬਦਾਵਲੀ ਲਿਖੀ ਗਈ ਹੈ। ਚੰਨੀ ਨੇ ਕਿਹਾ ਕਿ ਕੁਝ ਤਾਕਤਾਂ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ।

## ਖ਼ਾਲਿਸਤਾਨੀ ਪੱਖੀ ਨਾਅਰੇ ਲਿਖਣ ਵਾਲਿਆਂ 'ਤੇ ਹੋਵੇ ਕਾਰਵਾਈ: ਸਾਂਪਲਾ



ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਪਿੰਡ ਨੰਗਲ 'ਚ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਦੇ ਬੁੱਤ 'ਤੇ ਖ਼ਾਲਿਸਤਾਨੀ ਨਾਅਰੇ ਲਿਖਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਕਤ ਘਟਨਾ, ਜਿਸ ਦੀ ਜ਼ਿੰਮੇਵਾਰੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂੰ ਨੇ ਲਈ ਹੈ, ਉਸ ਦੀ ਉਹ ਨਿੰਦਾ ਕਰਦੇ ਹਨ। ਪੁਲਿਸ ਅਜਿਹੇ ਅਨਸਰਾਂ ਨੂੰ ਨੱਥ ਪਾਵੇ। ਉਹ ਪੁਲਿਸ ਨੂੰ ਅਪੀਲ ਕਰਦੇ ਹਨ ਕਿ ਅਜਿਹੇ ਲੋਕਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਅਜਿਹੇ ਲੋਕ ਨਫ਼ਰਤ ਦੇ ਬੀ ਬੀਜ ਰਹੇ ਹਨ। ਅਜਿਹੇ ਲੋਕਾਂ 'ਤੇ ਕਾਨੂੰਨੀ ਕਰਵਾਈ ਕਰਕੇ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਉਹ ਸਾਰੇ ਦਲਿਤ ਭਰਾਵਾਂ ਨੂੰ ਅਪੀਲ ਕਰਦੇ ਹਨ। ਕਿ ਅਜਿਹੇ ਹਨ ਕਿ ਜੋ ਸਮਾਜ ਨੂੰ ਗੰਧਲਾ ਕਰ ਰਹੇ ਹਨ, ਉਨ੍ਹਾਂ ਖ਼ਿਲਾਫ਼ ਇਕਜੁੱਟ ਹੋਣ ਚਾਹੀਦਾ ਹੈ। ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਪੰਜਾਬ ਟਾਈਮਜ਼

*5 ਅਪਰੈਲ, ਸ਼ਨਿਚਰਵਾਰ*

# ਪੰਥਕ ਏਕਤਾ ਸਮੇਂ ਦੀ ਲੋੜ

***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲ 2025-26 ਦਾ ਬਜਟ ਪਾਸ ਕਰਨ ਲਈ ਸੱਦਿਆ ਜਨਰਲ ਇਜਲਾਸ ਬੜੇ ਹੀ ਤਣਾਅਪੂਰਨ ਮਾਹੌਲ ਵਿਚ ਨੇਪਰੇ ਚੜ੍ਹਿਆ। ਆਮ ਵਾਂਗ ਪੇਸ਼ ਬਜਟ ਨੂੰ ਪਾਸ ਤਾਂ ਕਰ ਦਿੱਤਾ ਗਿਆ ਪਰ ਇਸ ਤੋਂ ਪਹਿਲਾਂ ਬਣੇ ਹਾਲਾਤ ਕਾਰਨ ਇਕ ਤਰ੍ਹਾਂ ਨਾਲ ਇਹ ਖਾਨਾਪੂਰਤੀ ਹੀ ਸੀ, ਕਿਉਂਕਿ ਇਸ ਤੋਂ ਕੁਝ ਦਿਨ ਪਹਿਲਾਂ 40 ਦੇ ਕਰੀਬ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਮੇਟੀ ਨੂੰ ਇਕ ਮੈਮੋਰੈਂਡਮ ਦਿੱਤਾ ਸੀ, ਜਿਸ ਵਿਚ ਪਿਛਲੇ ਸਮੇਂ ਵਿਚ ਤਿੰਨ ਤਖ਼ਤਾਂ ਦੇ ਸਿੰਘ ਸਾਹਿਬਾਨ ਨੂੰ ਹਟਾਉਣ ਦਾ ਵਿਰੋਧ ਕਰਦਿਆਂ, ਉਨ੍ਹਾਂ ਦੀ ਮੁੜ ਬਹਾਲੀ ਦੀ ਮੰਗ ਕੀਤੀ ਗਈ ਸੀ। ਇਸ ਵਿਵਾਦ ਕਾਰਨ ਸਿੱਖ ਪੰਥ ਵਿਚ ਕਾਫੀ ਰੋਸ ਪੈਦਾ ਹੋਇਆ ਸੀ। ਇਸ ਘਟਨਾਕ੍ਰਮ ਨੇ ਬਹੁਤ ਸਾਰੇ ਹੋਰ ਮੁੱਦਿਆਂ ਨੂੰ ਵੀ ਜਨਮ ਦਿੱਤਾ ਹੈ, ਜਿਵੇਂ ਕਿ ਉੱਚ ਧਾਰਮਿਕ ਅਹੁਦਿਆਂ 'ਤੇ ਸੁਸ਼ੋਭਿਤ ਕੀਤੀਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਨੂੰ ਨਿਯੁਕਤ ਕਰਨ, ਹਟਾਉਣ ਅਤੇ ਉਨ੍ਹਾਂ ਦੇ ਕਾਰਜ ਖੇਤਰ ਸੰਬੰਧੀ ਕੋਈ ਵਿਧੀ ਵਿਧਾਨ ਬਣਾਉਣਾ ਬੇਹੱਦ ਜ਼ਰੂਰੀ ਹੈ, ਤਾਂ ਜੋ ਉਹ ਆਪਣੇ ਕਾਰਜਾਂ ਨੂੰ ਬਿਨਾਂ ਕਿਸੇ ਦਬਾਅ ਦੇ ਸਿਰੇ ਚੜ੍ਹਾ ਸਕਣ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਧਾਰਮਿਕ ਖੇਤਰ ਵਿਚ ਵਿਚਰਦਿਆਂ ਸਮਾਜਿਕ, ਸੱਭਿਆਚਾਰਕ ਅਤੇ ਸਮਾਜਿਕ ਕਲਿਆਣ ਲਈ ਕੀਤੇ ਜਾਣ ਵਾਲੇ ਕਾਰਜਾਂ ਸੰਬੰਧੀ ਵੀ ਸਪੱਸ਼ਟ ਵਿਵਸਥਾ ਕਰਨ ਦੀ ਜ਼ਰੂਰਤ ਹੈ।***

***ਪਿਛਲੇ ਲੰਮੇ ਅਰਸੇ ਤੋਂ ਅਕਾਲੀ ਦਲਾਂ ਦੇ ਵੱਖ-ਵੱਖ ਧੜੇ ਆਪੋ-ਆਪਣੇ ਵੱਖਰੇਵਿਆਂ ਕਰਕੇ ਪੁਰਾਤਨ ਪਰੰਪਰਾਵਾਂ ਦੀ ਰੌਸ਼ਨੀ ਵਿਚ ਮਸਲਿਆਂ ਦੇ ਹੱਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕਰਦੇ ਰਹੇ ਹਨ।***

***ਅਕਸਰ ਜਥੇਦਾਰ ਸਾਹਿਬਾਨ ਇਨ੍ਹਾਂ ਵਿਵਾਦਾਂ ਨੂੰ ਸੁਲਝਾਉਣ ਲਈ ਆਪਣੇ ਢੰਗ-ਤਰੀਕੇ ਨਾਲ ਦਖ਼ਲ ਵੀ ਦਿੰਦੇ ਰਹੇ ਹਨ, ਜਿਸ ਕਾਰਨ ਉਹ ਸਮੇਂ-ਸਮੇਂ ਅਨੇਕਾਂ ਵਿਵਾਦਾਂ ਵਿਚ ਵੀ ਘਿਰੇ ਨਜ਼ਰ ਆਉਂਦੇ ਰਹੇ ਹਨ।***

***ਵੱਡੀ ਸਮੱਸਿਆ ਇਹ ਹੈ ਕਿ ਅਕਾਲੀ ਦਲ ਦੇ ਧੜੇ ਜਦੋਂ ਇਨ੍ਹਾਂ ਧਾਰਮਿਕ ਸ਼ਖ਼ਸੀਅਤਾਂ ਕੋਲ ਆਪਸੀ ਝਗੜਿਆਂ ਦੇ ਮੁੱਦੇ ਲੈ ਕੇ ਜਾਂਦੇ ਹਨ ਤੇ ਫਿਰ ਇਨ੍ਹਾਂ ਮੁੱਦਿਆਂ ਦੇ ਹੱਲ ਆਪਣੇ ਹਿੱਤਾਂ ਅਨੁਸਾਰ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਰਾਹੀਂ ਜਾਂ ਸਿੱਧੇ ਰੂਪ ਵਿਚ ਉਨ੍ਹਾਂ 'ਤੇ ਆਪਣਾ ਪ੍ਰਭਾਵ ਪਾਉਣ ਦਾ ਯਤਨ ਕਰਦੇ ਹਨ ਤਾਂ ਸਿੰਘ ਸਾਹਿਬਾਨ ਦੇ ਰੋਲ ਸੰਬੰਧੀ ਵੱਡੇ ਵਿਵਾਦ ਖੜ੍ਹੇ ਹੋ ਜਾਂਦੇ ਹਨ। ਅੱਜ-ਕੱਲ੍ਹ ਵੀ ਅਜਿਹਾ ਹੀ ਹੁੰਦਾ ਨਜ਼ਰ ਆ ਰਿਹਾ ਹੈ, ਜਦੋਂ ਕਿ ਸਿੱਖ ਧਰਮ ਦਾ ਉਪਦੇਸ਼ ਚਹੁੰ ਵਰਨਾਂ ਲਈ ਸਾਂਝਾ ਹੈ ਅਤੇ ਇਨ੍ਹਾਂ ਸ਼ਖ਼ਸੀਅਤਾਂ ਨੇ ਸਿੱਖ ਸਿਧਾਂਤਾਂ 'ਤੇ ਚੱਲਦਿਆਂ ਪੂਰੀ ਮਾਨਵਤਾ ਨੂੰ ਸੇਧ ਦੇਣੀ ਹੈ। ਇਸ ਸੰਦਰਭ ਵਿਚ ਹੁਣ ਇਹ ਸੋਚਣਾ ਵੀ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਸਿਆਸੀ ਪਾਰਟੀਆਂ ਦੀਆਂ ਉਲਝਣਾਂ ਵਿਚ ਕਿੰਨਾ ਕੁ ਅਤੇ ਕਿਸ ਹੱਦ ਦਖ਼ਲ ਦੇਣਾ ਚਾਹੀਦਾ ਹੈ? ਕਿਉਂਕਿ ਧਾਰਮਿਕ ਸਥਾਨਾਂ 'ਤੇ ਨਿਯੁਕਤ ਸ਼ਖ਼ਸੀਅਤਾਂ ਦਾ ਕੌਮ ਦੀ ਸੁਚੱਜੀ ਅਗਵਾਈ ਕਰਨ, ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਤੇ ਭਾਈਚਾਰੇ ਵਿਚ ਆਈਆਂ ਕਮੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਦੂਰ ਕਰਨ ਦਾ ਕਾਰਜ ਬੇਹੱਦ ਉੱਚਾ ਤੇ ਅਹਿਮੀਅਤ ਵਾਲਾ ਹੈ।***

***ਸ਼੍ਰੋਮਣੀ ਕਮੇਟੀ ਦੀ ਸ਼ੁਰੂਆਤ ਵੀ ਇਤਿਹਾਸਕ ਸਿੱਖ ਗੁਰਦੁਆਰਿਆਂ ਦੀ ਦੇਖਭਾਲ ਅਤੇ ਸਮੁੱਚੇ ਰੂਪ ਵਿਚ ਭਾਈਚਾਰੇ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਉਚਿਆਉਣ ਦੀ ਮਨਸ਼ਾ ਨਾਲ ਹੋਈ ਸੀ, ਪਰ ਅਕਸਰ ਸਿਆਸੀ ਦਲਾਂ ਵਲੋਂ ਆਪੋ-ਆਪਣੇ ਪੱਖ ਵਿਚ ਇਸ ਨੂੰ ਭੁਗਤਣ ਦੇ ਯਤਨਾਂ ਨੇ ਪਿਛਲੇ ਲੰਮੇ ਸਮੇਂ ਤੋਂ ਇਸ ਦੀ ਆਭਾ ਨੂੰ ਵੀ ਘਟਾਉਣ ਅਤੇ ਵਿਵਾਦਪੂਰਨ ਬਣਾਉਣ ਦਾ ਕੰਮ ਕੀਤਾ ਹੈ। ਇਕ ਪਾਸੇ ਸ਼੍ਰੋਮਣੀ ਕਮੇਟੀ ਦਾ ਇਜਲਾਸ ਚੱਲ ਰਿਹਾ ਹੋਵੇ, ਦੂਸਰੇ ਪਾਸੇ ਵੱਡੀ ਗਿਣਤੀ ਵਿਚ ਕੁਝ ਧਾਰਮਿਕ ਜਥੇਬੰਦੀਆਂ ਵਲੋਂ ਕਮੇਟੀ ਦੇ ਕਾਰਜਾਂ ਦੀ ਆਲੋਚਨਾ ਕੀਤੀ ਜਾ ਰਹੀ ਹੋਵੇ ਅਤੇ ਬਰਖ਼ਾਸਤ ਸਿੰਘ ਸਾਹਿਬਾਨ ਨੂੰ ਉਨ੍ਹਾਂ ਦੇ ਅਹੁਦਿਆਂ 'ਤੇ ਦੁਬਾਰਾ ਸੁਸ਼ੋਭਿਤ ਕਰਨ ਦੀ ਮੰਗ ਉੱਠ ਰਹੀ ਹੋਵੇ, ਅਜਿਹੀ ਸਥਿਤੀ ਭਾਈਚਾਰੇ ਅਤੇ ਸਮਾਜ ਨੂੰ ਕਮਜ਼ੋਰ ਕਰਨ ਵਿਚ ਹੀ ਸਹਾਈ ਹੁੰਦੀ ਹੈ। ਜੇਕਰ ਲਗਾਤਾਰ ਅਜਿਹੇ ਵਿਵਾਦ ਬਣੇ ਰਹਿੰਦੇ ਹਨ ਤੇ ਕਮੇਟੀ ਵਲੋਂ ਕੀਤੇ ਜਾਣ ਵਾਲੇ ਕੰਮਾਂ ਵਿਚ ਉਲਝਣਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਤਾਂ ਇਹ ਮਹਾਨ ਸੰਸਥਾ ਵੀ ਸਿੱਖ ਪੰਥ ਦੀਆਂ ਨਜ਼ਰਾਂ ਵਿਚ ਆਪਣੀ ਸਾਖ ਗੁਆ ਬੈਠੇਗੀ।***

***ਸਿੱਖ ਸਮਾਜ ਆਇਆ ਵੱਡਾ ਨਿਘਾਰ ਦੂਰ ਕਰਨ ਦੀ ਬੇਹੱਦ ਜ਼ਰੂਰਤ ਹੈ। ਅਜਿਹਾ ਤਦੇ ਹੀ ਸੰਭਵ ਹੋ ਸਕੇਗਾ, ਜੇ ਇਕ ਸਾਂਝ ਦੀ ਭਾਵਨਾ ਨਾਲ ਇਕੱਠੇ ਹੋ ਕੇ ਹੰਭਲਾ ਮਾਰਿਆ ਜਾਏ।***

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੱਕਰੀ ਬਨਾਮ ਭੁੱਖ!

*ਗੀਤ ਮਾਣਕ ਦਾ ਬੜਾ ਮਸ਼ਹੂਰ ਹੋਇਆ, ਜੀ.ਟੀ ਰੋਡ 'ਤੇ ਪਈਆਂ ਦੁਹਾਈਆਂ ਸੀ।*
*ਕਹਿੰਦਾ ਟਰੱਕ ਡ੍ਰਾਈਵਰ ਸੀ ਹੇਕ ਲਾ ਕੇ, ਖਾਈਏ ਢਾਬੇ 'ਤੇ ਖ਼ੂਬ 'ਮਲਾਈਆਂ' ਜੀ।*
*ਹੁਣ ਤਾਂ ਨੋਟਾਂ ਵੱਲ੍ਹ ਦੇਖਦੀ 'ਬੱਕਰੀ' ਨਹੀਂ, ਆਪਾਂ ਕਰਦੇ ਹਾਂ ਬਹੁਤ ਕਮਾਈਆਂ ਜੀ।*
*ਵੋਟ ਰਾਜ ਵਿਚ ਨੋਟਾਂ ਦੀ ਲੋੜ ਵਧ ਗਈ, ਲੀਡਰ ਲੋਕਾਂ ਨੇ 'ਪੰਡਾਂ ਛੁਪਾਈਆਂ' ਜੀ।*
*ਆਖੇ ਮੀਡ੍ਹੀਆ ਹਾਕਮ ਦੀ ਗੋਦ ਬਹਿ ਕੇ, ਨਿਆਂ-ਪ੍ਰਣਾਲੀ ਨੂੰ ਲੱਗਦੀ ਚੋਟ ਨਹੀਂਉਂ।*
*ਇਵੇਂ ਜੱਜਾਂ ਦੇ ਘਰੀਂ ਹੁਣ 'ਦੇਖ ਲਉ' ਜੀ, 'ਅੱਗ ਲੱਗਿਆਂ' ਮੁੱਕਦੇ 'ਨੋਟ' ਨਹੀਂਉਂ!*

# ਸੱਤਾਧਾਰੀ ਤਾਕਤਵਰ ਪਰ ਜਵਾਬਦੇਹੀ ਗਾਇਬ





ਸੱਤਾ ਪ੍ਰਾਪਤ ਕਰਕੇ ਨੇਤਾਵਾਂ ਨੂੰ ਹੱਦੋਂ ਵੱਧ ਤਾਕਤਾਂ ਮਿਲ ਜਾਂਦੀਆਂ ਹਨ ਅਤੇ ਸੱਤਾ ਦੇ ਨਸ਼ੇ 'ਚ ਉਹ ਜਵਾਬਦੇਹੀ ਵੀ ਭੁੱਲ ਜਾਂਦੇ ਹਨ। ਕੋਈ ਵੀ ਉਹ ਸਿਧਾਂਤ, ਉਨ੍ਹਾਂ ਲਈ ਨਿਰਾਰਥਕ ਹੋ ਜਾਂਦਾ ਹੈ, ਜਿਸ ਅਧਿਕਾਰ ਸਿਧਾਂਤ ਦੀ ਵਰਤੋਂ ਨਾਲ ਉਹ ਸੱਤਾ ਹਥਿਆਉਂਦੇ ਹਨ। ਲੋਕਤੰਤਰ, ਗਣਤੰਤਰ ਅਤੇ ਸੰਵਿਧਾਨ ਦੀ ਆਤਮਾ ਨੂੰ ਉਹ ਸਮਝਣ ਦਾ ਯਤਨ ਹੀ ਨਹੀਂ ਕਰਦੇ। ਇਹ ਅੱਜ ਦੇ ਭਾਰਤ ਦਾ ਵੱਡਾ ਸੱਚ ਹੈ।

ਸੰਵਿਧਾਨ ਦੇ ਤਿੰਨ ਮੁੱਖ ਥੰਮ੍ਹ ਹਨ- ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਇਨ੍ਹਾਂ ਤਿੰਨਾਂ ਥੰਮ੍ਹਾਂ ਦੇ ਸੁਚਾਰੂ ਰੂਪ ਨਾਲ ਕੰਮ ਕਰਨ ਨਾਲ ਹੀ ਦੇਸ਼ ਦਾ ਰਾਜ ਪ੍ਰਬੰਧ ਸਹੀ ਢੰਗ ਨਾਲ ਚੱਲ ਸਕਦਾ ਹੈ। ਇਸ ਅਧਾਰ ਉੱਤੇ ਇਮਾਨਦਾਰੀ ਨਾਲ ਚੱਲਣ ਵਾਲਾ ਸ਼ਾਸਨ ਹੀ ਲੋਕ ਹਿਤੈਸ਼ੀ ਹੋ ਸਕਦਾ ਹੈ। ਸ਼ਾਸਕ ਅਤੇ ਸ਼ਾਸਿਤ ਦਾ ਆਪਸੀ ਵਿਸ਼ਵਾਸ ਅਸਲ ਅਰਥਾਂ 'ਚ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਦਾ ਹੈ। ਨੇਤਾਵਾਂ ਦਾ ਜਨਤਾ ਨਾਲ ਸੰਪਰਕ, ਸੰਬੰਧ ਅਤੇ ਸੰਵਾਦ ਜੋ ਅਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੇਖਣ ਨੂੰ ਮਿਲਿਆ ਕਰਦਾ ਸੀ, ਉਹ ਅਜ਼ਾਦੀ ਤੋਂ ਬਾਅਦ ਗਾਇਬ ਹੋ ਗਿਆ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਸੱਤਾਧਾਰੀਆਂ ਹੱਥ ਹੱਦੋਂ-ਵੱਧ ਤਾਕਤਾਂ ਆ ਗਈਆਂ ਤੇ ਉਨ੍ਹਾਂ ਦੀ ਜਵਾਬਦੇਹੀ ਘੱਟ ਹੁੰਦੀ-ਹੁੰਦੀ ਅੱਜ ਗ਼ਾਇਬ ਹੀ ਹੋ ਗਈ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਅਜ਼ਾਦੀ ਤੋਂ ਬਾਅਦ ਚੋਣ-ਦੌਰ ਚੱਲਿਆ। ਸਾਫ਼-ਸੁਥਰੀਆਂ ਚੋਣਾਂ ਕਰਾਉਣ ਦੇ ਦਾਅਵੇ ਹੋਏ। ਸੱਤਾਧਾਰੀਆਂ ਹੱਥੋਂ ਜਦੋਂ ਤਾਕਤ ਖੁਸਦੀ ਰਹੀ, ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਰਹੀਆਂ। ਚੋਣਾਂ 'ਚ ਬਾਹੂਬਲ, ਪੈਸੇ ਦਾ ਬੋਲਬਾਲਾ ਵਧਿਆ। ਸੰਵਿਧਾਨ ਦੀ ਮੂਲ ਭਾਵਨਾ ਹਰ ਇੱਕ ਨੂੰ ਬੋਲਣ ਦੀ ਅਜ਼ਾਦੀ ਦੇ ਖ਼ਾਤਮੇ ਦਾ ਦੌਰ ਚੱਲਿਆ। ਦੇਸ਼ 'ਚ ਐਮਰਜੈਂਸੀ ਲਾਉਣ ਜਿਹੇ ਕਾਲੇ ਦਿਨ ਦੇਸ਼ ਨੂੰ ਵੇਖਣੇ ਪਏ। ਕਾਨੂੰਨ-ਘਾੜੀਆਂ ਸੰਸਥਾਵਾਂ ਵਿਧਾਨ-ਸਭਾਵਾਂ ਤੇ ਲੋਕ-ਸਭਾ ਵਿਚ ਧਨ-ਕੁਬੇਰਾਂ ਅਤੇ ਅਪਰਾਧਿਕ ਲੋਕਾਂ ਦੀ ਭਰਮਾਰ ਹੋਈ। ਕਾਰਪੋਰੇਟਾਂ ਨੇ ਹੌਲੀ-ਹੌਲੀ ਸੱਤਾਧਾਰੀਆਂ 'ਤੇ ਗਲਬਾ ਪਾ ਲਿਆ ਅਤੇ ਦੇਸ਼ ਦੇ 'ਕੁਦਰਤੀ ਸਾਧਨ ਲੁੱਟਣ ਦਾ ਦੌਰ' ਇਸੇ ਦਾ ਸਿੱਟਾ ਹੈ। ਦੇਸ਼ 'ਚ ਮੱਧ ਵਰਗੀ ਲੋਕਾਂ ਦੀ ਹਾਹਾਕਾਰ, ਕਿਸਾਨਾਂ, ਮਜ਼ਦੂਰਾਂ ਦਾ ਸ਼ੋਸ਼ਣ ਇਸੇ ਦਾ ਨਤੀਜਾ ਹੈ। ਇਸੇ ਲਈ ਕਿਸਾਨ ਮਜ਼ਦੂਰ ਅੱਜ ਸੜਕਾਂ 'ਤੇ ਹਨ। ਸੱਤਾ ਧਿਰ ਅੱਜ ਵਿਰੋਧੀ ਧਿਰ ਦੀ ਨਹੀਂ ਸੁਣਦੀ। ਆਪਣੇ ਤੋਂ ਉਲਟ ਵਿਚਾਰਾਂ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ 'ਚ ਸੁੱਟਿਆ ਜਾ ਰਿਹਾ ਹੈ।

ਕਦੇ ਸਮਾਂ ਸੀ ਕਿ ਦੇਸ਼ ਵਿਚ ਸੱਤਾ ਧਿਰ ਅਤੇ ਵਿਰੋਧੀ ਧਿਰ ਜਾਣਦੇ ਅਤੇ ਮੰਨਦੇ ਸਨ ਕਿ ਉਨ੍ਹਾਂ ਦਾ ਮੁੱਖ ਕੰਮ ਅਤੇ ਜਵਾਬਦੇਹੀ ਰਾਸ਼ਟਰ ਹਿਤ ਹੈ। ਜਿਸ ਲਈ ਮਿਲ ਕੇ ਕੰਮ ਕਰਨਾ ਹੈ। ਸੰਸਦ 'ਚ ਤਸੱਲੀ, ਦਲੀਲਬਾਜ਼ੀ ਦਾ ਬੋਲਬਾਲਾ ਸੀ। ਵਿਚਾਰ ਪ੍ਰਧਾਨ ਸੀ। ਅੱਜ ਵਿਚਾਰ ਗੁੰਮ ਹੈ। ਰੌਲਾ-ਰੱਪਾ ਹੈ। ਇਥੋਂ ਤੱਕ ਕਿ ਗਾਲੀ ਗਲੋਚ ਅਤੇ ਡਾਂਗ-ਸੋਟਾ ਹੈ। ਸੰਵਿਧਾਨ ਉੱਤੇ ਸੱਤਾਧਾਰੀ ਧਿਰ ਦੇ ਹਮਲੇ ਪਰੇਸ਼ਾਨ ਕਰਨ ਵਾਲੇ ਹਨ। ਉਹ ਵਿਚਾਰ ਗਾਇਬ ਹੋ ਰਹੇ ਹਨ, ਜੋ ਦੇਸ਼ ਦੇ ਸੰਘੀ ਢਾਂਚੇ ਦੀ ਸੁਰੱਖਿਆ ਲਈ ਕਦੇ ਅਹਿਮ ਸਨ।

ਭਾਰਤੀ ਸੱਭਿਆਚਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਇਥੋਂ ਦੇ ਲੋਕਾਂ ਨੇ ਲੋਕਤੰਤਰ ਦੀ ਮੂਲ ਭਾਵਨਾ ਮਿਲ-ਬਹਿ ਕੇ ਹੱਲ ਕੱਢਣਾ, ਹਜ਼ਾਰਾਂ ਸਾਲ ਪਹਿਲਾਂ ਸਿੱਖ ਲਿਆ ਸੀ। ਉਸੇ ਨੂੰ ਯਾਦ ਕਰਕੇ ਅਸੀਂ ਕਹਿੰਦੇ ਹਾਂ ਕਿ ਲੋਕਤੰਤਰ ਦਾ ਜਨਮਦਾਤਾ ਭਾਰਤ ਹੈ। ਪਰੰਤੂ ਅੱਜ ਆਪਸੀ ਸੰਵਾਦ ਲਗਭਗ ਬੰਦ ਹੈ। ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਹੈ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਿਲ ਬੈਠਣ ਲਈ ਕੋਈ ਸਾਰਥਕ ਯਤਨ ਹੀ ਨਹੀਂ ਹੋ ਰਹੇ। ਇਸੇ ਕਰਕੇ ਸੰਵੇਦਨਹੀਣਤਾ ਵਧ ਰਹੀ ਹੈ। ਫਿਰਕਿਆਂ 'ਚ ਪਾੜਾ ਪੈ ਰਿਹਾ ਹੈ। ਨਿੱਤ ਫਿਰਕੂ ਦੰਗੇ ਹੋ ਰਹੇ ਹਨ।

ਨੇਤਾਵਾਂ ਦੀ ਮਨਮਾਨੀ ਅਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਦਾ ਵਧਣਾ ਪ੍ਰਤੱਖ ਦਿਸਣ ਲੱਗਾ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਧਾਰਮਿਕ ਸੰਕੀਰਣਤਾ ਦਾ ਵਧਣਾ ਇਸਦਾ ਪ੍ਰਤੱਖ ਸਬੂਤ ਹੈ। ਦੇਸ਼ 'ਚ ਸੈਂਕੜੇ ਸਕੀਮਾਂ ਇਹੋ-ਜਿਹੀਆਂ ਚਲਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੇ ਟੈਕਸ ਦੀ ਵੱਡੀ ਦੁਰਵਰਤੋਂ ਹੈ। ਦੇਸ਼ ਦੇ ਚੁਣੇ ਸੰਸਦ ਮੈਂਬਰਾਂ ਨੂੰ ਮਿਲਦੇ 5 ਕਰੋੜ ਰੁਪਏ ਸਲਾਨਾ ਅਤੇ ਉਨ੍ਹਾਂ ਨੂੰ ਖਰਚਣ ਸੰਬੰਧੀ ਸਾਂਸਦਾਂ ਦੇ ਇੱਕ ਗਰੁੱਪ 'ਚ ਕਮਿਸ਼ਨ ਤੈਅ ਕਰਨ ਦੀਆਂ ਖ਼ਬਰਾਂ ਨੇ, 'ਦੇਸੀ ਸ਼ਾਸਕਾਂ' ਦੇ 'ਕਾਲੇ ਚਿਹਰੇ' ਨੰਗੇ ਕੀਤੇ ਹਨ।

2014 'ਚ ਬਣੀ ਮੋਦੀ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਸਕੀਮ ਦੇਸ਼ 'ਚ ਗੱਜ-ਵੱਜ ਕੇ ਸ਼ੁਰੂ ਕੀਤੀ ਗਈ। ਇਸ ਸਕੀਮ ਨੂੰ ਹੁਣ ਖ਼ਤਮ ਕਰ ਦਿੱਤਾ ਗਿਆ। ਨਾ ਕੋਈ ਸ਼ਹਿਰ ਸਮਾਰਟ ਬਣ ਸਕਿਆ, ਨਾ ਕੋਈ ਸਿਟੀ ਮਿਸ਼ਨ 'ਚ ਕੰਮ ਪੂਰਾ ਹੋ ਸਕਿਆ। ਹਾਂ, ਸਿਰਫ਼ 16 ਸ਼ਹਿਰਾਂ 'ਚ ਕੰਮ ਪੂਰਾ ਹੋਇਆ। ਪਰ 14000 ਕਰੋੜ ਰੁਪਏ ਦੇ ਕੰਮ ਅਧੂਰੇ ਪਏ ਰਹੇ। ਸ਼ਹਿਰ ਪਹਿਲਾਂ ਨਾਲੋਂ ਵੀ ਗੰਦੇ ਹੋਏ। ਪ੍ਰਦੂਸ਼ਣ ਵਧਿਆ। ਗੰਦਗੀ ਵਧੀ ਹੈ।

ਨੇਤਾਵਾਂ ਦੀ ਨਿੱਜੀ ਸੁਰੱਖਿਆ ਦੇ ਨਾਂ 'ਤੇ ਕਰੋੜਾਂ ਖ਼ਰਚੇ ਜਾ ਰਹੇ ਹਨ। ਬੁਲਟ ਪਰੂਫ਼ ਜੈਕਟਾਂ, ਕਾਰਾਂ, ਹਵਾਈ ਖ਼ਜ਼ਾਨੇ, ਨੇਤਾ ਦੀ ਕਿਸ ਤੋਂ ਸੁਰੱਖਿਆ ਲਈ ਹਨ? ਨੇਤਾ ਤਾਂ ਲੋਕਾਂ ਦਾ ਨੁਮਾਇੰਦਾ ਹੈ। ਜੇਕਰ ਉਸ ਨੂੰ ਲੋਕਾਂ ਤੋਂ ਹੀ ਖ਼ਤਰਾ ਭਾਸਦਾ ਹੈ ਤਾਂ ਆਖਰ ਉਹ ਨੇਤਾ ਕਿਸ ਦਾ ਹੈ? ਮੌਜੂਦਾ ਭਾਰਤੀ ਪ੍ਰਧਾਨ ਮੰਤਰੀ ਦੀ ਸ਼ਾਨੋ-ਸ਼ੌਕਤ, ਡਰੈਸ ਖ਼ਰਚੇ, ਸ਼ਾਹੀ ਠਾਠ-ਬਾਠ, ਉਸਦੇ ਸ਼ਖ਼ਸ਼ੀ ਉਭਾਰ ਲਈ ਖ਼ਰਚੇ ਜਾ ਰਹੇ ਕਰੋੜਾਂ ਰੁਪਏ, ਆਖਰ ਲੋਕਾਂ ਦੇ ਗਾੜ੍ਹੇ ਖ਼ੂਨ ਪਸੀਨੇ ਦੀ ਕਮਾਈ 'ਚੋਂ ਉਡਾਏ ਜਾ ਰਹੇ ਹਨ। ਜਵਾਬਦੇਹੀ ਕਿੱਥੇ ਹੈ? ਰਾਜਧਾਨੀ ਦਿੱਲੀ 'ਚ ਪੁਰਾਣੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਵੱਡੇ ਚਰਚੇ ਰਹੇ। ਰਾਜਭਾਗ ਦੀਆਂ ਪ੍ਰਾਪਤੀਆਂ ਨੂੰ ਪ੍ਰੈਸ, ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਲਈ ਅਰਬਾਂ ਰੁਪਏ, ਡਾਲਰ ਖਰਚੇ ਜਾਂਦੇ ਹਨ। ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਲਗਾਇਆ ਜਾਂਦਾ ਹੈ। ਇਹ ਆਖਰ ਸੱਤਾ ਦੇ ਗਲਿਆਰਿਆਂ 'ਚ ਬੈਠੇ ਚੁੰਧਾਂ ਵਾਲੇ ਨੇਤਾਵਾਂ ਦੀ ਨਾਦਰਸ਼ਾਹੀ ਸੋਚ ਕਾਰਨ ਹੀ ਨਹੀਂ ਵਾਪਰ ਰਿਹਾ? ਲੋਕ ਬੇਰੁਜ਼ਗਾਰੀ ਤੋਂ ਦੁਖੀ ਹਨ। ਮਹਿੰਗਾਈ ਤੋਂ ਪਰੇਸ਼ਾਨ ਹਨ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਬਿਤਾ ਰਹੇ ਹਨ। ਭ੍ਰਿਸ਼ਟਾਚਾਰ ਨਾਲ ਦੇਸ਼ ਪਰੁੰਨਿਆ ਪਿਆ ਹੈ। ਆਖਰ ਇਹ ਜਵਾਬਦੇਹੀ ਕਿਸ ਦੀ ਹੈ? ਜੇਕਰ ਨੇਤਾ, ਸਿਆਸੀ ਪਾਰਟੀਆਂ ਲੋਕਾਂ ਨੂੰ ਸੁੱਖ ਆਰਾਮ ਨਹੀਂ ਦੇ ਸਕਦੀਆਂ, ਸਹੂਲਤਾਂ ਨਹੀਂ ਦੇ ਸਕਦੀਆਂ, ਰੁਜ਼ਗਾਰ ਨਹੀਂ ਦੇ ਸਕਦੀਆਂ, ਚੰਗੀ ਪੜ੍ਹਾਈ ਅਤੇ ਚੰਗਾ ਵਾਤਾਵਰਣ ਪ੍ਰਦਾਨ ਕਰਨ 'ਚ ਅਸਮਰੱਥ ਹਨ ਤਾਂ ਕੀ ਉਹ ਨੇਤਾ ਹੋਣ ਤੇ ਅਖਵਾਉਣ ਦਾ ਹੱਕ ਨਹੀਂ ਗਵਾ ਲੈਂਦੇ?

ਦੇਸ਼ 'ਚ ਚੋਣ ਪ੍ਰਬੰਧ ਵਿਗੜਿਆ। ਦੇਸ਼ ਦੀਆਂ ਖ਼ੁਦ ਮੁਖ਼ਤਿਆਰ ਏਜੰਸੀਆਂ ਇੱਕ ਪਾਸੜ ਫੈਸਲੇ ਲੈਣ ਲੱਗੀਆਂ। ਨਿਆਂ ਪ੍ਰਬੰਧ ਉੱਤੇ ਸਵਾਲ ਖੜੇ ਹੋਣ ਲੱਗੇ। ਕਾਰਜਪਾਲਿਕਾ ਆਪਣੇ ਫ਼ਰਜ਼ ਨਿਭਾਉਣ 'ਤੋਂ ਕੁਤਾਹੀ ਕਰਨ ਲੱਗੀ। ਦੇਸ਼ ਦੀ ਵਾਗਡੋਰ ਚੁਣੇ ਹੋਏ ਨੇਤਾਵਾਂ ਹੱਥ ਨਹੀਂ, ਮਾਫ਼ੀਏ ਹੱਥ ਫੜਾ ਦਿੱਤੀ ਗਈ ਤਾਂ ਦੇਸ਼ ਦੇ ਨੇਤਾ ਮਦਹੋਸ਼ ਪੰਜ ਵਰ੍ਹੇ ਐਸ਼ ਕਰਕੇ ਸਿਰਫ਼ ਚੋਣ ਜਿੱਤਣ ਲਈ ਹਰ ਹੀਲਾ ਵਰਤਣ ਲੱਗੇ। ਲੋਕਾਂ ਨੂੰ ਮੁੱਠੀ ਭਰ ਅਨਾਜ ਬਖ਼ਸ਼ ਕੇ, ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾ ਕੇ, ਵੋਟਾਂ ਕਾਬੂ ਕਰਨੀਆਂ, ਕਿਹੜੀ ਰਾਜਨੀਤੀ ਹੈ? ਇਸ ਦੇਸ਼ ਨੂੰ ਫ਼ਿਰੰਗੀਆਂ ਤੋਂ, ਵਿਦੇਸ਼ੀਆਂ ਤੋਂ ਮੁਕਤੀ ਦਿਵਾਉਣ ਲਈ ਅਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਪੂਰੀ ਸਦੀ ਸੰਘਰਸ਼ ਕਰਨਾ ਪਿਆ। ਇਸ ਨੂੰ ਨਫ਼ਰਤੀ ਰਾਜਨੀਤੀ ਨਾਲ ਕੁਝ ਦਹਾਕਿਆਂ ਵਿਚ ਹੀ ਤਹਿਸ-ਨਹਿਸ ਕਰਨ ਦੀਆਂ ਤਰਕੀਬਾਂ ਘੜੀਆਂ ਜਾ ਚੁੱਕੀਆਂ ਹਨ। ਧਰਮ, ਭਾਸ਼ਾ ਤੇ ਜਾਤ ਦੇ ਨਾਵਾਂ 'ਤੇ ਵੰਡੀਆਂ, ਦੇਸ਼ ਨੂੰ ਆਖਰ ਕਿੱਧਰ ਲੈ ਕੇ ਜਾਣਗੀਆਂ? ਕਿਸ ਦੀ ਹੈ ਜਵਾਬਦੇਹੀ? ਸਮਾਜ ਬਿਖਰ ਰਿਹਾ ਹੈ। ਇਸ ਦਾ ਤਾਣਾ-ਬਾਣਾ ਵਿਗੜਿਆ ਜਾ ਰਿਹਾ ਹੈ।

ਦੇਸ਼ 'ਚ ਆਖਰੀ ਕਤਾਰ 'ਚ ਖੜਾ ਵਿਅਕਤੀ ਕਈ ਵਰ੍ਹਿਆਂ ਤੋਂ ਇਹ ਸਭ ਕੁਝ ਦੇਖ ਰਿਹਾ ਹੈ। ਪਰ ਉਸ ਨੂੰ ਇਸ ਸਥਿਤੀ ਨੂੰ ਸਮਝਣ ਲਈ ਸਮਾਂ ਲੱਗ ਰਿਹਾ ਹੈ। ਉਸ ਦੀ ਬੇਚੈਨੀ ਵੱਧ ਰਹੀ ਹੈ। ਉਸ ਨੇ ਸੱਤਾ ਬਦਲਣੀ ਤਾਂ ਸਿੱਖ ਲਈ ਹੈ ਪਰ ਅੱਜ ਸਧਾਰਨ ਨਾਗਰਿਕ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਮੰਤਰੀ, ਜੱਜ, ਨੌਕਰਸ਼ਾਹ ਤੇ ਅਨੇਕਾਂ ਛੋਟੇ ਅਧਿਕਾਰੀਆਂ ਦੇ ਘਰ ਤਾਂ ਧਨ ਨਾਲ ਭਰੇ ਦਿਸਦੇ ਹਨ। ਅਨੇਕਾਂ ਖ਼ਬਰਾਂ ਕਰੋੜਾਂ ਦੀ ਰਿਸ਼ਵਤ ਲੈਣ ਦੀਆਂ ਲੋਕਤੰਤਰ ਦੇ ਚੌਥੇ ਥੰਮ੍ਹ ਉਸ ਪ੍ਰੈਸ ਵਿਚ ਛਪਦੀਆਂ ਹਨ, ਜਿਸ ਦਾ ਵੱਡਾ ਹਿੱਸਾ 'ਗੋਦੀ ਮੀਡੀਆ' ਦਾ ਰੂਪ ਧਾਰਨ ਕਰ ਚੁੱਕਿਆ ਹੈ। ਆਖਰ ਦੇਸ਼ ਕਿੱਧਰ ਨੂੰ ਤੁਰਿਆ ਜਾ ਰਿਹਾ ਹੈ?

ਸੁਧਾਰ ਦੇ ਅਨੇਕਾਂ ਯਤਨ ਅਰੰਭੇ ਜਾਂਦੇ ਹਨ, ਪਰ ਬਹੁਤੀ ਵੇਰ ਇਹ ਯਤਨ ਦਿਖਾਵਾ ਮਾਤਰ ਹੀ ਰਹਿ ਜਾਂਦੇ ਹਨ। ਲੋਕਾਂ ਨੂੰ ਨੇਤਾਵਾਂ ਨੇ ਸਮੇਂ-ਸਮੇਂ 'ਸਵਰਾਜ' ਦਾ ਸੁਪਨਾ ਦਿਖਾਇਆ। 'ਗਰੀਬੀ ਹਟਾਓ' ਦੇ ਨਾਅਰੇ ਲੱਗੇ। 'ਜੈ ਜਵਾਨ, ਜੈ ਕਿਸਾਨ' ਗੂੰਜਿਆ। 'ਸਭ ਦਾ ਵਿਕਾਸ, ਸਭ ਦਾ ਸਾਥ' ਹਵਾ 'ਚ ਲਹਿਰਾਇਆ ਗਿਆ। ਪਰ ਲੋਕਾਂ ਦੀਆਂ ਬਰੂਹਾਂ 'ਤੇ ਸਿਰਫ਼ ਫੋਕੇ ਵਾਇਦੇ ਹੀ ਪੁੱਜ ਸਕੇ। ਕੀ ਭਾਰਤੀ ਲੋਕਤੰਤਰ ਦੇ ਨੇੜੇ ਜਾ ਰਹੇ ਹਨ ਜਾਂ ਇਸ ਤੋਂ ਦੂਰ ਭੇਜੇ ਜਾ ਰਹੇ ਹਨ? ਨਾਅਰੇ, ਵਾਅਦੇ ਤੇ ਸਿਰਫ਼ ਵਾਅਦੇ ਆਖਰ ਦੋ ਡੰਗ ਦੀ ਲੋਕਾਂ ਦੀ ਰੋਟੀ ਦਾ ਸਾਧਨ ਤਾਂ ਨਹੀਂ ਨਾ ਬਣ ਸਕਦੇ। ਲੋਕ ਲੱਭਦੇ ਹਨ- 'ਰਾਮ ਰਾਜ'। ਲੋਕ ਭਾਲ 'ਚ ਹਨ -ਆਪਣੇ ਹੱਕਾਂ ਦੇ। ਪਰ ਇਹ ਸਾਰੇ ਤਾਂ ਨੇਤਾਵਾਂ ਨੇ ਆਪਣੇ ਹੱਥ-ਵੱਸ ਕਰ ਲਏ ਹਨ। ਉਨ੍ਹਾਂ ਪੱਲੇ ਤਾਂ ਲਾਚਾਰੀ ਹੈ। ਅਵਿਸ਼ਵਾਸ ਹੈ। ਬੇਵਸੀ ਹੈ।

ਦੇਸ਼ ਦਾ ਨੇਤਾ ਅਮੀਰ ਹੈ, ਜਨਤਾ ਗ਼ਰੀਬ ਹੈ। ਮੁੱਠੀ ਭਰ ਦੇਸ਼ ਦੇ ਨੇਤਾਵਾਂ ਨੇ 'ਜਨਤਾ' ਹਥਿਆ ਲਈ ਹੈ। ਅੱਜ ਦੇਸ਼ ਦੇ ਬਹੁਤੇ ਸਿਆਸੀ ਦਲ ਗੁਣ-ਦੋਸ਼, ਅਸੂਲ ਛੱਡ ਕੇ ਕੁਰਸੀ 'ਤੇ ਕਬਜ਼ੇ ਨੂੰ ਪਹਿਲ ਦੇਣ ਲੱਗੇ ਹਨ। ਉਨ੍ਹਾਂ ਲਈ ਲੋਕਤੰਤਰ ਦਾ ਅਰਥ 'ਅਗਲੀ ਚੋਣ ਜਿੱਤਣਾ' ਹੈ। ਇਹ ਚੋਣ ਭਾਵੇਂ ਸਥਾਨਕ ਸਰਕਾਰ ਦੀ ਹੋਵੇ, ਸੂਬੇ ਦੀ ਹੋਵੇ, ਦੇਸ਼ ਦੀ ਵੱਡੀ ਕਾਨੂੰਨੀ ਘਾੜ੍ਹਨੀ ਸਭਾ ਸੰਸਦ ਦੀ ਹੋਵੇ ਜਾਂ ਫਿਰ ਟਰੱਕ ਯੂਨੀਅਨ ਦੇ ਨੇਤਾ ਦੀ। ਹਰ ਥਾਂ ਜੋੜ-ਤੋੜ, ਧਨ ਦੀ ਵਰਖਾ, ਨੇਤਾ ਲੋਕਾਂ ਦੀ ਅਦਲਾ-ਬਦਲੀ, ਆਇਆ ਰਾਮ ਗਿਆ ਰਾਮ ਦੀ ਸਿਆਸਤ ਭਾਰੂ ਹੈ। ਪੀੜ੍ਹੀਆਂ ਬਦਲ ਗਈਆਂ। ਸੱਤਾ ਵਿਚ ਜਾ ਕੇ ਲੋਕਾਂ ਨੇ ਦੇਖਿਆ ਕਿ ਸਿਆਸਤਦਾਨਾਂ ਦੀ ਤਾਕਤ ਅਸੀਮਤ ਹੋ ਗਈ ਹੈ। ਉਹ ਇਸ ਚਕਾਚੌਂਧ ਵਿਚ ਨਾ ਕੇਵਲ ਆਦਰਸ਼ ਭੁੱਲ ਗਏ ਹਨ, ਸਗੋਂ ਸਿਧਾਂਤ ਵੀ ਉਨ੍ਹਾਂ ਲਈ ਅਵਿਵਹਾਰਕ ਹੋ ਗਏ ਹਨ। ਉਨ੍ਹਾਂ ਦੀ ਮਾਨਸਿਕ ਅਵਸਥਾ ਤਾਂ ਇੱਥੇ ਤੱਕ ਪੁੱਜ ਗਈ ਹੈ ਕਿ ਉਹ ਲੋਕਾਂ ਨੂੰ ਭੁੱਲ ਗਏ ਹਨ।

ਸੈਕੂਲਰ ਸ਼ਬਦ ਦਾ ਗੁੰਮ ਹੋ ਜਾਣਾ, ਰਾਸ਼ਟਰਵਾਦ ਦਾ ਬੋਲਬਾਲਾ ਅੱਜ ਦੇ ਸੱਤਾਧਾਰੀ ਨੇਤਾਵਾਂ ਦਾ ਆਦਰਸ਼ ਹੈ। ਭਾਰਤ ਦਾ ਮੋਦੀ, ਰੂਸ ਦਾ ਪੁਤਿਨ ਅਤੇ ਕਈ ਦੇਸ਼ਾਂ ਦੇ ਹੋਰ ਵੱਡੇ ਨੇਤਾ ਧਰਮ ਨਿਰਪੱਖਤਾ, ਲੋਕਤੰਤਰ ਨੂੰ ਹੀ ਨਹੀਂ ਭੁੱਲ ਰਹੇ, ਸਹੀ ਗਲਤ ਦੀ ਪਰਿਭਾਸ਼ਾ ਨੂੰ ਵੀ ਨੁੱਕਰੇ ਲਾ ਬੈਠੇ ਹਨ। ਇਹ ਸਭ ਤਾਕਤ ਦਾ ਨਸ਼ਾ ਹੈ। ਇਹ ਸੱਤਾ ਦੀ ਮਗਰੂਰੀ ਹੈ। ਲੋਕਾਂ ਨੂੰ ਕੀੜੇ-ਮਕੌੜੇ ਸਮਝਣਾ ਅਤੇ ਇੱਕ ਵੋਟਰ ਸਮਝ ਕੇ ਉਨ੍ਹਾਂ ਨਾਲ ਵਿਵਹਾਰ ਕਰਨਾ, ਅੱਜ ਦੇ ਸਮੇਂ ਦਾ ਵੱਡਾ ਦੁਖਾਂਤ ਹੈ। ਦੇਸ਼ ਦੇ ਨੇਤਾਵਾਂ ਦਾ ਇਹ ਵਿਵਹਾਰ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ। ਇਹ ਲੋਕਾਂ ਪ੍ਰਤੀ ਸੰਵੇਦਨਹੀਣਤਾ ਹੈ। ਲੋਕ ਬਹੁਤਾ ਚਿਰ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰਨਗੇ।

ਫ਼ਿਰਕੂ ਟੀਕੇ, ਮੁਫ਼ਤ ਦਾ ਰਾਸ਼ਨ, ਲੋਕਾਂ ਦੀਆਂ ਰਗਾਂ 'ਚ ਜ਼ਹਿਰ ਤੇ ਸੁਸਤੀ ਤਾਂ ਭਰ ਰਿਹਾ ਹੈ। ਪਰ ਸੁਚੇਤ ਸੋਚ ਉਸਨੂੰ ਥਾਂ ਸਿਰ ਕਰਨ ਲਈ ਅੱਗੇ ਵਧ ਰਹੀ ਹੈ, ਜਿਹੜੀ ਸੱਤਾ ਦੇ ਭੁੱਖੇ, ਲੂੰਬੜ-ਚਾਲਾਂ ਚੱਲਣ ਵਾਲੇ ਨੇਤਾਵਾਂ ਦਾ ਅਸਲ ਚਿਹਰਾ ਦੁਨੀਆਂ ਸਾਹਮਣੇ ਲਿਆਏਗੀ। ਸੱਤਾ ਦਾ ਸੁੱਖ ਮਾਣ ਰਹੇ ਤਾਕਤਵਰ ਨੇਤਾਵਾਂ ਨੂੰ ਆਖਰ ਲੋਕ ਕਚਹਿਰੀ 'ਚ ਆਪਣੇ ਗਲਤ ਕੰਮਾਂ ਲਈ ਜਵਾਬਦੇਹ ਹੋਣਾ ਪਵੇਗਾ।

# ਨਾ-ਬਰਾਬਰੀ ਦੇ ਯੁੱਗ ਵਿਚ ਖੇਤੀਬਾੜੀ

**ਖੇਤੀਬਾੜੀ ਅਤੇ ਪੇਂਡੂ ਮਾਮਲਿਆਂ ਬਾਰੇ ਮਹੱਤਵਪੂਰਨ ਰਿਪੋਰਟਿੰਗ ਕਰਨ ਵਾਲੇ ਉੱਘੇ ਪੱਤਰਕਾਰ ਪੀ.ਸਾਈਨਾਥ ਦਾ ਇਹ ਲੇਖ ਭਾਰਤੀ ਖੇਤੀਬਾੜੀ ਨੂੰ ਕਾਰਪੋਰੇਟ ਸਰਮਾਏਦਾਰੀ ਵੱਲੋਂ ਅਗਵਾ ਕਰ ਲਏ ਜਾਣ ਦੇ ਵਰਤਾਰੇ ਦੀ ਬਹੁਤ ਗਹਿਰਾਈ ਵਿਚ ਚੀਰ-ਫਾੜ ਕਰਕੇ ਖੇਤੀਬਾੜੀ ਸੰਕਟ ਦੇ ਅਸਲ ਕਾਰਨਾਂ ਨੂੰ ਪੇਸ਼ ਕਰਦਾ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। - ਸੰਪਾਦਕ।**

ਸੰਨ 1984 ਵਿਚ, ਜਿਸ ਸਾਲ ਫਰੰਟਲਾਈਨ ਰਸਾਲੇ ਦਾ ਜਨਮ ਹੋਇਆ ਸੀ, ਕਿਸਾਨਾਂ ਦੇ ਘਰਾਂ 'ਚ ਜਾਣ ਸਮੇਂ ਲੱਗਭਗ ਪਹਿਲੀ ਚੀਜ਼ ਜੋ ਮੈਨੂੰ ਹਰ ਜਗ੍ਹਾ ਮਿਲਦੀ ਰਹੀ ਉਹ ਸੀ ਤਾਜ਼ਾ ਦੁੱਧ ਦਾ ਗਲਾਸ। ਪੱਛਮੀ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿਚ, ਜਦੋਂ ਤੁਸੀਂ ਕਿਸੇ ਘਰੋਂ ਵਿਦਾ ਹੁੰਦੇ ਹੋ ਤਾਂ ਤੁਹਾਨੂੰ ਇਕ ਵਾਧੂ ਗਲਾਸ ਦਿੱਤਾ ਜਾਂਦਾ ਹੈ। ਆਂਧਰਾ ਪ੍ਰਦੇਸ਼ ਦੇ ਤੱਟਵਰਤੀ ਖੇਤਰ ਵਿਚ, ਦੁੱਧ ਅਕਸਰ ਚਾਂਦੀ ਦੇ ਗਲਾਸ ਵਿਚ ਦਿੱਤਾ ਜਾਂਦਾ ਸੀ- ਮਹਿਮਾਨ ਲਈ ਸਨਮਾਨ ਦੀ ਨਿਸ਼ਾਨੀ, ਅਤੇ ਨਾਲ ਹੀ ਕਿਸਾਨ ਦੇ ਖ਼ੁਸ਼ਹਾਲ ਹੋਣ ਦਾ ਬਿਆਨ।

ਤਾਮਿਲਨਾਡੂ 'ਚ ਕਿਸਾਨਾਂ ਦੇ ਘਰਾਂ ਵਿਚ ਤੁਹਾਨੂੰ ਸ਼ੁੱਧ ਪਿੱਤਲ ਦੇ ਗਲਾਸਾਂ ਵਿਚ ਦੁੱਧ ਦਿੱਤਾ ਜਾਂਦਾ ਸੀ। ਕਦੇ-ਕਦੇ, ਉਸ ਪਿੱਤਲ ਦੇ ਗਲਾਸ ਵਿਚ ਸ਼ਾਨਦਾਰ ਫਿਲਟਰ ਕੌਫੀ ਵੀ ਹੁੰਦੀ ਸੀ। 1990

ਪੀ.ਸਾਈਨਾਥ
ਅਨੁਵਾਦ:ਬੂਟਾ ਸਿੰਘ ਮਹਿਮੂਦਪੁਰ

ਦੇ ਦਹਾਕੇ ਤੱਕ, ਬਹੁਤ ਸਾਰੇ ਰਾਜਾਂ ਵਿਚ, ਚਾਂਦੀ ਦੇ ਗਲਾਸਾਂ ਨੇ ਸਟੇਨਲੈਸ ਸਟੀਲ ਨੂੰ ਰਸਤਾ ਦੇ ਦਿੱਤਾ ਸੀ। 1991 ਤੋਂ ਬਾਅਦ, ਉਹ ਅਜੇ ਵੀ ਤੁਹਾਨੂੰ ਤਾਜ਼ਾ ਦੁੱਧ ਦਿੰਦੇ ਸਨ, ਪਰ ਹੁਣ ਇਹ ਅਕਸਰ ਕ੍ਰੌਕਰੀ ਦੇ ਤਿੜਕੇ ਹੋਏ ਕੱਪ ਵਿਚ ਮਿਲਦਾ ਸੀ, ਸ਼ਾਇਦ ਕੱਪ ਦੇ ਕੰਢੇ ਭੁਰੇ ਹੋਏ ਵੀ ਹੋਣ। 1990 ਦੇ ਦਹਾਕੇ ਦੇ ਅੱਧ ਤੱਕ, ਮੈਂ ਖ਼ੁਦ ਕੱਚ ਦੇ ਗਲਾਸਾਂ 'ਚ ਪੀਂਦਾ ਰਿਹਾ ਹਾਂ।

ਸੰਨ 2000 ਤੱਕ ਦੁੱਧ ਦੀ ਥਾਂ ਚਾਹ ਨੇ ਲੈ ਲਈ ਸੀ। ਮਹਾਰਾਸ਼ਟਰ ਦੇ ਵਿਦਰਭ ਖੇਤਰ ਵਿਚ 2003-04 ਤੱਕ ਇਹ ਕਾਲੀ ਚਾਹ ਹੁੰਦੀ ਸੀ। ਚਾਹ ਵਿਚ ਖੰਡ ਦੀ ਮਾਤਰਾ ਵੀ ਘਟਦੀ ਜਾ ਰਹੀ ਸੀ ਜੋ ਕਿ ਰਵਾਇਤੀ ਤੌਰ ਉਤੇ ਪਿਆਰ ਅਤੇ ਸਤਿਕਾਰ ਦੀ ਨਿਸ਼ਾਨੀ ਸੀ। ਉਸ ਦਹਾਕੇ ਦੇ ਅੱਧ ਤੱਕ, ਕੱਚ ਦਾ ਗਲਾਸ ਗਾਇਬ ਹੋ ਗਿਆ ਸੀ। ਕਾਲੀ ਚਾਹ ਦੀ ਥੋੜ੍ਹੀ ਮਾਤਰਾ ਹੁਣ ਪਲਾਸਟਿਕ ਦੇ ਉਸ ਭਿਆਨਕ ਕੱਪ ਵਿਚ ਆਉਂਦੀ ਸੀ ਜੋ ਤੁਹਾਨੂੰ ਰੇਲ ਗੱਡੀਆਂ ਅਤੇ ਬੱਸ ਅੱਡਿਆਂ 'ਤੇ ਮਿਲਦੇ ਹਨ।

2018 'ਚ ਮੈਂ ਆਜ਼ਾਦੀ ਘੁਲਾਟੀਏ ਗਣਪਤੀ ਬਾਲ ਯਾਦਵ ਨੂੰ ਮਹਾਰਾਸ਼ਟਰ ਦੇ ਸਾਂਗਲੀ ਵਿਚ ਉਨ੍ਹਾਂ ਦੇ ਘਰ ਮਿਲਿਆ ਸੀ। ਕੁਝ ਘੰਟਿਆਂ ਤੱਕ ਚੱਲੀ ਇੰਟਰਵਿਊ ਤੋਂ ਬਾਅਦ, ਉਨ੍ਹਾਂ ਨੇ ਮੈਨੂੰ ਤਾਜ਼ਾ ਦੁੱਧ ਪਿਲਾ ਕੇ ਵਿਦਾ ਕੀਤਾ, ਅਲਮੀਨੀਅਮ ਦੇ ਗਲਾਸ ਵਿਚ। ਗਲਾਸ ਅਤੇ ਇਸ ਦੀ ਨਿਵਾਣ ਵੱਲ ਯਾਤਰਾ ਖੇਤੀਬਾੜੀ ਆਰਥਿਕਤਾ ਦੀ ਗਿਰਾਵਟ ਦਾ ਅਾਲੰਕਾਰ ਹੈ। ਇਹ ਆਰਥਕ ਨੀਤੀਆਂ ਦੇ ਵਿਨਾਸ਼ਕਾਰੀ ਪ੍ਰਭਾਵ ਨੂੰ ਵੀ ਦਰਸਾਉਂਦਾ ਹੈ ਜਿਨ੍ਹਾਂ ਨੇ ਪ੍ਰਾਈਵੇਟ ਕੰਪਨੀਆਂ ਨੂੰ ਦੁੱਧ (ਅਤੇ ਹੋਰ ਸਾਰੀਆਂ ਖੇਤੀ ਉਪਜਾਂ) ਦੇ ਭਾਅ ਉਸੇ ਸਮੇਂ ਡੇਗਣ ਦੀ ਇਜਾਜ਼ਤ ਦਿੱਤੀ ਹੈ ਜਦੋਂ ਉਹਨਾਂ ਨੇ 'ਮੰਡੀ ਆਧਾਰਤ ਭਾਅ ਮਿੱਥਣਾ' ਸ਼ੁਰੂ ਕੀਤਾ ਸੀ ਜਿਸ ਨੇ ਖਪਤਕਾਰਾਂ ਲਈ ਭਾਅ ਵਧਾਉਣ ਦੀ ਇਜਾਜ਼ਤ ਦਿੱਤੀ ਸੀ।

ਇਹ ਜਾਣ-ਬੁੱਝ ਕੇ ਤਿਆਰ ਕੀਤੀਆਂ ਗਈਆਂ ਨੀਤੀਆਂ ਸਨ। ਇਸ ਵਿਚ ਕੁਝ ਅਜਿਹੀਆਂ ਵੀ ਸ਼ਾਮਲ ਹਨ ਜਿਨ੍ਹਾਂ ਕਾਰਨ ਖੇਤੀ ਕਰਨ ਵਾਲੇ ਪਰਿਵਾਰਾਂ ਵਿਚ ਲੱਖਾਂ ਬਹੁਤ ਨਿੱਕੇ-ਨਿੱਕੇ, ਕਮਜ਼ੋਰ ਬੱਚੇ ਦੁੱਧ ਤੋਂ ਵਾਂਝੇ ਹੋ ਗਏ। ਖੇਤਾਂ ਦੇ ਬੱਚਿਆਂ ਤੋਂ ਪਸ਼ੂਆਂ ਦਾ ਦੁੱਧ ਖੁੱਸ ਗਿਆ ਕਿਉਂਕਿ ਹੁਣ ਹਰ ਬੂੰਦ ਹੋਰ ਜ਼ਰੂਰੀ ਚੀਜ਼ਾਂ ਦਾ ਵਿੱਤੀ ਖਰਚਾ ਚੁੱਕਣ ਲਈ ਵੇਚੀ ਜਾਣ ਲੱਗੀ ਸੀ। ਬੇਸ਼ੱਕ, ਇਹ ਸਿਰਫ ਦੁੱਧ ਦੇ ਮਾਮਲੇ 'ਚ ਨਹੀਂ ਹੈ। ਨਰਮਾ-ਕਪਾਹ ਲੈ ਲਓ। 1970 ਦੇ ਦਹਾਕੇ ਦੇ ਅੱਧ ਵਿਚ, ਵਿਦਰਭ ਖੇਤਰ ਦਾ ਕਿਸਾਨ ਇਕ ਜਾਂ ਦੋ ਕੁਇੰਟਲ ਨਰਮਾ ਵੇਚ ਸਕਦਾ ਸੀ ਅਤੇ 10-12 ਗ੍ਰਾਮ (ਇਕ ਤੋਲਾ) ਸੋਨਾ ਖਰੀਦ ਸਕਦਾ ਸੀ। ਇਹ ਉਸ ਦੀ ਧੀ ਦੇ ਵਿਆਹ ਵੇਲੇ ਕੰਮ ਆਉਂਦਾ ਸੀ। ਅੱਜ ਉਹ ਕਿਸਾਨ 10 ਕੁਇੰਟਲ ਕਪਾਹ ਵੇਚਣ ਦੇ ਬਾਵਜੂਦ 10 ਗ੍ਰਾਮ ਸੋਨਾ ਨਹੀਂ ਖਰੀਦ ਸਕਦਾ।

ਹਾਲਾਂਕਿ ਮਹਾਰਾਸ਼ਟਰ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) 7122 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਗਿਆ ਹੈ, ਪਰ ਬਹੁਤ ਥੋੜ੍ਹੇ ਲੋਕਾਂ ਨੂੰ 6,500 ਰੁਪਏ ਤੋਂ ਵੱਧ ਭਾਅ ਮਿਲਦਾ ਹੈ। ਘੱਟੋ-ਘੱਟ ਪੂਰਾ ਸਮਰਥਨ ਮੁੱਲ ਮਿਲਣ 'ਤੇ ਵੀ ਉਨ੍ਹਾਂ ਨੂੰ 10 ਕੁਇੰਟਲ ਦੇ 71,220 ਰੁਪਏ ਮਿਲਣਗੇ, ਜੋ ਫਿਰ ਵੀ 10 ਗ੍ਰਾਮ ਸੋਨੇ ਦੇ ਮੁੱਲ ਤੋਂ ਘੱਟ ਹੈ। ਸਿੱਧੇ ਸ਼ਬਦਾਂ ਵਿਚ, ਉਹ 1 ਕੁਇੰਟਲ ਵੇਚ ਕੇ 1 ਗ੍ਰਾਮ ਵੀ ਨਹੀਂ ਖ਼ਰੀਦ ਸਕਣਗੇ।

ਇਕ ਵਾਰ ਫਿਰ, ਆਰਥਕ ਨੀਤੀਆਂ ਦੁਆਰਾ ਸੰਚਾਲਿਤ ਗਿਰਾਵਟ ਅਤੇ 'ਪਰਿਵਰਤਨ' ਹੋ ਰਹੀ ਹੈ। ਲਾਗੂ ਕੀਤੀਆਂ ਗਈਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਸਾਡੇ ਇੱਥੇ ਅਤੇ ਦੁਨੀਆ ਦੇ ਜ਼ਿਆਦਾਤਰ ਹੋਰ ਮੁਲਕਾਂ ਵਿਚ ਕਈ ਹੋਰ ਜਮਾਤਾਂ 'ਤੇ ਵੀ ਅਸਰ ਪਿਆ ਹੈ। ਹਾਲਾਂਕਿ, 1991 'ਤੋਂ ਅਸੀਂ ਉਨ੍ਹਾਂ ਦੀ ਜੋਸ਼ੀਲੀ ਨੁਮਾਇਸ਼ ਦੇਖ ਰਹੇ ਹਾਂ। ਦੁਨੀਆ ਭਰ ਵਿਚ ਇਨ੍ਹਾਂ ਵਿਚ ਹੇਠ ਲਿਖੀਆਂ ਸ਼ਾਮਲ ਸਨ:

ਗਰੀਬਾਂ ਲਈ ਮਹੱਤਵਪੂਰਨ ਖੇਤਰਾਂ ਅਤੇ ਪ੍ਰੋਗਰਾਮਾਂ 'ਤੋਂ ਰਾਜ ਦਾ ਹੱਥ ਖਿੱਚਣਾ। ਗਰੀਬ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਵਿਚ ਭਾਰੀ ਕਟੌਤੀ ਜਦੋਂ ਕਿ ਅਮੀਰਾਂ ਅਤੇ ਕਾਰਪੋਰੇਟ ਜਗਤ ਨੂੰ ਵੱਡੀਆਂ ਸਬਸਿਡੀਆਂ (ਜਿਨ੍ਹਾਂ ਦਾ ਨਾਮ ਬਦਲ ਕੇ 'ਇਨਸੈਂਟਿਵ' ਰੱਖਿਆ ਗਿਆ) ਦਿੱਤੀਆਂ ਗਈਆਂ।

ਖੇਤੀਬਾੜੀ ਵਿਚ ਜਨਤਕ ਨਿਵੇਸ਼ ਵਿਚ ਗਿਰਾਵਟ। ਖੇਤੀਬਾੜੀ ਕ੍ਰੈਡਿਟ ਨੂੰ ਖੇਤੀਬਾੜੀ ਤੋਂ






ਖੇਤੀਬਾੜੀ ਕਾਰੋਬਾਰ ਵੱਲ ਤੇਜ਼ੀ ਨਾਲ ਮੋੜਨਾ। ਸਰੋਤਾਂ ਦਾ ਗਰੀਬਾਂ 'ਤੋਂ ਅਮੀਰਾਂ ਨੂੰ ਵੱਡਾ ਤਬਾਦਲਾ। ਕਿਸਾਨਾਂ ਦੇ ਕਰਜ਼ੇ ਵਿਚ ਭਾਰੀ ਵਾਧਾ ਹੋਣਾ ਅਤੇ ਕਾਰਪੋਰੇਟ ਸੱਤਾ ਦਾ ਬੇਮਿਸਾਲ ਵਾਧਾ। ਛੱਤੀਸਗੜ੍ਹ ਵਿਚ ਨਦੀ ਦੇ 19 ਕਿਲੋਮੀਟਰ ਹਿੱਸੇ ਸਮੇਤ ਕਈ ਜਨਤਕ ਸਰੋਤਾਂ ਦਾ ਨਿੱਜੀਕਰਨ।

ਲੱਗਭੱਗ ਹਰ ਚੀਜ਼ ਦਾ ਨਿੱਜੀਕਰਨ, ਇੱਥੋਂ ਤੱਕ ਕਿ ਬੁੱਧੀ ਅਤੇ ਆਤਮਾ ਵੀ। ਸਥਾਨਕ ਸ਼ਾਸਨ ਨੂੰ ਕਮਜ਼ੋਰ ਕਰਨਾ, ਜਿੱਥੇ ਪੰਚਾਇਤੀ ਰਾਜ ਕਾਰਪੋਰੇਟ ਸੱਤਾ ਦੇ ਵਿਰੁੱਧ ਹੋ ਗਿਆ ਅਤੇ ਹਾਰ ਗਿਆ। ਜਿਵੇਂ ਆਰ.ਬੀ.ਆਈ. ਦਾ ਸਾਬਕਾ ਗਵਰਨਰ ਵਾਈ.ਵੀ. ਰੈਡੀ ਕਹਿ ਸਕਦਾ ਹੈ: ਅਸੀਂ ਪੇਂਡੂ ਵਿਕਾਸ ਨੂੰ ਜ਼ਿਆਦਾ ਦੇਖਿਆ ਹੈ, ਪੇਂਡੂ ਵਿਕਾਸ ਨੂੰ ਘੱਟ।

ਅਤੇ, ਨਿਸ਼ਚਿਤ ਤੌਰ 'ਤੇ, ਅਸੀਂ ਨਾਬਰਾਬਰੀ ਵਿਚ ਹੈਰਾਨੀਜਨਕ ਵਾਧਾ ਵੇਖ ਰਹੇ ਹਾਂ। 10 ਦਸੰਬਰ, 2024 ਤੱਕ (ਫੋਰਬਸ ਅਨੁਸਾਰ) ਭਾਰਤ ਦੇ 217 ਅਰਬਪਤੀਆਂ (ਡਾਲਰ ਅਰਬਪਤੀਆਂ) ਦਾ ਸੰਯੁਕਤ ਮੁੱਲ 1,041 ਅਰਬ ਡਾਲਰ ਸੀ। ਅਸੀਂ ਇੱਥੇ ਇਕ ਖਰਬ ਡਾਲਰ ਦੀ ਗੱਲ ਕਰ ਰਹੇ ਹਾਂ। ਇਹ ਅੰਕੜਾ ਭਾਰਤ ਦੇ 17.91 ਅਰਬ ਡਾਲਰ ਦੇ ਖੇਤੀਬਾੜੀ ਬਜਟ ਦਾ 58 ਗੁਣਾ ਹੈ। ਅਤੇ ਸਾਡੇ 562 ਅਰਬ ਡਾਲਰ ਦੇ ਕੁੱਲ ਬਜਟ ਖਰਚੇ ਦੇ 1.8 ਗੁਣਾ ਦੇ ਕਰੀਬ। ਸੋਚੋ, 217 ਵਿਅਕਤੀਆਂ (ਆਬਾਦੀ ਦਾ 0.000015 ਪ੍ਰਤੀਸ਼ਤ) ਕੋਲ ਜੀਡੀਪੀ ਦੇ ਲੱਗਭੱਗ ਇਕ ਤਿਹਾਈ ਦੇ ਬਰਾਬਰ ਦੌਲਤ ਹੈ।

1991 ਤੋਂ ਬਾਅਦ ਦੇ ਦਹਾਕਿਆਂ 'ਚ, ਅਸੀਂ ਕਿਸਾਨਾਂ ਲਈ ਜੀਵਨ-ਸਹਾਇਤਾ ਉਪਾਵਾਂ ਨੂੰ ਕਮਜ਼ੋਰ ਹੁੰਦੇ ਵੇਖਿਆ। ਰਾਜ ਦੁਆਰਾ ਨਿਯੰਤ੍ਰਿਤ ਮੰਡੀਆਂ ਨੂੰ ਲਗਾਤਾਰ ਕਮਜ਼ੋਰ ਕਰਨਾ। ਜਨਤਕ ਖੇਤਰ ਦੀ ਯੋਜਨਾਬੱਧ, ਅਰਾਜਕ ਵਿਨਾਸ਼, ਜਿਸ ਨੇ ਮੋੜਵੇਂ ਰੂਪ 'ਚ ਖੇਤੀ ਅਤੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ। ਭੋਜਨ ਉਤਪਾਦਨ ਅਤੇ ਉਪਲਬਧਤਾ ਉਤੇ ਭਿਆਨਕ ਅਸਰ।

ਇਕ ਸਮੇਂ ਖੇਤੀਬਾੜੀ ਯੂਨੀਵਰਸਿਟੀਆਂ ਜੋ ਕਮਿਊਨਿਟੀ ਕੇਂਦਰਤ ਸੰਸਥਾਵਾਂ ਸਨ, ਉਸ ਦੀ ਕਾਰਪੋਰੇਟ ਖੇਤੀਬਾੜੀ ਕਾਰੋਬਾਰ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਭਰਮਾਊ ਤਬਦੀਲੀ। ਰਸਮੀ ਕਰਜ਼ੇ ਨੂੰ ਕਿਸਾਨਾਂ ਤੋਂ ਗਿਣ-ਮਿਥ ਕੇ ਪਾਸੇ ਮੋੜਨਾ, ਜਿਸ ਨੇ ਲੱਖਾਂ ਲੋਕਾਂ ਨੂੰ ਕਰਜ਼ੇ ਲਈ ਪੁਰਾਣੇ ਅਤੇ ਨਵੇਂ ਸ਼ਾਹੂਕਾਰਾਂ ਵੱਲ ਮੁੜਨ ਲਈ ਮਜਬੂਰ ਕੀਤਾ। ਕਿਸਾਨਾਂ ਲਈ ਭਾਵਾਂ 'ਚ ਗਿਰਾਵਟ, ਜਦਕਿ ਖਪਤਕਾਰ ਪੱਧਰ 'ਤੇ ਉਹ ਵਿਸਫੋਟ ਦੀ ਤਰ੍ਹਾਂ ਵਧੀਆਂ। 2003 ਤੋਂ 2013 ਦਰਮਿਆਨ ਵਿਦਰਭ ਵਿਚ ਕਪਾਹ ਦੀ ਕਾਸ਼ਤ ਦੀਆਂ ਲਾਗਤਾਂ 'ਤੇ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਇਕ ਏਕੜ ਕਪਾਹ ਦੀ ਕਾਸ਼ਤ ਦੀ ਲਾਗਤ ਵਿਚ 250-300 ਪ੍ਰਤੀਸ਼ਤ ਅਤੇ ਕੁਝ ਮਾਮਲਿਆਂ ਵਿਚ ਇਸ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਪਰ ਕਿਸਾਨਾਂ ਦੀ ਆਮਦਨ ਦਾ ਕੀ ਬਣਿਆ? ਜੇ ਉਹ ਕੁਝ ਅੱਗੇ ਵਧੀਆਂ, ਤਾਂ ਖੇਤੀ ਨੂੰ ਅਪਾਹਜ ਬਣਾਉਣ ਵਾਲੇ ਲਾਗਤ ਵਾਧੇ ਦੇ ਇਕ ਮਾਮੂਲੀ ਹਿੱਸੇ ਦੇ ਰੂਪ 'ਚ, ਖ਼ਾਸ ਕਰਕੇ ਬੀਜਾਂ ਦੇ ਭਾਅ ਅਤੇ ਆਮਦਨ? ਇੱਥੋਂ ਤੱਕ ਕਿ ਨੈਸ਼ਨਲ ਸੈਂਪਲ ਸਰਵੇ (ਐਨ.ਐਸ.ਐਸ.) ਦਾ 77ਵਾਂ ਗੇੜ, ਜੋ ਕਿ ਕਿਸਾਨ ਪਰਿਵਾਰਾਂ ਬਾਰੇ ਆਖ਼ਰੀ ਅਤੇ ਤਾਜ਼ਾ ਸਰਵੇ ਹੈ, ਦਰਸਾਉਂਦਾ ਹੈ ਕਿ ਕਿਸਾਨ ਪਰਿਵਾਰਾਂ ਦੀ ਔਸਤ ਮਹੀਨਾਵਾਰ ਆਮਦਨ ਲੱਗਭੱਗ 10,218 ਰੁਪਏ ਹੈ। ਕੀ ਤੁਸੀਂ ਸੰਗਠਿਤ ਖੇਤਰ ਵਿਚ ਇਕ ਵੀ ਅਜਿਹੀ ਨੌਕਰੀ ਬਾਰੇ ਸੋਚ ਸਕਦੇ ਹੋ ਜੋ ਦੁੱਗਣੀ ਤਨਖ਼ਾਹ ਨਾ ਦਿੰਦੀ ਹੋਵੇ? ਅਤੇ ਯਾਦ ਰੱਖੋ, ਇਹ ਅੰਕੜਾ ਪੂਰੇ ਪਰਿਵਾਰ ਦੀ ਆਮਦਨ ਦਾ ਹੈ, ਨਾ ਕਿ ਵਿਅਕਤੀਗਤ ਆਮਦਨ ਦਾ। ਅਤੇ ਯਾਦ ਰੱਖੋ ਕਿ 2017 ਵਿਚ ਨਰਿੰਦਰ ਮੋਦੀ ਸਰਕਾਰ ਨੇ ਪੰਜ ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਖੇਤੀ ਤੋਂ ਹੋਣ ਵਾਲੀ ਆਮਦਨ ਵਿਚ 2012-13 ਅਤੇ 2018-19 ਵਿਚ 10 ਫੀਸਦੀ ਦੀ ਕਮੀ ਆਈ ਹੈ। ਕਿਸਾਨ ਪਰਿਵਾਰਾਂ ਨੂੰ ਹੁਣ ਮਜ਼ਦੂਰੀ, ਤਨਖ਼ਾਹਾਂ ਅਤੇ ਪਸ਼ੂਆਂ 'ਤੋਂ ਵਧੇਰੇ ਆਮਦਨ ਮਿਲਦੀ ਹੈ।

ਜਿਵੇਂ ਅਗਾਂਹਵਧੂ ਅਰਥਸ਼ਾਸਤਰੀਆਂ ਨੇ ਨੋਟ ਕੀਤਾ ਹੈ, ਅਸੀਂ ਭਾਵਾਂ ਦਾ ਵਿਸ਼ਵੀਕਰਨ ਅਤੇ ਆਮਦਨੀ ਦਾ ਭਾਰਤੀਕਰਨ ਹੁੰਦਾ ਦੇਖਿਆ।

2024 ਤੱਕ, ਅਸੀਂ ਜਾਣਦੇ ਹਾਂ ਕਿ 4 ਲੱਖ ਤੋਂ ਵਧੇਰੇ ਕਿਸਾਨਾਂ ਨੇ ਆਪਣੀ ਜਾਨ ਲਈ ਹੈ, ਮੁੱਖ ਤੌਰ 'ਤੇ ਨੀਤੀ ਸੰਚਾਲਤ ਸੰਕਟ ਵਿਚ। ਇਹ ਅੰਕੜਾ ਸਰਕਾਰੀ ਹੈ ਅਤੇ ਬਹੁਤ ਘਟਾ ਕੇ ਅੰਦਾਜ਼ਾ ਲਾਇਆ ਗਿਆ ਹੈ।

ਕਿਸਾਨ ਅਤੇ ਖੇਤੀਬਾੜੀ ਮਜ਼ਦੂਰਾਂ ਦੀ ਜਾਣ-ਬੁੱਝ ਕੇ ਕੀਤੀ ਗਈ ਤਬਾਹੀ ਨੇ 2001 ਅਤੇ 2011 ਦੀ ਮਰਦਮਸ਼ੁਮਾਰੀ ਦੇ ਦਰਮਿਆਨ, ਭਾਰਤ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਪਰਵਾਸ ਦੇਖਿਆ। ਜਦੋਂ ਖੇਤੀਬਾੜੀ ਆਰਥਿਕਤਾ ਵਿਚ ਗਿਰਾਵਟ ਆਈ, ਲੱਖਾਂ ਲੋਕ ਆਪਣੇ ਪਿੰਡ ਛੱਡ ਕੇ ਸ਼ਹਿਰਾਂ ਅਤੇ ਛੋਟੇ ਕਸਬਿਆਂ ਵੱਲ ਚਲੇ ਗਏ। ਇਸ ਨੂੰ ਕੋਈ ਮਾੜੀ ਗੱਲ ਨਹੀਂ ਸਮਝਿਆ ਗਿਆ ਸੀ। ਫਰੰਟਲਾਈਨ ਅਤੇ ਦ ਹਿੰਦੂ ਨੂੰ ਛੱਡ ਕੇ ਇਸ ਨੂੰ ਬਹੁਤ ਘੱਟ ਰਿਪੋਰਟ ਕੀਤਾ ਗਿਆ। ਨਵਉਦਾਰਵਾਦੀ ਅਰਥਸ਼ਾਸਤਰੀਆਂ ਦੀ ਪੁਕਾਰ ਸੀ, 'ਅਸੀਂ ਲੱਖਾਂ ਲੋਕਾਂ ਨੂੰ ਖੇਤੀਬਾੜੀ ਤੋਂ ਬਾਹਰ ਕੱਢਣਾ ਹੈ।' ਠੀਕ ਹੈ। ਪਰ ਕੀ ਉਨ੍ਹਾਂ ਦਹਿ-ਲੱਖਾਂ ਲੋਕਾਂ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਸੀ? ਕੀ ਉਨ੍ਹਾਂ ਕੋਲ ਕੋਈ ਬਦਲ ਸੀ? ਉਨ੍ਹਾਂ ਨੂੰ ਕਿਹੜੇ ਵਿਕਲਪ ਦਿੱਤੇ ਗਏ ਸਨ? ਭਾਵੇਂ ਤੁਸੀਂ ਬਹੁਤ ਸਾਰੇ ਕਿਸਾਨਾਂ ਨੂੰ ਖੇਤੀਬਾੜੀ ਤੋਂ ਬਾਹਰ ਕੱਢਣਾ ਜ਼ਰੂਰੀ ਸਮਝਦੇ ਹੋ, ਤੁਸੀਂ ਫੈਸਲਾ ਲੈਣ ਵਿਚ ਉਨ੍ਹਾਂ ਦੀ ਹਿੱਸੇਦਾਰੀ ਤੋਂ ਬਿਨਾਂ ਅਜਿਹਾ ਨਹੀਂ ਕਰ ਸਕਦੇ।

ਵਿਕਾਸ ਅਰਥਸ਼ਾਸਤਰੀ ਪ੍ਰੋ. ਕੇ. ਨਾਗਰਾਜ ਦਾ ਕਹਿਣਾ ਹੈ ਕਿ ਤੁਸੀਂ ਇਸ ਬਾਰੇ ਉਦੋਂ ਸੋਚ ਸਕਦੇ ਹੋ ਜਦੋਂ ਤੁਹਾਡੇ ਕੋਲ '(ੳ) ਖੇਤੀਬਾੜੀ ਉਤਪਾਦਕਤਾ ਵਿਚ ਸੁਧਾਰ; (ਅ) ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿਚ ਚੰਗੀ ਗੁਣਵੱਤਾ, ਵਧੀਆ ਰੁਜ਼ਗਾਰ ਦੀ ਸਿਰਜਣਾ; ਅਤੇ (ੲ) ਸਾਰਿਆਂ ਨੂੰ ਚੰਗੀ ਸਿੱਖਿਆ ਅਤੇ ਸਿਹਤ ਸੰਭਾਲ ਦੀ ਵਿਵਸਥਾ ਹੋਵੇ ਤਾਂ ਜੋ ਇਕ ਹੁਨਰਮੰਦ, ਸਿਹਤਮੰਦ ਕਿਰਤ-ਸ਼ਕਤੀ ਦਾ ਵਿਕਾਸ ਹੋ ਸਕੇ। ਅਸਲ ਵਿਚ ਹੋਇਆ ਇਸ ਦੇ ਬਿਲਕੁਲ ਉਲਟ। ਅਤੇ ਫਿਰ ਤੁਸੀਂ ਖੇਤੀਬਾੜੀ ਵਿਚ 'ਸੁਧਾਰਾਂ' ਦੇ ਸਬੂਤ ਵਜੋਂ ਪੇਂਡੂ ਖੇਤਰਾਂ ਤੋਂ ਵੱਡੇ ਪੱਧਰ 'ਤੇ ਸੰਕਟ ਵਾਲੇ ਪਰਵਾਸ ਦੀ ਵਰਤੋਂ ਕਰਦੇ ਹੋ!

ਧਿਆਨ ਦਿਓ ਕਿ 1991 ਦੀ ਮਰਦਮਸ਼ੁਮਾਰੀ ਸਮੇਤ ਆਜ਼ਾਦੀ ਤੋਂ ਬਾਅਦ ਹਰ ਮਰਦਮਸ਼ੁਮਾਰੀ ਵਿਚ ਭਾਰਤ ਵਿਚ ਕਿਸਾਨਾਂ ਦੀ ਆਬਾਦੀ ਵਧੀ ਹੈ। ਫਿਰ ਇਕ ਹੈਰਾਨਕੁੰਨ ਗਿਰਾਵਟ ਆਉਂਦੀ ਹੈ। 2001 ਦੀ ਮਰਦਮਸ਼ੁਮਾਰੀ ਵਿਚ ਫੁੱਲ-ਟਾਈਮ ਜਾਂ 'ਮੁੱਖ ਕਾਸ਼ਤਕਾਰ' ਕਿਸਾਨਾਂ ਵਿਚ 7.2 ਮਿਲੀਅਨ (72 ਲੱਖ) ਦੀ ਗਿਰਾਵਟ ਦੇਖੀ ਗਈ, ਜੀ ਹਾਂ ਮਿਲੀਅਨ ਦੀ। 2011 ਦੀ ਮਰਦਮਸ਼ੁਮਾਰੀ ਵਿਚ 7.7 ਮਿਲੀਅਨ ਦੀ ਗਿਣਤੀ ਵਿਚ ਹੋਰ ਗਿਰਾਵਟ ਦਰਜ ਕੀਤੀ ਗਈ।

ਸੰਖੇਪ ਵਿਚ, ਨਵੀਆਂ ਆਰਥਕ ਨੀਤੀਆਂ ਨੂੰ ਅਪਣਾਉਣ ਤੋਂ ਬਾਅਦ ਪਹਿਲੇ 20 ਸਾਲਾਂ ਵਿਚ, ਭਾਰਤ ਦੀ ਕਿਸਾਨ ਆਬਾਦੀ ਵਿਚ ਲਗਭਗ 1 ਕਰੋੜ 50 ਲੱਖ ਦੀ ਗਿਰਾਵਟ ਆਈ ਹੈ। ਭਾਵ, ਹਰ 24 ਘੰਟਿਆਂ ਵਿਚ ਔਸਤਨ 2,000 ਤੋਂ ਵੱਧ ਪੂਰਾ ਸਮਾਂ ਖੇਤੀ ਦਾ ਕੰਮ ਕਰਨ ਵਾਲੇ (ਜਾਂ 'ਮੁੱਖ ਕਿਸਾਨ') ਕਿਸਾਨ ਖੇਤੀਬਾੜੀ ਛੱਡ ਰਹੇ ਸਨ। ਜੇ ਇਹ ਲੱਗਭੱਗ ਕਿਸੇ ਹੋਰ ਕਿੱਤੇ ਵਿਚ ਹੁੰਦਾ, ਯਕੀਨੀ ਤੌਰ 'ਤੇ ਸ਼ਹਿਰੀ ਅਧਾਰਤ ਕਾਰੋਬਾਰਾਂ ਅਤੇ ਪੇਸ਼ਿਆਂ ਵਿਚ, ਤਾਂ ਤੁਸੀਂ ਇਸ ਦਾ ਅੰਤ ਕਦੇ ਨਾ ਸੁਣਿਆ ਹੁੰਦਾ। ਪਰ ਜਿੱਥੋਂ ਤੱਕ ਇਹ ਜਨਤਕ ਪ੍ਰਵਚਨ ਵਿਚ ਸਾਹਮਣੇ ਆਇਆ, ਇਹ ਕਾਰਪੋਰੇਟ-ਪੱਖੀ ਅਰਥਸ਼ਾਸਤਰੀਆਂ ਦੀਆਂ ਆਵਾਜ਼ਾਂ ਸਨ ਜਿਨ੍ਹਾਂ ਦਾ ਬੋਲਬਾਲਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਚੰਗੀ ਗੱਲ ਹੈ।

ਕੌਮੀ ਜੁਰਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਸਾਲ 2022 ਵਿਚ ਖੇਤੀ ਨਾਲ ਜੁੜੇ ਕੁੱਲ 11,290 ਵਿਅਕਤੀਆਂ ਨੇ ਖ਼ੁਦਕੁਸ਼ੀ ਕੀਤੀ। ਇਹ ਹਰ ਰੋਜ਼ ਘੱਟੋ-ਘੱਟ 30 ਜਾਂ ਹਰ ਘੰਟੇ ਇਕ ਤੋਂ ਵੱਧ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਬਰਾਬਰ ਹੈ। 2022 ਦਾ ਅੰਕੜਾ 2021 ਵਿਚ ਦਰਜ ਕੀਤੇ ਗਏ 10,881, ਸਾਲ 2020 ਵਿਚ ਦਰਜ ਕੀਤੀਆਂ 10,677 ਅਤੇ 2019 ਵਿਚ ਦਰਜ ਕੀਤੀਆਂ 10,281 ਖ਼ੁਦਕੁਸ਼ੀਆਂ ਤੋਂ ਵੱਧ ਸੀ।

ਕੋਵਿਡ-19 ਮਹਾਮਾਰੀ ਦੇ 'ਉਲਟ ਪਰਵਾਸ' ਦੌਰਾਨ ਇਹ ਉਲਟ ਤਰੀਕੇ ਨਾਲ ਸਾਹਮਣੇ ਆਇਆ ਸੀ। ਸ਼ਹਿਰਾਂ ਵਿਚ ਮਾਮੂਲੀ ਨੌਕਰੀਆਂ ਕਰ ਰਹੇ ਲੱਖਾਂ ਪੇਂਡੂ ਲੋਕ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹੁਨਰਮੰਦ ਕਿਸਾਨ ਸਨ- ਕੋਵਿਡ-19 ਮਹਾਮਾਰੀ ਦੌਰਾਨ ਆਪਣੇ ਪਿੰਡਾਂ ਨੂੰ ਵਾਪਸ ਚਲੇ ਗਏ। ਸਿਰਫ 25 ਦਿਨਾਂ ਵਿਚ, ਮਈ 2020 ਵਿਚ, ਰੇਲਵੇ ਨੇ ਦੱਸਿਆ ਕਿ ਉਨ੍ਹਾਂ ਦੀਆਂ ਸ਼੍ਰਮਿਕ (ਮਜ਼ਦੂਰ) ਟ੍ਰੇਨਾਂ ਨੇ 91 ਲੱਖ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਨੂੰ ਵਾਪਸ ਪਹੁੰਚਾਇਆ ਸੀ।

ਇਸ ਨੇ ਬਹੁਤ ਲਹੂ-ਲੁਹਾਣ-ਦਿਲ ਦੀ ਪੀੜਾ ਨੂੰ ਜਨਮ ਦਿੱਤਾ। 'ਉਹ ਵਾਪਸ ਕਿਉਂ ਜਾ ਰਹੇ ਹਨ? ਇਹ ਬਹੁਤ ਖ਼ਤਰਨਾਕ ਹੈ। ਉਨ੍ਹਾਂ ਕੋਲ ਸ਼ਹਿਰਾਂ ਵਿਚ ਜਿਉਂਦੇ ਰਹਿਣ ਦੀ ਬਿਹਤਰ ਸੰਭਾਵਨਾ ਹੈ...' ਪਰ ਦੁੱਖ ਦਰਅਸਲ ਸਾਡੇ ਸ਼ਹਿਰਾਂ ਵਿਚ ਸਸਤੇ ਮਜ਼ਦੂਰਾਂ ਦੇ ਨੁਕਸਾਨ ਨੂੰ ਲੈ ਕੇ ਸੀ। 'ਉਹ ਵਾਪਸ ਕਿਉਂ ਜਾ ਰਹੇ ਹਨ' ਸਹੀ ਸਵਾਲ ਨਹੀਂ ਸੀ। ਇਸ ਤੋਂ ਬਿਹਤਰ ਸਵਾਲ ਇਹ ਸੀ ਕਿ ਉਹ ਆਪਣੇ ਪਿੰਡ ਛੱਡ ਕੇ ਇੱਥੇ ਕਿਉਂ ਆਏ?

* * * *

ਇਸ ਦਾ ਜਵਾਬ ਦੋ ਸ਼ਬਦਾਂ ਵਿਚ ਹੈ: ਖੇਤੀਬਾੜੀ ਸੰਕਟ।

ਉਲਟ ਹਿਜਰਤ ਨਹੀਂ ਹੋ ਸਕਦੀ ਸੀ ਜੇ ਪਹਿਲਾਂ ਤਾਂ ਸ਼ਹਿਰਾਂ ਵਿਚ ਕੋਈ ਸੰਕਟ ਵਾਲੀ ਹਿਜਰਤ ਨਾ ਹੁੰਦੀ। ਜਿਸ ਪੈਮਾਨੇ 'ਤੇ ਉਹ ਪਰਵਾਸ ਹੋਏ, ਉਨ੍ਹਾਂ ਨਾਲ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਭਾਰੀ ਦਬਾਅ ਹੇਠ ਆ ਗਈ ਅਤੇ ਸਰਕਾਰ ਨੂੰ ਇਸ ਉਤੇ ਵਧੇਰੇ ਪੈਸਾ ਖ਼ਰਚ ਕਰਨ ਲਈ ਮਜਬੂਰ ਹੋਣਾ ਪਿਆ। ਪਰ ਇਸ ਯੋਜਨਾ ਨੂੰ ਮੁੜ ਵਿੱਤੀ ਅਤੇ ਹੋਰ ਰੂਪ 'ਚ ਕਮਜ਼ੋਰ ਕੀਤਾ ਜਾ ਰਿਹਾ ਹੈ।

ਸੰਕਟ ਦੇ ਝੁਲਸਣ ਵਾਲੇ ਪੱਧਰਾਂ ਨੇ ਕਿਸਾਨਾਂ ਦੇ ਵੱਡੇ ਵਿਰੋਧ ਪ੍ਰਦਰਸ਼ਨਾਂ ਨੂੰ ਵੀ ਵੇਖਿਆ। ਇਨ੍ਹਾਂ ਵਿੱਚੋਂ ਪਹਿਲਾ ਪਿਛਲੇ ਦਹਾਕੇ 'ਚ ਮਾਰਚ 2018 ਵਿਚ ਨਾਸਿਕ ਤੋਂ ਮੁੰਬਈ ਤੱਕ ਕੁਝ ਸਭ ਤੋਂ ਗਰੀਬ, ਮੁੱਖ ਤੌਰ 'ਤੇ ਆਦਿਵਾਸੀ, ਕਿਸਾਨਾਂ ਦੇ 40,000 ਦੇ ਇਤਿਹਾਸਕ ਮਾਰਚ ਨਾਲ ਹੋਇਆ ਸੀ। ਸਭ ਤੋਂ ਤਾਜ਼ਾ ਅੰਦੋਲਨ 2020-21 ਵਿਚ ਦਿੱਲੀ ਦੀਆਂ ਬਰੂਹਾਂ 'ਤੇ ਸ਼ਾਨਦਾਰ ਕਿਸਾਨ ਅੰਦੋਲਨ ਸੀ। ਕੀ ਮੁੱਖ ਧਾਰਾ ਦੇ ਮੀਡੀਆ ਨੇ ਤੁਹਾਨੂੰ ਕਦੇ ਦੱਸਿਆ ਕਿ ਇਹ ਪਿਛਲੇ 30 ਸਾਲਾਂ ਵਿਚ ਦੁਨੀਆ ਵਿਚ ਕਿਤੇ ਵੀ ਹੋਣ ਵਾਲੇ ਸ਼ਾਂਤੀਪੂਰਨ, ਜਮਹੂਰੀ ਅਤੇ ਸੰਵਿਧਾਨਕ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਸਭ ਤੋਂ ਵੱਡਾ ਸੀ? ਵਿਸ਼ਵ ਪੱਧਰ 'ਤੇ ਵਡਿਆਏ ਜਾਣ ਵਾਲੇ ਆਕਿਊਪਾਈ ਵਾਲ ਸਟ੍ਰੀਟ (ਵਾਲ ਸਟ੍ਰੀਟ 'ਤੇ ਕਬਜ਼ਾ ਕਰੋ) ਅੰਦੋਲਨ ਵਿਚ ਸਿਰਫ ਹਜ਼ਾਰਾਂ ਆਦਰਸ਼ਵਾਦੀ ਨੌਜਵਾਨ ਸ਼ਾਮਲ ਸਨ ਜਿਨ੍ਹਾਂ ਨੂੰ ਸਿਰਫ ਨੌਂ ਹਫ਼ਤਿਆਂ ਬਾਅਦ ਹੀ ਨਿਊਯਾਰਕ ਦੇ ਜ਼ੁਕੋਟੀ ਪਾਰਕ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਦਿੱਲੀ ਵਿਚ ਕਿਸਾਨਾਂ ਦਾ ਅੰਦੋਲਨ 54 ਹਫ਼ਤਿਆਂ ਤੱਕ ਚੱਲਿਆ ਅਤੇ ਉਦੋਂ ਹੀ ਖ਼ਤਮ ਹੋਇਆ ਜਦੋਂ ਤਿੰਨ ਖੇਤੀ ਕਾਨੂੰਨ ਰੱਦ ਕਰ ਦਿੱਤੇ ਗਏ।

ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਕਿ ਇਹ ਇਸ ਕਰਕੇ ਹੋਇਆ ਕਿ ਉਹ ਕਿਸਾਨਾਂ ਦੇ ਇਕ ਛੋਟੇ ਵਰਗ ਨੂੰ ਇਹ ਸਮਝਾਉਣ ਵਿਚ ਅਸਫ਼ਲ ਰਹੇ ਕਿ ਇਹ ਕਾਨੂੰਨ ਉਨ੍ਹਾਂ ਦੇ ਹਿੱਤ ਵਿਚ ਹਨ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਉਨ੍ਹਾਂ ਦੇ ਸਮਝਾਉਣ ਦੇ ਸੰਦਾਂ ਵਿਚ ਅੱਥਰੂ ਗੈਸ, ਪਾਣੀ ਦੀਆਂ ਤੋਪਾਂ, ਕੰਡਿਆਲੀ ਤਾਰ, ਵਿਸ਼ਾਲ ਕੰਟੇਨਰ ਬੈਰੀਕੇਡ, ਲਾਠੀਚਾਰਜ ਅਤੇ ਕਿਸਾਨਾਂ ਨੂੰ ਲੈ ਕੇ ਜਾ ਰਹੇ ਟ੍ਰੈਕਟਰਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਰਾਸ਼ਟਰੀ ਰਾਜਮਾਰਗ ਦੀ ਖੁਦਾਈ ਤੱਕ ਸ਼ਾਮਲ ਸੀ।

1991 ਤੋਂ ਬਾਅਦ ਦੇ ਤਿੰਨ ਦਹਾਕਿਆਂ ਵਿਚ, ਖੇਤੀਬਾੜੀ ਸੰਕਟ ਵਡੇਰੇ ਖੇਤੀਬਾੜੀ ਸਮਾਜ ਵਿਚਲੇ ਸੰਕਟ ਦੇ ਨਾਲ ਮਿਲ ਗਿਆ ਹੈ। ਰੁਜ਼ਗਾਰ ਸੰਕਟ, ਪਰਵਾਸ ਸੰਕਟ ਅਤੇ ਪਾਣੀ, ਸਿਹਤ ਅਤੇ ਸਿੱਖਿਆ ਸੰਕਟ ਦੇ ਨਾਲ। ਅਤੇ ਹੋਰ। ਇਸ ਦੌਰਾਨ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਜਾਰੀ ਹਨ। ਸਰਕਾਰ ਦਾ ਜਵਾਬ ਕੌਮੀ ਜੁਰਮ ਰਿਕਾਰਡ ਬਿਊਰੋ ਦੀ ਕਾਰਜਪ੍ਰਣਾਲੀ ਨਾਲ ਪੂਰੀ ਤਰ੍ਹਾਂ ਖਿਲਵਾੜ ਕਰਨਾ ਹੈ। ਨਤੀਜਾ ਇਹ ਹੈ ਕਿ 2014 ਤੋਂ ਬਾਅਦ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਦੇ ਅੰਕੜੇ ਪਿਛਲੇ 19 ਸਾਲਾਂ ਦੇ ਅੰਕੜਿਆਂ ਨਾਲ ਤੁਲਨਾ ਕਰਨ ਯੋਗ ਨਹੀਂ ਹਨ।

ਤੱਥ: ਆਤਮ ਹੱਤਿਆਵਾਂ ਖੇਤੀ ਸੰਕਟ ਨਹੀਂ ਹਨ, ਇਹ ਸਭ ਤੋਂ ਦੁਖਦਾਈ ਨਤੀਜਾ ਹਨ। ਉਹ ਇਸ ਦਾ ਨਤੀਜਾ ਹਨ, ਨਾ ਕਿ ਇਸ ਦਾ ਮੂਲ। ਇਹ ਇਸ ਦਾ ਨਤੀਜਾ ਹੈ, ਇਸ ਦਾ ਕਾਰਨ ਨਹੀਂ ਹਨ।

* * * *

ਇੱਥੇ ਖੇਤੀਬਾੜੀ ਸੰਕਟ ਪੰਜ ਸ਼ਬਦਾਂ ਵਿਚ ਪੇਸ਼ ਹੈ- ਭਾਰਤੀ ਖੇਤੀਬਾੜੀ ਦਾ ਕਾਰਪੋਰੇਟ ਉਧਾਲਾ।

ਪ੍ਰੋ. ਕੇ. ਨਾਗਰਾਜ ਦਾ ਹਵਾਲਾ ਦਿੰਦੇ ਹੋਏ, ਉਹ ਪ੍ਰਕਿਰਿਆ ਜਿਸਦੇ ਦੁਆਰਾ ਇਸ ਨੂੰ ਪ੍ਰਾਪਤ ਕੀਤਾ ਜਾਂਦਾ ਹੈ, ਪੰਜ ਸ਼ਬਦਾਂ ਵਿ: ਪੇਂਡੂ ਖੇਤਰਾਂ ਦਾ ਧਾੜਵੀ ਵਪਾਰੀਕਰਨ। ਪੰਜ ਸ਼ਬਦਾਂ ਵਿਚ ਉਸ ਪ੍ਰਕਿਰਿਆ ਦਾ ਨਤੀਜਾ: ਸਾਡੇ ਇਤਿਹਾਸ ਵਿਚ ਸਭ ਤੋਂ ਵੱਡਾ ਉਜਾੜਾ। ਸ਼ਾਇਦ ਮਨੁੱਖੀ ਇਤਿਹਾਸ ਵਿਚ।

ਜਦੋਂ ਦੁਨੀਆ ਵਿਚ ਜ਼ਮੀਨ ਦੇ ਮਾਲਕ ਛੋਟੇ ਮਾਲਕਾਂ ਦੀ ਸਭ ਤੋਂ ਵੱਡੀ ਸੰਸਥਾ ਬਚਾਅ ਲਈ ਲੜਦੀ ਹੈ, ਤਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਅਸੀਂ ਦਰਅਸਲ ਇਕ ਸੱਭਿਅਤਾ ਸੰਕਟ ਨੂੰ ਦੇਖ ਰਹੇ ਹਾਂ। ਇਕ ਅਜਿਹਾ ਸੰਕਟ ਜਿਸ ਨੂੰ ਹੁਣ ਸਿਰਫ ਖੁੱਸ ਚੁੱਕੀ ਪੈਦਾਵਾਰ ਜਾਂ ਇੱਥੋਂ ਤੱਕ ਕਿ ਮਨੁੱਖੀ ਜਾਨਾਂ ਦੇ ਭਿਆਨਕ ਨੁਕਸਾਨ ਦੇ ਰੂਪ ਵਿਚ ਨਹੀਂ ਮਾਪਿਆ ਜਾ ਸਕਦਾ, ਬਲਕਿ ਸਾਡੀ ਆਪਣੀ ਮਨੁੱਖਤਾ ਦੇ ਨੁਕਸਾਨ, ਸਾਡੀ ਦਇਆ, ਸਾਡੀ ਮਨੁੱਖਤਾ ਦੀਆਂ ਸੁੰਗੜਦੀਆਂ ਹੱਦਾਂ ਦੁਆਰਾ ਮਾਪਿਆ ਜਾ ਸਕਦਾ ਹੈ।

# Punjabi Cultural Society of Chicago

Celebrating 31 Years of Community Service

*To Celebrate Vaisakhi PCS Presents...*

## ਰੰਗਲਾ ਪੰਜਾਬ 2025!

Rangla Punjab

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!



**Saturday, April 26, 2025**
**6:00 PM - 11:00 PM**

Copernicus Center
5216 W Lawrence Ave
Chicago, IL 60630

Win Raffle PRIZES!

$125 (VIP Seats with Dinner)
$65 (Preferred Seats), $40 (General Seating)

• Assigned Seats for all • Limited Free Parking • Children Under 5 yr Free (Need to be in Lap)

Sponsors & Advertisements Encouraged

Please email: info@PCSChicago.org or call: (847) 359-5PCS

Scan me!

More Information at:
https://www.pcschicago.org

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

*Chief Guest*



*Dr. Devesh Ranjan*
*School Chair- ME at GT*
*Incoming Engg. Dean*
*UW - Madison*


PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## PCS Board of Directors 2025


Dr. Param Singh (Chairman)


Navtej S. Sohi (President)


Bikram Singh Sohi *(Vice President)*


Gurlal S. Bhattal (Executive Secretary)


Parmjot S. Parmar (Finance Director)


Gurpreet Sidhu (Asst. Finance & IT Director)


Jigerdeep Singh Dhillon (Asst. Executive secretary)


Paramvir Kaur (Youth Director)


Tejveer S. Soodan (Inter Community Director)


Amitpaul Singh (Sports Director)


Manjeet S. Bhalla ( Past President)


Dr. Vikram Gill ( Past Chairman)

## PCS Board of Governors


Rajinder S. Mago


Mohinderjit S. Saini


Harwinder Paul S. Lail


Bhinder S. Pamma


Jasbir S. Palia


Balwinder S. Girn


Amarjit K. Atwal


Vick Singh

## PCS Board of Advisors


Bhupinder S Dhaliwal


Parvinder Singh Nanua


Gurmit S. Dhillon


Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## Rangla Punjab Sponsors



Darshan Singh Dhaliwal | Dr. Bhupinder Singh Saini | Narinder S. Grewal MD | Dr. Harjinder S. Khaira | Gulzar S Multani | Dr. Vikram Singh Gill | Nick Balwinder | Kevindeep Atwal | Jagmohan S. Begowal | Avtar Singh Bhaura | Dr. Amrik Singh Sohi



Jaidev S. Bhattal | Jaskaran Dhaliwal | Balvinder S. Cheema | Dr. Shivam Patel | Jasdeep Saran | Parminder S. Goldi | Sarwan S. Tiwana | Jasbir Suga | Amritpal S. Mangat | Harbhajan S Kalyanpur | Paul Khalil | Amrik Singh



Lucky Sahota | Harkewal Singh Lally | Lakhbir S. Sandhu | Rajinder Dayal | Amolak Singh Gidda | Iqbal Singh Saini | Jagjit Singh Dhindsa | Ronnie Singh | Jassi Dhaliwal | Manjit S. Dhanoa | Dr. Gagandeep S. Grover | Parbhdeep S. Nanua



Dr. Puneet Grewal Dhillon | Amandeep Kaur Gill | Dr. Amrit Virk | Dalvir Kaur Parmar | Barinderjit Kaur | Davinder S. Rangi | Swaran Singh Sekhon | Pali Dhaliwal | Ranbir Singh Dhaliwal | Jairam S. Kahlon | Dr.Hargurmukhpal Singh

## Sher-E-Punjab Sports & Cultural Club, Chicago



Baljit Tiwana | Jaswinder Gill | Deepinder Virk | Honey Khangura | Kamaljit Ghuman | Jindi Khangura | Jinder Benipal | Onkar S Sahota | Pindi Chhina | Goldy Lally | Harjinder Samra | Manjit Singh | Manmohan S. Bhathal | Navjot Singh

## Sher-E-Punjab Sports Club, Chicago (Midwest)



Lakhwinder Singh | Jasroop singh | Amritpal Mangat | Amritpal Gill | Deepa Bandesha | Gurdev S. Gill | Parminder S. Walia | Amardev S. Bandesha | Balwinder Chatha | Darshan Pamma | Amarjit Bandesha | Manjinder Singh

## Punjab Sports Club, Chicago



Santokh S. Ghuman | Lucky Sahota | Ajaib S. Lakhan | Happy Heer | Dr. Harjinder Khaira | Narinder S. Sran | Jaskaran Dhaliwal | Rajinder Dayal | Harwinder Billa | Hardeep Gill | Parminder Saimbi | Jaspal Midha










# ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ - 'ਤੇ ਵਕਤ ਬੋਲਦਾ ਗਿਆ'

**ਪੁਸਤਕ ਚਰਚਾ**

ਇਹ ਨਾਵਲ ਪੜ੍ਹਦਿਆਂ ਇੰਜ ਅਹਿਸਾਸ ਹੁੰਦਾ ਹੈ ਜਿਵੇਂ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ। ਗੱਲ ਸਿਰਫ਼ ਅਜਿਹੇ ਅਹਿਸਾਸ ਦੀ ਹੀ ਨਹੀਂ ਸਗੋਂ ਇਸ ਗੱਲ ਦੀ ਖ਼ੁਸ਼ੀ ਵੀ ਹੁੰਦੀ ਹੈ ਕਿ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਰਿਹਾ ਹੈ। ਇਸ ਦਾ ਇੱਕ ਕਾਰਨ ਲੇਖਕ ਦਾ ਵਿਦੇਸ਼ ਵਿਚ ਰਹਿਣਾ ਅਤੇ ਦੂਜੀਆਂ ਭਾਸ਼ਾਵਾਂ ਦੀਆਂ ਰਚਨਾਵਾਂ ਦਾ ਅਧਿਅਨ ਕਰਨਾ ਵੀ ਸ਼ਾਇਦ ਹੋਵੇ। ਨਾਵਲ ਦੇ ਪਾਤਰਾਂ ਦੇ ਨਾਮ ਵੀ ਵਿਦੇਸ਼ੀ ਧੁੰਨਾਂ ਵਾਲੇ ਹਨ, ਜਿਵੇਂ ਫਾਲਿੰਗਵਾਟਰ ਜਿਵੇਂ ਕਿ ਵਿਦੇਸ਼ੀ ਕਬੀਲਿਆਂ ਦੇ ਲੋਕ ਆਪਣੇ ਬੱਚਿਆਂ ਦਾ ਨਾਮ ਇਸ ਤਰੀਕੇ ਨਾਲ ਰੱਖਦੇ ਸਨ। ਜਦ ਬੱਚਾ ਜਨਮ ਲੈਂਦਾ ਹੈ ਤਾਂ ਉਸਦੇ ਬਾਪ ਨੇ ਉਸ ਸਮੇਂ ਜਿਹੜੀ ਵੀ




ਡਾ. ਜੋਗਿੰਦਰ ਸਿੰਘ ਕੈਰੋਂ
ਫੋਨ:+91-82643-06671

ਵਸਤੂ ਜਾਂ ਵਰਤਾਰੇ ਨੂੰ ਦੇਖਿਆ ਹੁੰਦਾ ਹੈ ਉਹ ਆਪਣੇ ਬੱਚੇ ਦਾ ਨਾਮ ਉਸੇ ਉਪਰ ਹੀ ਰੱਖ ਦਿੰਦਾ ਸੀ। ਜਿਵੇਂ ਜੇਕਰ ਕਿਸੇ ਨੇ ਕਾਂ ਉਡਦਾ ਹੋਇਆ ਦੇਖਿਆ ਤਾਂ ਨਾਮ ਰੱਖ ਦਿੱਤਾ ਫਲਾਇੰਗ ਕਰੋਅ। ਜੇਕਰ ਕਿਸੇ ਨੇ ਪਹਾੜੀ ਤੋਂ ਪੱਥਰ ਰਿੜਦਾ ਵੇਖਿਆ ਤਾਂ ਨਾਂ ਹੋ ਗਿਆ ਫਾਲਿੰਗਸਟੋਨ। ਉਸ ਦੇ ਪਾਤਰ ਰੋਜ਼ ਦੇ ਭਾਸ਼ਣ ਵਿਚੋਂ ਵੀ ਇਹੋ ਝਲਕਾਰੇ ਮਿਲਦੇ ਹਨ।

ਜਿਵੇਂ ਅਸੀਂ ਖੇਡਣਾ ਬੰਦ ਨਹੀਂ ਕਰਦੇ ਕਿਉਂਕਿ ਅਸੀਂ ਬੁੱਢੇ ਹੋ ਗਏ ਹਾਂ ਅਸੀਂ ਬੁੱਢੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਖੇਡਣਾ ਬੰਦ ਕਰ ਦਿੰਦੇ ਹਾਂ। ਜਵਾਨ ਅਤੇ ਖੁਸ਼ ਰਹਿਣ ਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਿਰਫ਼ ਚਾਰ ਰਾਜ਼ ਹਨ। ਤੁਹਾਨੂੰ ਹਰ ਰੋਜ਼ ਹੱਸਣਾ ਅਤੇ ਹਾਸਾ-ਮਜ਼ਾਕ ਲੱਭਣਾ ਪਵੇਗਾ। ਤੁਹਾਨੂੰ ਇੱਕ ਸੁਪਨਾ ਹੋਣਾ ਚਾਹੀਦਾ ਹੈ। ਜਦੋਂ ਤੁਸੀਂ ਸੁਪਨੇ ਨੂੰ ਗਵਾ ਦਿੰਦੇ ਹੋ ਤੁਸੀਂ ਮਰ ਜਾਂਦੇ ਹੋ। ਇੰਜ ਉਸਨੇ ਇਸ਼ਕ, ਸਹਿਤ ਲੋਕ, ਸਹਿਤ ਅਤੇ ਵਿਸ਼ਵ ਸੱਭਿਆਚਾਰ ਵਿਚੋਂ ਲੋਕ ਸੱਚ ਨੂੰ ਕਸ਼ੀਦ ਕੇ ਆਪਣੀ ਰਚਨਾ ਨੂੰ ਉਸਾਰਿਆ ਹੈ। ਇਥੇ ਉਸਨੇ ਇਕ ਤਰਖਾਣ ਦੀ ਵਧੀਆ ਉਦਾਹਰਣ ਦਿੱਤੀ ਹੈ, ਜਿਸ ਨੂੰ ਕਿਸੇ ਅਮੀਰ ਆਦਮੀ ਨੇ ਕਾਰੋਬਾਰ ਲਈ ਕਿਹਾ ਸੀ। ਜੋ ਸੇਵਾ ਮੁਕਤ ਹੋ ਰਿਹਾ ਸੀ ਇੱਕ ਹੋਰ ਘਰ ਬਣਾਉਣ ਲਈ ਕਿਹਾ। ਉਸਨੇ ਬੜੀ ਲਾਪਰਵਾਹੀ ਦਿਖਾਈ ਜੇ ਉਹ ਨਾ ਲਾਪਰਵਾਹੀ ਕਰਦਾ ਤਾਂ ਉਹ ਇੱਕ ਵਧੀਆ ਘਰ ਉਸਾਰ ਸਕਦਾ ਸੀ।

ਇਸ ਰਚਨਾ ਦੇ ਲੇਖਕ ਨੇ ਆਪਣੇ ਪਰਿਵਾਰ ਅਤੇ ਖਾਸ ਕਰਕੇ ਆਪਣੀ ਮਾਤਾ ਜੀ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਸੱਭਿਆਚਾਰ ਦੀਆਂ ਰਹੁ-ਰੀਤਾਂ ਅਤੇ ਜੀਵਨ-ਵਿਹਾਰ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਚਿਤਰ ਕੇਵਲ ਘਰੇਲੂ ਰੰਗਤ ਵਾਲਾ ਹੀ ਨਹੀਂ, ਸਗੋਂ ਪੰਜਾਬੀ ਸੱਭਿਆਚਾਰ ਦੇ ਬਹੁਤ ਸਾਰੇ ਪਾਤਰਾਂ ਦੇ ਜੀਵਨ-ਵਿਹਾਰ ਨੂੰ ਸਾਹਮਣੇ ਖਿੱਚ ਕੇ ਲਿਆਂਦਾ ਹਾਂ। ਉਸਨੇ ਆਪਣੇ ਬਚਪਨ ਵਿਚ ਜੋ ਮਾਣਿਆ ਹੰਢਾਇਆ ਅਤੇ ਅਨੁਭਵ ਕੀਤਾ ਉਸ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਆਪਣੇ ਬਚਪਨ ਦੇ ਅਨੁਭਵਾਂ ਬਾਅਦ ਉਸਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਦੀ ਪੜ੍ਹਾਈ ਸਮੇਂ ਮਿਲੇ ਬਹੁਤ ਸਾਰੇ ਲੇਖਕਾਂ ਬਾਰੇ ਵੀ ਭਰਪੂਰਤਾ ਨਾਲ ਜ਼ਿਕਰ ਕੀਤਾ ਹੈ। ਉਸ ਨੂੰ ਇਸ ਗੱਲ ਉਪਰ ਵੀ ਗਿਲਾ ਹੈ ਕਿ ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਮੰਨਦੇ ਪੜ੍ਹਦੇ ਪੂਜਦੇ ਤਾਂ ਜ਼ਰੂਰ ਹਾਂ ਪ੍ਰੰਤੂ ਉਨ੍ਹਾਂ ਦੀਆਂ ਸਿੱਖਿਆਵਾਂ ਉਪਰ ਚੱਲਦੇ ਨਹੀਂ। ਉਹ ਅਖੌਤੀ ਆਧੁਨਿਕ ਔਰਤਾਂ ਦੇ ਜੀਵਨ-ਵਿਹਾਰ ਉਪਰ ਵੀ ਤਨਜ਼ ਕਸਦਾ ਹੈ। ਅਖੌਤੀ ਅਜੋਕੇ ਯੋਗ ਨਾਲੋਂ ਉਹ ਹੱਥੀਂ ਕਿਰਤ ਅਤੇ ਮਿਹਨਤ ਨੂੰ ਵਧੇਰੇ ਗੁਣਕਾਰੀ ਮੰਨਦਾ ਹੈ ਅਤੇ ਯੋਗ ਦਰਸ਼ਨ ਬਾਰੇ ਚੰਗੀ ਜਾਣਕਾਰੀ ਦਿੰਦਾ ਹੈ। ਇਸ ਦੇ ਨਾਲ ਹੀ ਇਸ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਜੋੜ ਕੇ ਵੀ ਦੇਖਦਾ ਹੈ। ਇਸ ਵਿਚ ਉਹ ਨਾਥ ਬਾਣੀ ਅਤੇ ਗੁਰੂ ਬਾਣੀ ਦੀਆਂ ਉਦਾਹਰਣਾਂ ਵੀ ਦੇਈ ਜਾਂਦਾ ਹੈ। ਡਾ ਅਮਰਜੀਤ ਟਾਂਡਾ ਮੂਲ ਰੂਪ ਵਿਚ ਵਿਗਿਆਨੀ ਹੈ। ਇਸ ਲਈ ਉਸ ਦੀਆਂ ਰਚਨਾਵਾਂ ਵਿਚ ਵਿਗਿਆਨਕ ਤੱਤ ਆਉਣਾ ਸੁਭਾਵਿਕ ਹੀ ਹੈ। ਇਸ ਦਾ ਲਾਭ ਇਹ ਹੁੰਦਾ ਹੈ ਕਿ ਅਜਿਹੇ ਲੇਖਕ ਦੀਆਂ ਰਚਨਾਵਾਂ ਵਿਗਿਆਨਕ ਸੱਚ ਦੇ ਵਧੇਰੇ ਨੇੜੇ ਹੋ ਕੇ ਗੁਜ਼ਰਦੀਆਂ ਹਨ। ਇਹੋ ਕਾਰਨ ਹੈ ਕਿ ਅਜਿਹੀਆਂ ਰਚਨਾਵਾਂ ਵਿਚੋਂ ਕਮੀਆਂ ਲੱਭਣੀਆਂ ਤੇ ਪਛਾਨਣੀਆਂ ਸੰਭਵ ਨਹੀਂ ਹੁੰਦੀਆਂ। ਉਂਝ ਵੀ ਮੈਂ ਇਸ ਰਚਨਾ ਨੂੰ ਕਮੀਆਂ ਲੱਭਣ ਲਈ ਨਹੀਂ ਪੜ੍ਹ ਰਿਹਾ, ਇਸ ਨੂੰ ਪੜ੍ਹਨ ਲਈ ਮੇਰੇ ਦੋ ਕਾਰਨ ਜਾਂ ਕਹਿਣਾ ਚਾਹੀਦਾ ਹੈ ਕਿ ਲੋੜਾਂ ਹਨ। ਇਕ ਕਿ ਨਵੇਂ ਲੇਖਕ ਕੀ ਲਿਖ ਰਹੇ ਹਨ। ਦੂਜਾ ਕਿ ਉਹ ਕਿਵੇਂ ਲਿਖ ਰਹੇ ਹਨ। ਕੀ ਲਿਖ ਰਹੇ ਹਨ ਦੇ ਸਵਾਲ ਨੂੰ ਜਾਨਣਾ-ਸਮਝਣਾ ਬੜਾ ਸਿੱਧਾ ਅਤੇ ਸੌਖਾ ਹੈ। ਇਹ ਤਕਰੀਬਨ ਹਰ ਪਾਠਕ ਦੇ ਵਸ ਦੀ ਅਤੇ ਸਮਝ ਦੀ ਗੱਲ ਹੈ। ਪਰੰਤੂ ਕਿਵੇਂ ਲਿਖਦੇ ਹਨ ਇਹ ਬੜਾ ਟੇਢਾ ਸਵਾਲ ਹੈ। ਪੰਜਾਬੀ ਸਾਹਿਤ ਦੀ ਆਲੋਚਨਾ ਦੇ ਇਤਿਹਾਸ ਵਿਚ ਝਾਤੀ ਮਾਰੀ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ। ਕਿਹਾ ਜਾਂਦਾ ਸੀ, ਰਚਨਾ ਵਿਚਲਾ ਤੱਤਸਾਰ ਪਾਠਕ ਨੂੰ ਪਹਿਲੀਆਂ ਪੰਗਤੀਆਂ ਵਿਚੋਂ ਹੀ ਸਮਝ ਆਉਣਾ ਚਾਹੀਦਾ ਹੈ ਤਾਕਿ ਪਤਾ ਲੱਗ ਜਾਵੇ ਕਿ ਪੂਰੀ ਰਚਨਾ ਵਿਚ ਕੀ ਕਿਹਾ ਗਿਆ ਹੈ। ਪ੍ਰੰਤੂ ਜਦ ਪੰਜਾਬੀ ਆਲੋਚਨਾ ਕੁਝ ਜਵਾਨ ਹੋਈ ਤਾਂ ਇਹ ਵਿਚਾਰ ਭਾਰੂ ਹੋ ਗਿਆ ਕਿ ਜੇਕਰ ਰਚਨਾ ਦਾ ਪੂਰਾ ਤੱਤ ਪਹਿਲੀਆਂ ਲਾਈਨਾਂ ਵਿਚ ਹੀ ਸਪਸ਼ਟ ਹੋ ਗਿਆ ਤਾਂ ਕੋਈ ਵੀ ਪਾਠਕ ਤੁਹਾਡੀ ਪੂਰੀ ਰਚਨਾ ਨੂੰ ਨਹੀਂ ਪੜ੍ਹੇਗਾ। ਇਸ ਲਈ ਸਾਰਾ ਕੁਝ ਅਖੀਰ ਤੱਕ ਗੁਪਤ ਰੱਖੋ। ਇਸ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਇਸ ਨਾਵਲ ਵਿਚ ਵੀ ਅਜਿਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਨਾਵਲ ਦੇ ਆਰੰਭ ਵਿਚ ਪਾਠ ਵਿਚ ਹੀ ਰੋਜ਼ ਦਾ ਪ੍ਰਵੇਸ਼ ਕਰਵਾਇਆ ਗਿਆ ਹੈ। ਪਾਠਕ ਨੂੰ ਸਮਝ ਹੀ ਨਹੀਂ ਲੱਗਦੀ ਕਿ ਰੋਜ਼ ਕੌਣ ਹੈ ਨਰ ਹੈ ਜਾਂ ਮਾਦਾ ਹੈ। ਇਸ ਨਾਵਲ ਦੀਆਂ ਪਹਿਲੀਆਂ ਲਾਈਨਾਂ ਹੀ ਪ੍ਰਭਾਵਿਤ ਕਰਕੇ ਤੁਹਾਨੂੰ ਆਪਣੇ ਨਾਲ ਜੋੜ ਲੈਂਦੀਆਂ ਹਨ। ਜਿਹੜੀਆਂ ਇੰਜ ਹਨ: 'ਉਹ ਲੋਕ ਜਿਨ੍ਹਾਂ ਨੂੰ ਤੁਸੀਂ ਮਿਲਦੇ ਹੋ ਜੋ ਤੁਹਾਡੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਤੁਹਾਡੇ ਦੁਆਰਾ ਅਨੁਭਵ ਕੀਤੇ ਗਏ ਸਫ਼ਲਤਾ ਅਤੇ ਪਤਨ ਤੁਹਾਨੂੰ ਇਹ ਬਣਾਉਣ ਵਿਚ ਮਦਦ ਕਰਦੇ ਹਨ ਕਿ ਤੁਸੀਂ ਕੌਣ ਹੋ'




ਲੇਖਕ ਨੇ ਆਪਣੀ ਸਿਰਜਣਾ ਨੂੰ ਬੜੇ ਖ਼ੂਬਸੂਰਤ ਅਖਾਣਾਂ ਅਤੇ ਮੁਹਾਵਰਿਆਂ ਨਾਲ ਢੁਕਵੇਂ ਵਾਤਾਵਰਣ ਨਾਲ ਸ਼ਿੰਗਾਰਿਆ ਹੈ। ਜਿਵੇਂ 'ਮੇਲੇ ਵਿਚ ਗੁਆਚੇ ਬੱਚੇ ਨੂੰ ਮਾਂ ਲੱਭਦੀ ਹੈ' ਇਸ ਦੇ ਨਾਲ ਹੀ ਆਪਣੇ ਕਥਨ ਦੀ ਪ੍ਰੋੜਤਾ ਲਈ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਇਹ ਸੱਭ ਕੁਝ ਬੁਢਾਪੇ ਅਤੇ ਚੰਗੇ ਜੀਵਨ ਲਈ ਹੈ। ਜਿਸ ਵਿਚ ਚੰਗੇ ਜੀਵਨ ਨੂੰ ਜਿਉਣ ਦੇ ਸੁਝਾਅ ਵੀ ਦਿੱਤੇ ਹਨ। ਜਿਸ ਵਿਚ ਉਸ ਸਰੀਰ ਅਤੇ ਮਾਨਸਿਕ ਅਵਸਥਾ ਦੇ ਸੁਮੇਲ ਦੀ ਗੱਲ ਕਰਦਾ ਹੈ। ਉਹ ਰੰਗੀਨੀਆਂ ਨੂੰ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਲਾਹ ਵੀ ਦਿੰਦਾ ਹੈ। ਜਿਸ ਵਿਚ ਉਹ ਉਦਾਸੀਨਤਾ ਨੂੰ ਮਨ ਦੇ ਨੇੜੇ ਆਉਣ ਤੋਂ ਰੋਕਦਾ ਹੈ ਅਤੇ ਪੁਰਾਣੇ ਰਿਸ਼ਤਿਆਂ ਅਤੇ ਸੰਗੀਤ ਨਾਲ ਜੁੜਨ ਲਈ ਕਹਿੰਦਾ ਹੈ ਅਤੇ ਕੰਮ ਵਿਚ ਜੁੜੇ ਰਹਿਣ ਦੀ ਤਾਕੀਦ ਕਰਦਾ ਹੈ। ਜਿਸ ਦੀਆਂ ਉਹ ਪੁਰਾਣੇ ਦੋਸਤਾਂ ਨੂੰ ਮਿਲਣ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਉਸ ਦੀਆਂ ਇਹ ਉਦਾਹਰਣਾਂ ਕਈ ਵਾਰ ਕਾਵਿਕ ਰੂਪ ਧਾਰ ਲੈਂਦੀਆਂ ਹਨ। ਜਿਸ ਤੋਂ ਇਹ ਸਮਝ ਪੈਂਦੀ ਹੈ ਕਿ ਉਸਦੀ ਕੇਵਲ ਵਾਰਤਕ ਸ਼ੈਲੀ ਹੀ ਕਾਵਿਕ ਨਹੀਂ ਸਗੋਂ ਕਵਿਤਾਈ ਤਰੰਗਾਂ ਉਸਦੇ ਧੁਰ ਮਨ ਅੰਦਰ ਵੀ ਰਚੀਆਂ ਹੋਈਆਂ ਹਨ। ਉਹ ਬਚਪਨ ਦੀਆਂ ਬਾਲ ਖੇਡਾਂ ਅਤੇ ਹਾਣੀਆਂ ਨਾਲ ਕੀਤੀਆਂ ਨਿੱਕੀਆਂ ਮੋਟੀਆਂ ਲੜਾਈਆਂ-ਭੜਾਈਆਂ ਦਾ ਵੀ ਖ਼ੂਬਸੂਰਤ ਜ਼ਿਕਰ ਕਰਦਾ ਹੈ। ਧਰਮ ਅਤੇ ਰਿਸ਼ਤਿਆਂ ਉਪਰ ਵੀ ਵਿਅੰਗ ਕਰਦਾ ਹੈ। ਮਸ਼ਨੂਈ ਪਦਾਰਥਕ ਤਰੱਕੀ ਦਾ ਵੀ ਮਖੌਲ ਉਡਾਉਂਦਾ ਹੈ। ਜਿਸ ਵਿਚ ਹਉਮੈ ਅਤੇ ਹੰਕਾਰ ਭਰਿਆ ਪਿਆ ਹੈ। ਜਿਸ ਨੂੰ ਤਜ ਕੇ ਉਹ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਸਲਾਹ ਦਿੰਦਾ ਹੈ। ਇਨ੍ਹਾਂ ਯਤਨਾਂ ਅਤੇ ਯਾਦਾਂ ਵਿਚ ਉਹ ਪੰਜਾਬ ਦੇ ਪਿੰਡਾਂ ਦੀ ਰਹਿਤਲ ਦੀ ਰਹਿਦ-ਖੂੰਦ ਨੂੰ ਵੀ ਬਿਆਨ ਕਰਦਾ ਹੈ। ਜਿਸ ਨੂੰ ਪ੍ਰਵਾਸੀ ਪ੍ਰਭਾਵ ਭ੍ਰਿਸ਼ਟ ਕਰੀ ਜਾ ਰਹੇ ਹਨ। ਉਸ ਨੂੰ ਵਧ ਰਹੇ ਸ਼ਹਿਰੀਕਰਨ ਦੇ ਰੁਝਾਨ ਬਾਰੇ ਵੀ ਚਿੰਤਾ ਹੈ ਕਿਉਂਕਿ ਉਹ ਮਹਿਸੂਸ ਕਰ ਰਿਹਾ ਹੈ ਕਿ ਇਸ ਨਾਲ ਮਾਨਸਿਕ ਆਨੰਦ ਦਾ ਖ਼ਾਤਮਾ ਹੋ ਰਿਹਾ ਹੈ। ਰਿਸ਼ਤਿਆਂ ਵਿਚੋਂ ਆਤਮਕ ਖ਼ੁਸ਼ੀ ਖੁਰਦੀ ਜਾ ਰਹੀ ਹੈ। ਜਿਸ ਵਿਚੋਂ ਸੱਭਿਆਚਾਰਕ ਰਸਮ-ਰਿਵਾਜ਼ ਮੇਲ-ਜੋਲ ਪਿਆਰ-ਮੁਹੱਬਤ ਮਨਫ਼ੀ ਹੁੰਦਾ ਜਾ ਰਿਹਾ ਹੈ। ਕਲਾਕਾਰੀ ਦੀ ਗੱਲ ਇਹ ਹੈ ਕਿ ਲੇਖਕ ਇਸ ਬਾਰੇ ਸੁਚੇਤ ਵੀ ਹੈ ਅਤੇ ਚਿੰਤਿਤ ਵੀ ਹੈ। ਮੈਨੂੰ ਇਸ ਰੋਚਿਕ ਗਿਆਨ ਵਰਧਕ ਅਤੇ ਜ਼ਿੰਦਗੀ ਨੂੰ ਮਾਨਵੀ ਸੇਧ ਦੇਣ ਵਾਲੀ ਪੁਸਤਕ ਦੀ ਪ੍ਰਕਾਸ਼ਨਾਂ ਉਪਰ ਜਿੱਥੇ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਉਥੇ ਲੇਖਕ ਨੂੰ ਇਸ ਲਈ ਵਧਾਈ ਦੇਣ ਦੀ ਪ੍ਰਸੰਨਤਾ ਵੀ ਹੋ ਰਹੀ ਹੈ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਰਚ ਮਹੀਨੇ ਦੀ ਇਕੱਤਰਤਾ

**ਕੈਲਗਰੀ:** ਲੰਘੇ ਐਤਵਾਰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿਚ ਹੋਈ। ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ 23 ਮਾਰਚ 1931 ਨੂੰ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੱਸਿਆ ਕਿ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਦਾ ਮਕਸਦ ਕਿਸੇ ਨੂੰ ਮਾਰਨਾ ਨਹੀਂ ਸੀ ਸਗੋਂ ਹੱਕ ਅਤੇ ਸੱਚ ਦੀ ਆਵਾਜ਼ ਨਾਲ ਬਰਤਾਨਵੀਂ ਸਰਕਾਰ ਦੇ ਕੰਨ ਖੋਲ੍ਹਣਾ ਸੀ।

ਸੁਖਮੰਦਰ ਸਿੰਘ ਗਿੱਲ ਨੇ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਰੱਬ ਬਾਰੇ ਇਕ ਖ਼ੂਬਸੂਰਤ ਨਜ਼ਮ ਗਾ ਕੇ ਸਭਾ ਦੀ ਕਾਰਵਾਈ ਦਾ ਅਰੰਭ ਕੀਤਾ। ਨਜ਼ਮ ਦੇ ਬੋਲ ਸਨ:

ਚਾਰੇ ਪਾਸੇ ਰੱਬ ਰੱਬ ਹੋਈ ਜਾਂਦਾ ਏ
ਬੰਦੇ ਨਾਲੋਂ ਬੰਦਾ ਕਿਉਂ ਅਲੱਗ ਹੋਈ ਜਾਂਦਾ ਏ।

ਗੁਰਰਾਜ ਸਿੰਘ ਵਿਰਕ ਨੇ ਪ੍ਰਵਾਸ ਦੀ ਗੱਲ ਕਰਦਿਆਂ ਪ੍ਰਵਾਸ ਸੰਬੰਧੀ ਆਪਣੀ ਮੌਲਿਕ ਰਚਨਾ ਨਾਲ ਸਾਂਝ ਪਾਈ।

ਖੇਤ ਉਡੀਕੇ ਮਾਲਕਾਂ ਨੂੰ.....ਹੁਣ ਤਾਂ ਮੁੜ ਆਓ ਵੇ...।

ਕਵਿਤਾ ਨੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਅਸੀਂ ਖਾਸਕਰ ਪੰਜਾਬੀਆਂ ਨੇ ਟੋਟਿਆਂ 'ਚ ਰਹਿਣਾ ਸਿੱਖ ਲਿਆ ਹੈ। ਸਰੀਰ ਕਿਤੇ ਤੇ ਮਨ ਕਿਤੇ। ਕੈਨੇਡਾ ਅਮਰੀਕਾ ਬੈਠੇ ਖੇਤੀ ਵਰਗਾ ਧੰਦਾ ਵੀ ਨੌਕਰਾਂ ਤੋਂ ਫ਼ੋਨਾਂ 'ਤੇ ਕਰਵਾਈ ਜਾਂਦੇ ਹਾਂ।

ਸ. ਲਖਵਿੰਦਰ ਸਿੰਘ ਪਟਿਆਲਾ ਨੇ ਆਪਣੇ ਫੌਜੀ ਜੀਵਨ ਦੀ ਮੁਸ਼ਕਿਲਾਂ ਭਰੀ ਜ਼ਿੰਦਗੀ ਦੀ ਜਾਣਕਾਰੀ ਭਰਪੂਰ ਦਾਸਤਾਨ ਸੁਣਾਈ। ਉਨ੍ਹਾਂ ਬਹੁਤ ਹੀ ਰੋਚਕ ਤੇ ਜਾਣਕਾਰੀ ਭਰਪੂਰ ਗੱਲ ਸੁਣਾਈ ਕਿ ਕਿਵੇਂ ਉਨ੍ਹਾਂ ਨੇ ਸਿਆਚਿਨ ਗਲੇਸ਼ੀਅਰ 'ਤੇ ਪੰਜ ਮਹੀਨੇ ਤੇ ਨੌਂ ਦਿਨ ਡਿਊਟੀ ਕੀਤੀ।

ਇਸ ਤੋਂ ਇਲਾਵਾ ਉਨ੍ਹਾਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਯਾਦ ਕਰਦਿਆਂ ਇਕ ਨਜ਼ਮ ਸੁਣਾਈ

ਸੁਣ ਲੈ ਭਗਤ ਸਿਆਂ ਕੰਨ ਲਾ ਕੇ
ਸੁਣ ਲੈ ਮੇਰੀ ਬਾਤ
ਰਾਜੇ ਪਾਪੀ ਹੋ ਗਏ
ਗਰੀਬ ਹੋਇਆ ਕਿਰਸਾਨ।

ਸੁਰਜੀਤ ਸਿੰਘ ਹੇਅਰ ਹੋਰਾਂ ਨੇ ਆਪਣੀ ਪਾਕਿਸਤਾਨੀ ਫ਼ੇਰੀ ਦੀਆਂ ਯਾਦਾਂ ਤੋਂ ਇਲਾਵਾ ਕੁਝ ਰੁਬਾਈਆਂ ਨਾਲ ਖ਼ੂਬਸੂਰਤ ਮਹੌਲ ਸਿਰਜਿਆ ਤੇ ਜਾਂਦੇ ਜਾਂਦੇ ਬਹੁਤ ਸੁੰਦਰ ਰੁਬਾਈ ਨਾਲ ਸਾਂਝ ਪਾਈ।

ਆਪਣੇ ਸੀਨੇ ਦੇ ਸਾਰੇ ਜ਼ਖ਼ਮ ਸੀ ਲੈਂਦੇ ਨੇ ਲੋਕ
ਪਰ ਕਿਸੇ ਦੇ ਛੇੜ ਕੇ ਖੋਰੇ ਕੀ ਲੈਂਦੇ ਨੇ ਲੋਕ
ਮੇਰੇ ਜ਼ਖ਼ਮਾਂ ਦੇ ਅੰਗੂਰਾਂ ਨੂੰ ਹੀ ਲਾ ਕੇ ਚੋਭੜਾਂ
ਰਸ ਅੰਗੂਰਾਂ ਦਾ ਸਮਝ ਕੇ ਪੀ ਲੈਂਦੇ ਨੇ ਲੋਕ।

ਮਨਮੋਹਣ ਬਾਠ ਹੋਰਾਂ ਨੇ ਸਰਦੂਲ ਲੱਖਾ ਦੀ ਗ਼ਜ਼ਲ ਤਰੰਨਮ ਵਿਚ ਸੁਣਾਈ।

ਮੇਰੇ ਦੇਸ਼ ਦੀ ਮਹਾਨਤਾ
ਲੀਰੋ ਲੀਰ ਹੁੰਦੀ
ਵੱਡੇ ਸ਼ਹਿਰ ਦੀ ਚਕਾਚੌਂਧ ਚੋਂਧ

ਅੰਤ ਵਿੱਚ ਲਿਖਦੇ ਹਨ :
ਭੋਲਾ ਭਾਲਾ ਹਾਂ ਮੈਂ ਤਾਂ
ਦੇਸ਼ ਦੀ ਜਨਤਾ ਵਰਗਾ
ਸੋਚਦਾ ਹਾਂ ਸ਼ਾਇਦ



ਤੇਰੀਆਂ ਵੀ ਕਿਤੇ ਸਰਕਾਰਾਂ ਹੁੰਦੀਆਂ
ਕਾਹਨੂੰ ਓਏ ਕਿਸਾਨਾਂ ਤੈਨੂੰ ਹਾਰਾਂ ਹੁੰਦੀਆਂ

ਭੋਲਾ ਸਿੰਘ ਚੌਹਾਨ ਨੇ ਸੰਤ ਰਾਮ ਉਦਾਸੀ ਦੀ ਰਚਨਾ 'ਚਮਕੌਰ ਦੀ ਗੜ੍ਹੀ' ਨੂੰ ਤਰੰਨਮ 'ਚ ਪੇਸ਼ ਕਰ ਕੇ ਰੰਗ ਬੰਨ੍ਹਿਆ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਸਰਦੂਲ ਸਿੰਘ ਲੱਖਾ ਨੇ ਆਪਣੀ ਬਹੁਤ ਹੀ ਭਾਵ-ਪੂਰਤ ਮੌਲਿਕ ਰਚਨਾ ਨਾਲ ਹਾਜ਼ਰੀ ਲਗਵਾਈ।

ਅੱਖੀਂ ਦੇਖੀ ਹੈ ਮੈਂ
ਏਸ ਨਰਕ ਦੀ ਵੀ ਲੋੜ ਹੋਣੀ ਹੈ
ਭਾਰਤ ਨੂੰ
ਵਿਸ਼ਵ ਗੁਰੂ ਬਣਨ ਲਈ।

ਸਰਦੂਲ ਲੱਖਾ ਨੇ ਆਪਣੀ ਇਕ ਛੋਟੀ ਜਿਹੀ ਪਰ ਬਹੁਤ ਵੱਡੇ ਅਰਥਾਂ ਵਾਲੀ ਕਹਾਣੀ ਨਾਲ ਹਾਜ਼ਰੀਨ ਦੇ ਮਨਾਂ 'ਤੇ ਬਹੁਤ ਡੂੰਘਾ ਪ੍ਰਭਾਵ ਛੱਡਿਆ। ਕਹਾਣੀ ਦੀਆਂ ਆਖ਼ਰੀ ਸਤਰਾਂ "ਬਾਈ! ਮੇਰਾ ਬਾਈ ਛੁੱਟੀ ਕੱਟ ਕੇ ਗਿਆ ...ਮੁੜ ਨੀ ਆਇਆ। ਬਾਈ! ਤੂੰ ਤਾਂ ਆ ਜਾਇਆ ਕਰੇਂਗਾ।"- ਸਭ ਦੀਆਂ ਅੱਖਾਂ 'ਚ ਪਾਣੀ ਭਰ ਆਇਆ।

ਸਭਾ ਦੇ ਖਜ਼ਾਨਚੀ ਮਨਜੀਤ ਬਰਾੜ ਨੇ ਆਪਣੇ ਦੋਸਤ ਨਾਇਬ ਸਿੰਘ ਬਰਾੜ ਦੀ ਰਚਨਾ ਸੁਣਾਈ। ਬੀਰ ਰਸ ਦੀ ਇਸ ਰਚਨਾ ਦੇ ਬੋਲ ਇਸ ਪ੍ਰਕਾਰ ਹਨ-

ਆ ਕੇ ਸੁਪਨੇ 'ਚ ਭਗਤ ਸਿੰਘ ਰੋਜ਼ ਪੁੱਛਦਾ
ਫ਼ੀਲ ਗੁੱਡ 'ਚ ਵਿੱਚ ਸੁੱਤੇ ਕਿਉਂ ਯਾਰ ਮੇਰੇ।

ਗੁਰਦੀਪ ਕੌਰ ਗਹੀਰ ਨੇ ਲੋਕ ਗੀਤ ਨਾਲ ਆਪਣੀ ਸਾਂਝ ਪਾਈ - ਸੁਣ ਵੇ ਢੋਲਣਾ....ਮੈਂ ਨਹੀਓਂ ਬੋਲਣਾ...। ਉਸਦੀ ਸੁਰੀਲੀ ਤੇ ਉੱਚੀ ਆਵਾਜ਼ ਨੇ ਨਰਿੰਦਰ ਬੀਬਾ ਜੀ ਦੀ ਯਾਦ ਦਿਵਾ ਦਿੱਤੀ।

ਸੁਰਿੰਦਰ ਸਿੰਘ ਢਿਲੋਂ ਨੇ ਚੋਣਵੇ ਉਰਦੂ ਸ਼ੇਅਰ ਸੁਣਾਉਣ ਦੇ ਨਾਲ ਨਾਲ ਕੁਝ ਮਹੱਤਵ ਪੂਰਣ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਤੋਂ ਇਲਾਵਾ ਅਵਤਾਰ ਬਰਾੜ ਨੇ ਆਪਣੀਆਂ ਦੋ ਛੋਟੀਆਂ ਕਵਿਤਾਵਾਂ ਨਾਲ ਸਭ ਦਾ ਮਨੋਰੰਜਨ ਕੀਤਾ-

ਤੇਰਾ ਪਿਆਰ ਦੁਲਾਰਨ ਲਈ ਮੈਂ ਕੁਝ ਸ਼ਾਮਾਂ ਰੱਖੀਆਂ ਨੇ
ਤੇਰਾ ਨਾਮ ਪੁਕਾਰਨ ਲਈ ਕੁਝ ਤਾਂਘਾਂ ਰੱਖੀਆਂ ਨੇ।

ਦੀਪ ਬਰਾੜ ਦੀ ਗਾਇਕੀ ਬੇਮਿਸਾਲ ਰਹੀ। ਆਪਣੇ ਹਾਰਮੋਨੀਅਮ 'ਤੇ ਕੁਝ ਸਾਹਿਤਕ ਟੱਪੇ ਗਾ ਕੇ ਖ਼ੂਬ ਰੰਗ ਬੰਨ੍ਹਿਆ।

ਅੰਤ ਵਿਚ ਸੁਰਿੰਦਰ ਗੀਤ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਇਕ ਗ਼ਜ਼ਲ ਪੇਸ਼ ਕੀਤੀ।

ਜੇ ਤੂੰ ਲੋਕ ਦਿਲਾਂ ਵਿਚ ਵਸਣਾ
ਗੀਤ ਗ਼ਜ਼ਲ ਕਵਿਤਾਵਾਂ ਬਣ ਜਾ
ਧੁੱਪ ਵਿਚ ਸੜਦੇ ਲੋਕਾਂ ਖ਼ਾਤਿਰ
ਰੁੱਖ ਤੂੰ ਇਕ ਘਣਛਾਵਾਂ ਬਣ ਜਾ।

ਭੁਪਿੰਦਰ ਸਿੰਘ ਬੈਂਸ, ਗੁਰਬਖਸ਼ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਗਹੀਰ ਨੇ ਹਾਜ਼ਰੀ ਲਗਵਾਈ।

ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ। ਅਪਰੈਲ ਮਹੀਨੇ ਦੀ ਇਕੱਤਰਤਾ 27 ਅਪਰੈਲ 2025 ਨੂੰ ਹੋਵੇਗੀ।

ਜਾਣਕਾਰੀ ਲਈ ਸੁਰਿੰਦਰ ਗੀਤ ਨੂੰ ਫੋਨ ਨੰਬਰ 403 605-3734 ਜਾਂ ਗੁਰਦਿਆਲ ਸਿੰਘ ਖਹਿਰਾ ਨੂੰ 403 968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਰਿਪੋਰਟ: ਸੁਰਿੰਦਰ ਗੀਤ*
*ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲਗਰੀ।*


ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ
PCS OF MICHIGAN
18ਵਾਂ ਸਾਲਾਨਾ 'ਪੰਜਾਬੀ ਮੇਲਾ'
26 ਅਪ੍ਰੈਲ, 2025 (ਸ਼ਨੀਵਾਰ)
FREE ENTRY
FREE FOOD
@WINGS EVENT CENTER
3600 VANRICK DRIVE, KALAMAZOO, MI 49001
ਤੁਹਾਨੂੰ ਸਭ ਨੂੰ ਪਰਿਵਾਰਾਂ ਸਮੇਤ ਆਉਣ ਦਾ ਸੱਦਾ
Timing: 04:00PM TO MIDNIGHT
• ਗਾਇਕੀ ਦਾ ਖੁੱਲ੍ਹਾ ਅਖਾੜਾ • ਗਿੱਧਾ-ਭੰਗੜਾ • ਡਾਂਸ
• ਗੀਤ-ਸੰਗੀਤ • ਸਕਿੱਟ • ਬੋਲੀਆਂ ਅਤੇ ਓਪਨ ਡੀ.ਜੇ.
Chief Guest
DR ANIL KUMAR MD
Board of Governors
Wayne State University Detroit
Guest of Honor
MIKE DUGGAN
Mayor City of Detroit
Guest of Honor
HALEY STEVENS
Congresswoman
Be Ready For GOOD TIME
Design By: MINTAN DESIGNZ
ਗਾਇਕ ਗਿੱਤਾ ਜੈਲਦਾਰ, ਮਿਸ ਪੂਜਾ ਅਤੇ ਜੀ ਸਿੱਧੂ
ਗੀਤ-ਸੰਗੀਤ ਰਾਹੀਂ ਸਰੋਤਿਆਂ ਦਾ
ਮਨੋਰੰਜਨ ਕਰਨਗੇ।
PCS OF MICHIGAN EXECUTIVE COMMITTEE
RUSTY SEKHON (Chairman)
LALI MANGAT (President)
JASWINDER SINGH (Vice President)
BOBBY CHEEMA (Secretary)
MUKHTAR S KHEHRA (Treasurer)
TARSEM SINGH (Joint Treasurer)
AJAY GROVER (Media Advisor)
RUBAL SOHI (Media Advisor)
RAJ BAINS (Media Advisor)
ਬੋਰਡ ਮੈਂਬਰ
ਰਾਜਬੀਰ ਬੋਪਾਰਾਏ
ਕੁਲਦੀਪ ਸਿੰਘ ਗਿੱਲ
ਬਲਦੇਵ ਸਿੰਘ
ਹਰਦੇਵ ਸਰਾਓ
ਭਗਵੰਤ ਸਿੰਘ ਸੰਧੂ
ਕੁਲਵੰਤ ਸਿੰਘ ਮਾਂਗਟ
ਭਾਗ ਸਿੰਘ ਸਿੱਧੂ
ਅਮਰਜੀਤ ਸਿੰਘ
ਪਰਮਜੀਤ ਸਿੰਘ
ਜਸਪਾਲ ਸਿੰਘ ਗਿੱਲ
ਰਾਜ ਸਿੰਘ ਬੇਗੋਵਾਲ
ਗੁਰਮੀਤ ਗੋਗੀ
ਕਰਨੈਲ ਸਿੰਘ ਜੱਥੇ
ਸੁਖਵਿੰਦਰ ਸਿੰਘ ਨਰਵਾਲ
ਸਤਪਾਲ ਸਿੰਘ
ਜੱਸੀ ਧਾਮੀ
ਬਿੱਲੂ ਜੱਸੜ
ਸਵਾਤੀ ਰਾਠੌਰ
HARJAS
Harjas TV
PALACE OF INDIA
Best Choice Wholesaler
Grand Rapid Michigan
5701 Division Ave.
Wyoming MI 49548
You are invited with
your family to witness and enjoy
this colorful event.
Snacks and dinner will be provided.
Donors / Sponsors will be honored.
Radio Chann Pardesi
Hindi • Punjabi

# ਕਵਿਤਾ ਨਾਲ ਮੇਰਾ ਰਿਸ਼ਤਾ

ਕਵਿਤਾ ਤਾਂ ਸਾਡੇ ਚਾਰ-ਚੁਫੇਰੇ, ਅੰਦਰ-ਬਾਹਰ ਖਿਲਰੀ ਪਈ ਹੈ। ਉਹਨੂੰ ਮਹਿਸੂਸ ਕਰਨ ਲਈ ਹੱਸਾਸ ਹਿਰਦਾ, ਵੇਖਣ ਲਈ ਨੂਰ-ਨਜ਼ਰ ਚਾਹੀਦੀ ਹੈ, ਉਹਦੇ ਡੂੰਘ ਵਿਚ ਉਤਰਨ ਲਈ ਲੰਮਾਂ ਦਮ ਚਾਹੀਦਾ, ਇਹਨੂੰ ਉਚੇ ਨਸ਼ੱਤਰਾਂ ਵਿਚੋਂ ਫੂਹਣ ਲਈ ਅੰਬਰੀ ਪਰਵਾਜ਼ ਭਰਨ ਵਾਲੇ ਪਰ ਚਾਹੀਦੇ। ਇਹ ਅਜਿਹੀ ਖ਼ੁਸ਼ਬੋ ਹੈ, ਜਿਸ ਨੂੰ ਮੁੱਠ ਵਿਚ ਨਹੀਂ ਫੜਿਆ ਜਾ ਸਕਦਾ।

ਕਵਿਤਾ ਨਾਲ ਮੇਰਾ ਪਹਿਲਾ ਵਾਹ-ਵਾਸਤਾ ਪਿਆ ਆਪਣੇ ਪਿੰਡ ਦੇ ਧਾਰਮਿਕ ਦੀਵਾਨਾਂ ਵਿਚ ਗਾਈ ਜਾਂਦੀ ਕਵੀਸ਼ਰੀ ਤੇ ਢਾਡੀ ਵਾਰਾਂ ਨਾਲ। ਦੂਜਾ ਵਾਸਤਾ ਗਿਆਨੀ ਨਿਰੰਜਣ ਸਿੰਘ ਰਾਹੀਂ ਪਿਆ। ਉਹ ਅਜਿਹਾ ਅਧਿਆਪਕ ਸੀ ਜਿਸਦਾ ਇਸ ਗੱਲ ਉਤੇ ਜ਼ੋਰ ਹੁੰਦਾ ਕਿ ਪੰਜਾਬੀ ਦੀ ਸੰਬੰਧਤ ਸ਼੍ਰੇਣੀ ਦੀ ਪਾਠ-ਪੁਸਤਕ ਦਾ ਹਰੇਕ ਲੇਖ, ਕਵਿਤਾ ਅਤੇ ਕਹਾਣੀ ਸਾਨੂੰ ਜ਼ਬਾਨੀ ਯਾਦ ਹੋਣੀ ਚਾਹੀਦੀ ਹੈ ਅਤੇ ਉਹ ਇਸ ਗੱਲ ਉਤੇ ਡਟਵਾਂ ਪਹਿਰਾ ਦੇ ਕੇ ਸਾਨੂੰ ਪਾਠ-ਪੁਸਤਕ ਯਾਦ ਕਰਵਾਉਂਦਾ। ਉਸ ਵੇਲੇ ਦੀਆਂ ਯਾਦ ਕੀਤੀਆਂ ਕਈ ਕਵਿਤਾਵਾਂ ਅਜੇ ਵੀ ਮੇਰੇ ਚੇਤੇ ਵਿਚੋਂ ਪਾਣੀ ਵਾਂਗ ਵਹਿ ਨਿਕਲਦੀਆਂ ਹਨ। ਜ਼ਬਾਨੀ ਯਾਦ ਕੀਤੀਆਂ ਅਤੇ ਵਾਰ ਵਾਰ ਦੁਹਰਾਈਆਂ ਅਤੇ ਸੁਣਾਈਆਂ ਜਾਣ ਵਾਲੀਆਂ ਇਨ੍ਹਾਂ ਕਵਿਤਾਵਾਂ ਦੀ ਬਦੌਲਤ ਹੀ ਮੇਰਾ ਕਵਿਤਾ ਨਾਲ ਪਿਆਰ ਹੋਰ ਗੂੜ੍ਹਾ ਹੋ ਗਿਆ ਤੇ ਮੈਨੂੰ ਕਵਿਤਾ ਦੇ ਮੀਟਰ, ਬਹਿਰ ਅਤੇ ਵਜ਼ਨ ਦੀ ਵੀ ਸਹਿਜ-ਸੋਝੀ ਮਿਲ ਗਈ। ਬਿਨਾਂ ਕਿਸੇ ਬਾਕਾਇਦਾ ਸਿੱਖਿਆ ਦੇ ਮੈਨੂੰ ਕਵਿਤਾ ਵਿਚ ਵਜ਼ਨ ਦੀ ਘਾਟ-ਵਾਧ ਦਾ ਤੁਰੰਤ ਪਤਾ ਚੱਲ ਜਾਂਦਾ ਹੈ। ਰਚਨਾ ਨੂੰ ਜ਼ਬਾਨੀ ਯਾਦ ਕਰਨ ਨਾਲ ਹਰੇਕ ਸ਼ਬਦ ਅਤੇ ਵਾਕ ਨੂੰ ਨੇੜਿਓਂ ਜਾ ਕੇ ਮਿਲਣ, ਸਮਝਣ ਅਤੇ ਮਾਣਨ ਦਾ ਮੌਕਾ ਮਿਲਦਾ।



**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਸ਼ਬਦਾਂ ਦੇ ਇਨਾ ਨੇੜੇ ਜਾ ਕੇ ਅਤੇ ਹਰ ਪਲ ਯਾਦ ਵਿਚ ਵੱਸੇ ਹੋਣ ਕਰਕੇ ਪ੍ਰਾਪਤ ਹੋਈ 'ਸ਼ਬਦਾਂ ਦੀ ਰਹੱਸਮਈ ਤਾਕਤ' ਨੂੰ ਵੀ ਅਣਗੌਲਿਆ ਨਹੀਂ ਜਾ ਸਕਦਾ। ਇਹ ਤਾਕਤ ਉਨ੍ਹਾਂ ਸ਼ਾਇਰਾਂ ਕੋਲ ਸੀ, ਜਿਨ੍ਹਾਂ ਦਾ ਉਸ ਵੇਲੇ ਪੰਜਾਬੀ ਕਵਿਤਾ ਵਿਚ ਵੱਡਾ ਨਾਂ ਸੀ। ਬੋਲ-ਸ਼ਾਇਰੀ ਤੋਂ ਲਿਖਿਤ ਸ਼ਾਇਰੀ ਨਾਲ ਮੇਰੀ ਜਾਣ-ਪਛਾਣ ਬਣੀ। ਕਵਿਤਾ ਦੀ ਸਿਰਜਣਾ ਵੱਲ ਰੁਚਿਤ ਕਰਨ ਵਾਲਾ ਸੀ ਮੇਰਾ ਅਧਿਆਪਕ ਲਾਲ ਸਿੰਘ! ਲਾਲ ਸਿੰਘ ਆਪ ਸਟੇਜ ਦਾ ਬਹੁਤ ਵਧੀਆ ਬੁਲਾਰਾ ਸੀ ਅਤੇ ਆਪਣੀਆਂ ਪ੍ਰਾਪਤੀਆਂ ਵਿਚ ਆਪਣੇ ਇਸ ਕੌਸ਼ਲ ਦੀ ਦੇਣ ਨੂੰ ਭਲੀ-ਭਾਂਤ ਸਮਝਦਾ ਸੀ; ਇਸ ਲਈ ਉਹ ਚਾਹੁੰਦਾ ਸੀ, ਹਰੇਕ ਵਿਦਿਆਰਥੀ ਨੂੰ ਸਟੇਜ ਉਤੇ ਜਾ ਕੇ ਆਪਣੇ ਖ਼ਿਆਲਾਂ ਨੂੰ ਪ੍ਰਗਟਾ ਸਕਣ ਦਾ ਜੇਰਾ ਤੇ ਜਾਚ ਆਉਣੀ ਚਾਹੀਦੀ ਹੈ। ਉਸ ਨੇ ਆਉਂਦਿਆਂ ਹੀ ਮੁੱਖ-ਅਧਿਆਪਕ ਨੂੰ ਆਖ ਕੇ ਕੁੱਝ ਸਮਾਂ ਰੋਜ਼ ਹੀ ਬਾਲ-ਸਭਾ ਲਾਉਣ ਲਈ ਰਾਖਵਾਂ ਰੱਖ ਲਿਆ।

ਮਾਸਟਰ ਲਾਲ ਸਿੰਘ ਨੇ ਸਕੂਲ ਦੇ ਹਰੇਕ ਵਿਦਿਆਰਥੀ ਨੂੰ ਇਸ ਇਮਤਿਹਾਨ ਵਿਚ ਪਾਉਣ ਅਤੇ ਪਾਸ ਕਰਨ ਦਾ ਇਰਾਦਾ ਕਰ ਲਿਆ। ਸਕੂਲ ਦੇ ਹਰੇਕ ਬੱਚੇ ਨੂੰ ਸਟੇਜ ਉਤੇ ਖਲੋ ਕੇ ਭਾਸ਼ਣ ਤੇ ਕਵਿਤਾ ਸੁਣਾਉਣ ਜਾਂ ਆਪਣੀ ਗੱਲ ਕਹਿਣ ਦੀ ਔਖ-ਸੌਖ ਦਾ ਸਾਹਮਣਾ ਕਰਨਾ ਹੀ ਪੈਣਾ ਸੀ। ਉਸਨੇ ਸ਼ੁਰੂਆਤ ਦਸਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਕੀਤੀ ਅਤੇ ਸਭ ਨੂੰ ਆਖਿਆ ਕਿ ਹਰੇਕ ਵਿਦਿਆਰਥੀ ਨੂੰ ਆਪਣੇ ਰੋਲ ਨੰਬਰ ਅਨੁਸਾਰ ਆਉਂਦੀ ਵਾਰੀ ਤੇ ਕੁੱਝ ਨਾ ਕੁੱਝ ਜ਼ਰੂਰ ਸੁਣਾਉਣਾ ਪਵੇਗਾ। ਉਨ੍ਹਾਂ ਦੀ ਹਰ ਤਰ੍ਹਾਂ ਅਗਵਾਈ ਕਰਨ ਲਈ ਉਹ ਤਿਆਰ ਸੀ। ਅੱਠ-ਦਸ ਵਿਦਿਆਰਥੀ ਰੋਜ਼ ਭੁਗਤ ਜਾਂਦੇ। ਕਈ ਡਰਦੇ, ਕੰਬਦੀਆਂ ਲੱਤਾਂ ਨਾਲ ਸਟੇਜ 'ਤੇ ਚੜ੍ਹਦੇ। ਕਈ ਥਥਲਾਉਂਦੇ, ਕਈ ਭੁੱਲ ਜਾਂਦੇ, ਕਈ ਹਿੰਮਤ ਕਰਕੇ ਆਪਣੀ ਵਾਰੀ ਠੀਕ-ਠਾਕ ਭੁਗਤਾ ਜਾਂਦੇ। ਜਿਨ੍ਹਾਂ ਦੀ ਵਾਰੀ ਨਾ ਹੁੰਦੀ ਉਹ ਇਸ ਸਭ ਕੁੱਝ ਦਾ ਆਨੰਦ ਮਾਣਦੇ। ਕਿਸੇ ਦੇ ਭੁੱਲਣ 'ਤੇ ਹੱਸਦੇ ਵੀ। ਪਰ ਜਿਨ੍ਹਾਂ ਦੀ ਵਾਰੀ ਅਗਲੇ ਦਿਨਾਂ ਵਿਚ ਆਉਣ ਵਾਲੀ ਹੁੰਦੀ ਉਨ੍ਹਾਂ ਦੇ ਸਾਹ ਸੁੱਕੇ ਰਹਿੰਦੇ ਤੇ ਆਪਣੀ ਵਾਰੀ ਭੁਗਤਾਉਣ ਦਾ ਫ਼ਿਕਰ ਲੱਗਾ ਰਹਿੰਦਾ। ਜਦੋਂ ਅੱਠਵੀਂ ਜਮਾਤ ਦੀ ਵਾਰੀ ਸ਼ੁਰੂ ਹੋਈ ਤਾਂ ਮੈਨੂੰ ਵੀ ਚਿੰਤਾ ਨੇ ਆ ਘੇਰਿਆ।

ਮੇਰਾ ਜਮਾਤੀ ਅਤਰ ਸਿੰਘ ਮੇਰਾ ਨੇੜਲਾ ਮਿੱਤਰ ਵੀ ਸੀ। ਸਾਡੇ ਰੋਲ ਨੰਬਰ ਵੀ ਨੇੜੇ-ਨੇੜੇ ਸਨ। ਉਸਨੇ ਸੁਝਾਓ ਦਿੱਤਾ ਕਿ ਆਪਾਂ ਆਪਣੀ ਵਾਰੀ ਉਤੇ ਆਪ ਕਵਿਤਾ ਜੋੜ ਕੇ ਸੁਣਾਈਏ। ਮੈਨੂੰ ਇਹ ਗੱਲ ਅਜੀਬ ਅਤੇ ਅਲੋਕਾਰ ਲੱਗੀ। ਆਪ ਕਵਿਤਾ ਲਿਖਣ ਬਾਰੇ ਤਾਂ ਮੈਂ ਅੱਜ ਤੱਕ ਸੋਚਿਆ ਹੀ ਨਹੀਂ ਸੀ। ਉਂਜ ਅਤਰ ਸਿੰਘ ਦਾ ਸੁਝਾਓ ਰੁਮਾਂਚਿਤ ਕਰਨ ਵਾਲਾ ਸੀ। ਪਹਿਲੀ ਕਵਿਤਾ ਲਿਖਣ ਵਾਲਾ ਵੱਡਾ ਆਗੂ ਰੋਲ ਵੀ ਅਤਰ ਸਿੰਘ ਨੇ ਹੀ ਨਿਭਾਇਆ। ਉਹ ਸਾਡੇ ਕਵੀਸ਼ਰੀ ਜਥੇ ਦਾ ਲੈਕਚਰ ਦੇਣ ਵਾਲਾ 'ਜਥੇਦਾਰ' ਵੀ ਬਣਿਆ। ਮੇਰੀ ਅਤੇ ਮਹਿੰਦਰ ਦੀ ਆਵਾਜ਼ ਚੰਗੀ ਸੀ। ਵਾਰੀ ਆਉਣ ਉਤੇ ਅਸੀਂ ਡਰੇ-ਸਹਿਮੇ ਤਿੰਨੇ ਜਣੇ ਸਟੇਜ ਉਤੇ ਜਾ ਚੜ੍ਹੇ। ਅਤਰ ਸਿੰਘ ਨੇ ਛੋਟਾ ਜਿਹਾ ਲੈਕਚਰ ਝਾੜਿਆ, 'ਅਧਿਆਪਕ ਸਾਹਿਬਾਨ ਅਤੇ ਭਰਾਵੋ, ਅਸੀਂ ਜਿਹੜੀ ਕਵਿਤਾ ਸੁਣਾਉਣ ਲੱਗੇ ਹਾਂ ਇਹ ਸਾਡੀ ਆਪਣੀ ਲਿਖੀ ਹੋਈ ਹੈ।' ਉਹਦਾ ਐਲਾਨ ਸੁਣ ਕੇ ਕੋਲ ਖਲੋਤੇ ਅਧਿਆਪਕਾਂ ਨੇ ਦਿਲਚਸਪੀ ਨਾਲ ਮੁਸਕਰਾ ਕੇ ਸਾਡੇ ਵੱਲ ਵੇਖਿਆ।

'ਕਵਿਤਾ ਹੈ ਵੀ ਆਪਣੇ ਸਕੂਲ ਬਾਰੇ ਅਤੇ ਇੱਥੋਂ ਦੇ ਮਾਹੌਲ ਬਾਰੇ। ਇਸ ਵਿਚ ਕੁੱਝ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਵੀ ਜ਼ਿਕਰ ਹੈ। ਜੇ ਕਿਸੇ ਨੂੰ ਕੋਈ ਗੱਲ ਚੰਗੀ ਨਾ ਲੱਗੇ ਤਾਂ ਅਸੀਂ ਪਹਿਲਾਂ ਹੀ ਮੁਆਫ਼ੀ ਮੰਗ ਲੈਂਦੇ ਹਾਂ...'

ਅਤਰ ਸਿੰਘ ਨੇ ਭੂਮਿਕਾ ਬੰਨ੍ਹ ਕੇ ਚੰਗੀ ਉਤਸੁਕਤਾ ਪੈਦਾ ਕਰ ਦਿੱਤੀ। ਉਸਨੂੰ ਹੌਸਲੇ ਨਾਲ ਬੋਲਦਿਆਂ ਵੇਖ ਕੇ ਅਸੀਂ ਵੀ ਪੈਰ ਜਮਾ ਲਏ। ਸਾਹਮਣੇ ਕਤਾਰਾਂ ਵਿਚ ਬੈਠੇ ਮੁੰਡੇ ਧੌਣਾ ਚੁੱਕ-ਚੁੱਕ ਕੇ ਸਾਡੇ ਵੱਲ ਵੇਖ ਰਹੇ ਸਨ।

ਅਤਰ ਸਿੰਘ ਨੇ ਲੈਕਚਰ ਖ਼ਤਮ ਕੀਤਾ ਅਤੇ ਮੈਂ ਅੱਗੇ ਲੱਗ ਕੇ ਕਵੀਸ਼ਰੀ ਦੇ ਅੰਦਾਜ਼ ਵਿਚ ਕਵਿਤਾ ਗਾਉਣੀ ਸ਼ੁਰੂ ਕੀਤੀ। ਮੁਖੜਾ ਮੈਂ ਬੋਲਦਾ ਅਤੇ ਮਗਰਲੀ ਟੇਕ ਮਹਿੰਦਰ ਦੁਹਰਾਉਂਦਾ। ਆਪਣੇ ਪਿੰਡ ਦੇ ਮਹੱਤਵ, ਖ਼ਾਸ ਖ਼ਾਸ ਥਾਵਾਂ, ਸਕੂਲ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਜ਼ਿਕਰ ਕਵਿਤਾ ਵਿਚ ਸੁਣ ਕੇ ਸਭ ਸਰੋਤੇ ਗਦਗਦ ਭਾਵਾਂ ਨਾਲ ਮੁਸਕਰਾ ਰਹੇ ਸਨ ਅਤੇ ਸਾਡੀ ਇਸ ਪੇਸ਼ਕਾਰੀ ਨੂੰ ਅਸਲੋਂ ਹੀ ਵੱਖਰੀ ਤੇ ਨਿਆਰੀ ਸਮਝ ਕੇ ਮਾਣ ਰਹੇ ਸਨ। ਕਵਿਤਾ ਮੁਕਾ ਕੇ ਅਸੀਂ 'ਫ਼ਤਹਿ' ਬੁਲਾਈ ਤਾਂ ਸਾਰਾ ਮੈਦਾਨ ਤਾੜੀਆਂ ਦੀ ਗੜਗੜਾਹਟ ਨਾਲ ਗੂੰਜਣ ਲੱਗਾ। ਸਟੇਜ ਤੋਂ ਹੇਠਾਂ ਉਤਰੇ ਤਾਂ ਵਾਰੀ-ਵਾਰੀ ਸਾਰੇ ਮਾਸਟਰਾਂ ਨੇ ਅੱਗੇ ਵਧ ਕੇ ਸਾਨੂੰ ਸ਼ਾਬਾਸ਼ ਦਿੱਤੀ।

ਸਟੇਜ ਉਤੇ ਚੜ੍ਹਨ ਤੋਂ ਪਹਿਲਾਂ ਅਸੀਂ ਸਕੂਲ ਦੇ ਆਮ ਵਿਦਿਆਰਥੀ ਸਾਂ ਪਰ ਆਪਣੀ ਲਿਖੀ ਕਵਿਤਾ ਦੀ ਪੇਸ਼ਕਾਰੀ ਦੀ ਕਰਾਮਾਤ ਸੀ ਕਿ ਸਟੇਜ ਤੋਂ ਉਤਰਦਿਆਂ ਹੀ ਅਸੀਂ 'ਖ਼ਾਸ' ਵਿਦਿਆਰਥੀ ਬਣ ਗਏ ਸਾਂ। ਸਾਨੂੰ ਇਹ ਖ਼ਾਸ ਬਣ ਜਾਣਾ ਬਹੁਤ ਚੰਗਾ ਲੱਗਾ।

ਸਾਡੇ ਪਿੱਛੋਂ ਮਾਸਟਰ ਲਾਲ ਸਿੰਘ ਨੇ ਸਾਡੀ ਭਰਵੀਂ ਤਾਰੀਫ਼ ਕੀਤੀ। ਸਾਡੇ ਅੰਦਰ ਲੁਕੇ ਹੋਏ ਵੱਡੇ ਅਤੇ ਸੰਭਾਵਨਾ ਪੂਰਨ ਕਵੀ/ਲੇਖਕ ਨੂੰ ਪਛਾਣਦਿਆਂ ਇਸ ਨੂੰ ਲਗਾਤਾਰ ਜ਼ਬਾਨ ਦਿੰਦੇ ਰਹਿਣ ਲਈ ਕਿਹਾ।

ਉਤਸ਼ਾਹ ਦੇ ਹੁਲਾਰੇ ਨਾਲ ਮਸਤ ਅਸੀ ਤਿੰਨੇ ਛੁੱਟੀ ਹੁੰਦਿਆਂ ਹੀ ਖੇਤਾਂ ਵੱਲ ਨਿਕਲ ਗਏ। ਅਸੀਂ ਇੱਕ ਆਖ਼ਰੀ ਟੇਕ ਮਿਥ ਲਈ, ਜਿਸ ਉਤੇ ਕਵਿਤਾ ਉਸਾਰਨੀ ਸੀ, ਫ਼ਿਰ ਅਸੀਂ ਉਸਦੇ ਤੁਕਾਂਤ ਨਾਲ ਜੁੜਦੀਆਂ ਸਤਰਾਂ ਸੋਚਣੀਆਂ ਸ਼ੁਰੂ ਕਰ ਦਿੱਤੀਆਂ। ਜਿਸਦੀ ਜਿਹੜੀ ਸਤਰ ਵਧੇਰੇ ਢੁੱਕਵੀਂ ਹੁੰਦੀ, ਉਸਨੂੰ ਕਵਿਤਾ ਵਿਚ ਜੋੜ ਲਿਆ ਜਾਂਦਾ। ਜੇ ਕੋਈ ਮਾੜਾ-ਮੋਟਾ ਕਾਵਿਕ-ਨੁਕਸ ਨਜ਼ਰ ਆਉਂਦਾ ਤਾਂ ਸਾਂਝੀ ਰਾਇ ਨਾਲ ਠੀਕ ਕਰ ਲਿਆ ਜਾਂਦਾ। ਕਵਿਤਾ ਦਾ ਮੀਟਰ ਤਾਂ ਗਿਆਨੀ ਨਿਰੰਜਣ ਸਿੰਘ ਦੁਆਰਾ ਯਾਦ ਕਰਵਾਈਆਂ ਕਵਿਤਾਵਾਂ ਸਦਕਾ ਸਾਡੇ ਧੁਰ ਅੰਦਰ ਕਿਧਰੇ ਵੱਸਿਆ ਹੋਇਆ ਸੀ। ਪਿੰਡ ਦੇ ਮੇਲਿਆਂ 'ਤੇ ਗਾਈ ਜਾਣ ਵਾਲੀ ਕਵੀਸ਼ਰੀ ਦੀ ਸੁਰ ਅਤੇ ਲੈਅ ਵੀ ਸਾਡੇ ਕੋਲ ਸੀ। ਅਸੀਂ ਸਤਰ ਨੂੰ ਗੁਣਗੁਣਾ ਕੇ ਵੀ ਵੇਖ ਲੈਂਦੇ। ਸ਼ਾਮ ਤੱਕ ਨਵੀਂ ਸਮੂਹਿਕ ਕਵਿਤਾ ਤਿਆਰ ਕਰ ਲਈ। ਅਗਲੇ ਦਿਨ ਅਸੀਂ ਆਪ ਮੰਗ ਕੇ ਸਮਾਂ ਲਿਆ। ਇੱਕ ਹੋਰ ਨਵੀਂ ਕਵਿਤਾ ਸੁਣ ਕੇ ਸਭ ਨੇ ਸਾਡਾ ਸਿੱਕਾ ਮੰਨ ਲਿਆ।

ਹੁਣ ਅਸੀਂ ਸਕੂਲ ਦਾ ਬੜਾ ਮਹੱਤਵਪੂਰਨ ਕਵੀਸ਼ਰੀ-ਜਥਾ ਸਾਂ। ਰੋਜ਼ ਅਸੀਂ ਸਮੂਹਕ ਤੌਰ 'ਤੇ ਨਵੀਂ ਕਵਿਤਾ ਲਿਖ ਕੇ ਲਿਆਉਂਦੇ ਅਤੇ ਬਾਲ-ਸਭਾ ਵਿਚ ਪੜ੍ਹਦੇ। ਸਕੂਲ ਦੀ ਸਟੇਜ ਉਤੇ ਸਾਡੀ ਸਰਦਾਰੀ ਨਿਰਵਿਵਾਦ ਰੂਪ ਵਿਚ ਸਥਾਪਤ ਹੋ ਗਈ। ਇੱਥੋਂ ਉਤਸ਼ਾਹ ਲੈ ਕੇ ਸਾਡੇ ਸਾਥੀਆਂ ਨੇ ਪਿੰਡ ਦੇ ਮੇਲੇ ਉਤੇ ਨਿਕਲਦੇ ਜਲੂਸ ਵਿਚ ਵੀ ਸਾਨੂੰ ਕਵਿਤਾਵਾਂ ਪੜ੍ਹਨ ਲਈ ਪ੍ਰੇਰ ਲਿਆ।

ਸਮੂਹਿਕ ਕਵਿਤਾ ਰਚਨ ਦੇ ਅਨੁਭਵ ਵਿਚੋਂ ਹੀ ਮੈਨੂੰ ਲੱਗਿਆ ਕਿ ਆਪਣੇ ਦੂਜੇ ਦੋਵਾਂ ਸਾਥੀਆਂ ਨਾਲੋਂ ਮੇਰੇ ਵਿਚ ਕਵਿਤਾ ਜੋੜਨ ਦੀ ਕਲਾ ਕੁੱਝ ਵਧੇਰੇ ਹੈ। ਜਦੋਂ ਅਸੀਂ ਕਿਸੇ ਟੇਕ ਨੂੰ ਆਧਾਰ ਬਣਾ ਕੇ ਉਸ ਨਾਲ ਜੁੜਦੀਆਂ ਸਤਰਾਂ ਸੋਚ ਰਹੇ ਹੁੰਦੇ ਤਾਂ ਮੈਨੂੰ ਵੱਡੀ ਗਿਣਤੀ ਵਿਚ ਚੰਗੀਆਂ ਕਾਵਿਕ-ਸਤਰਾਂ ਸੁੱਝਣ ਲੱਗੀਆਂ। ਹੌਲੀ ਹੌਲੀ ਮੇਰੇ ਸਾਥੀ ਇਸ ਖੇਤਰ ਵਿਚ ਮੇਰੀ ਸਰਦਾਰੀ ਮੰਨਣ ਲੱਗੇ। ਹੁਣ ਮੇਰੇ ਮਨ ਵਿਚ ਇਹ ਵੀ ਵਿਚਾਰ ਆਉਣ ਲੱਗਾ ਕਿ ਮੈਂ ਆਪ ਇਕੱਲਾ ਵੀ ਕੋਈ ਕਵਿਤਾ ਲਿਖ ਸਕਦਾ ਹਾਂ। ਇਹ 1958-59 ਦਾ ਸਾਲ ਸੀ। ਉਹਨੀਂ ਦਿਨੀਂ ਪੰਜਾਬੀ ਸੂਬੇ ਦੀ ਲਹਿਰ ਬੜੇ ਜ਼ੋਰਾਂ-ਸ਼ੋਰਾਂ 'ਤੇ ਸੀ। ਅਖ਼ਬਾਰਾਂ ਵਿਚ ਇੱਕ ਕਾਲਮ 'ਕਾਵਿ-ਫੁਲਵਾੜੀ' ਛਪਦਾ ਹੁੰਦਾ, ਜਿਸ ਵਿਚ ਟੇਕ ਜਾਂ ਸਮੱਸਿਆ ਵੱਜੋਂ ਆਖ਼ਰੀ ਸਤਰ ਦਿੱਤੀ ਹੁੰਦੀ ਤੇ ਵੱਖ-ਵੱਖ ਕਵੀ ਹਰ ਹਫ਼ਤੇ ਉਸ 'ਸਮੱਸਿਆ' ਦੇ ਤੁਕਾਂਤ ਅਨੁਸਾਰ ਅੱਠ-ਅੱਠ ਦਸ-ਦਸ ਸਤਰਾਂ ਦੀ ਬੈਂਤ-ਨੁਮਾ ਕਵਿਤਾ ਲਿਖ ਕੇ ਭੇਜਦੇ। ਮੈਂ ਵੀ ਇਸ ਕਾਵਿ-ਫੁਲਵਾੜੀ ਲਈ 'ਸਮੱਸਿਆ-ਆਧਾਰਿਤ' ਕਵਿਤਾ ਲਿਖਣ ਦਾ ਮਨ ਬਣਾ ਲਿਆ। ਟੇਕ ਸੀ:

ਸੂਬਾ ਲੈਣਾ ਹੈ ਅਸਾਂ ਪੰਜਾਬੀਆਂ ਦਾ!


ਮੈਂ ਕੁੱਝ ਸਤਰਾਂ ਲਿਖ ਕੇ ਲਿਫ਼ਾਫ਼ੇ ਵਿਚ ਬੰਦ ਕਰ ਕੇ 'ਸੰਪਾਦਕ ਦੇ ਨਾਂ' ਲਿਖੀ ਚਿੱਠੀ ਵਿਚ ਪਾ ਦਿੱਤੀਆਂ। ਮੈਨੂੰ ਇਹ ਆਸ ਹਰਗਿਜ਼ ਨਹੀਂ ਸੀ ਕਿ ਵੱਡੇ ਵੱਡੇ ਕਵੀਆਂ ਵਿਚ ਅੱਠਵੀਂ 'ਚ ਪੜ੍ਹਦੇ ਇਸ ਵਿਦਿਆਰਥੀ ਦੀ ਕਵਿਤਾ ਵੀ ਛਪ ਜਾਵੇਗੀ। ਇਹ ਛਪ ਗਈ ਤੇ ਇਸਦਾ ਪਤਾ ਵੀ ਮੈਨੂੰ ਬੜੇ ਦਿਲਚਸਪ ਅੰਦਾਜ਼ ਵਿਚ ਲੱਗਾ। ਸਾਡੇ ਘਰ ਦੇ ਸੱਜੇ ਹੱਥ ਪਿੱਛੇ ਬਾਜ਼ਾਰ ਵਿਚ ਭਾਈ ਰਾਮ ਸਿੰਘ ਅਤੇ ਮਿਹਰ ਸਿੰਘ ਦੀ ਸਾਈਕਲ ਮੁਰੰਮਤ ਕਰਨ ਤੇ ਲੱਕੜ ਦੇ ਕੰਮ ਦੀ ਜਿਹੜੀ ਦੁਕਾਨ ਸੀ ਓਥੇ ਭਾਈ ਰਾਮ ਸਿੰਘ ਕੋਲ ਵੀ ਪੰਜਾਬੀ ਦੀ ਅਖ਼ਬਾਰ ਆਉਂਦੀ ਸੀ। ਬੈਠੇ ਹੋਏ ਪੰਜ-ਸੱਤ ਬੰਦਿਆਂ ਵਿਚੋਂ ਇੱਕ ਜਣਾ ਅਖ਼ਬਾਰ ਪੜ੍ਹਦਾ ਅਤੇ ਦੂਜੇ ਲੋਕ ਕੋਲ ਬੈਠ ਕੇ ਖ਼ਬਰਾਂ ਸੁਣਦੇ। ਅਖ਼ਬਾਰ ਦਾ ਵਰਕਾ ਉਥੱਲਦਿਆਂ ਪੜ੍ਹਨ ਵਾਲੇ ਦੀ ਨਜ਼ਰ ਅਚਨਚੇਤ ਕਾਵਿ-ਫੁਲਵਾੜੀ ਦੇ ਕਾਲਮ ਉਤੇ ਜਾ ਪਈ। ਓਥੇ ਕਵਿਤਾ ਹੇਠਾਂ ਮੇਰਾ ਨਾਮ ਛਪਿਆ ਹੋਇਆ ਸੀ:

**ਵਰਿਆਮ ਸਿੰਘ ਸੰਧੂ-ਸੁਰ ਸਿੰਘ**

ਪੜ੍ਹਨ ਵਾਲੇ ਨੇ ਆਪਣੇ ਪਿੰਡ ਦਾ ਨਾਂ ਛਪਿਆ ਵੇਖ ਕੇ ਪੁੱਛਿਆ, 'ਬਈ ਆਹ ਕੌਣ ਹੋਇਆ ਆਪਣੇ ਪਿੰਡ ਦਾ ਵਰਿਆਮ ਸਿੰਘ ਸੰਧੂ...ਕਵਿਤਾ ਲਿਖਣ ਵਾਲਾ?'

ਸਾਰੇ ਸੋਚਣ ਲੱਗੇ। ਸਾਡੇ ਪਿੰਡ ਵਿਚ ਜਿੰਨੇ ਵਰਿਆਮ ਸਿੰਘ ਸਨ, ਉਨ੍ਹਾਂ ਬਾਰੇ ਜ਼ਿਕਰ ਛਿੜਿਆ। 'ਮਾਣਾਂ ਦੀ ਪੱਤੀ' ਵਾਲਾ ਵਰਿਆਮ ਕਬੱਡੀ ਦਾ ਖਿਡਾਰੀ ਸੀ, ਉਂਜ ਵੀ ਅਨਪੜ੍ਹ ਸੀ। ਉਸ ਤੋਂ ਕਵਿਤਾ ਲਿਖਣ ਦੀ ਆਸ ਹੀ ਨਹੀਂ ਸੀ ਕੀਤੀ ਜਾ ਸਕਦੀ। ਜਾਤ ਦਾ ਵੀ ਢਿੱਲੋਂ ਸੀ। ਪੜ੍ਹਿਆ ਲਿਖਿਆ ਸੀ ਵਰਿਆਮ ਸਿੰਘ ਥਾਣੇਦਾਰ- ਪਰ ਉਹਦਾ ਗੋਤ ਛੀਨਾ ਸੀ। ਪਿੰਡ ਵਿਚਲੇ ਸੰਧੂਆਂ ਦੇ ਘਰਾਂ ਵੱਲ ਸਭ ਦੀ ਨਜ਼ਰ ਗਈ। ਕੋਈ 'ਵਰਿਆਮ ਸਿੰਘ' ਹੈ ਹੀ ਨਹੀਂ ਸੀ। ਇਹ 'ਵਰਿਆਮ ਸਿੰਘ ਸੰਧੂ' ਸਭ ਲਈ ਬੁਝਾਰਤ ਬਣਿਆ ਹੋਇਆ ਸੀ!

ਇਸੇ ਸਮੇਂ ਮੈਂ ਸਕੂਲੋਂ ਪੜ੍ਹ ਕੇ ਘਰ ਪਰਤ ਰਿਹਾ ਸਾਂ। ਮੈਂ




ਲਾਭ ਚੰਦ ਦੀ ਦੁਕਾਨ ਵਾਲੇ ਆਪਣੇ ਘਰ ਨੂੰ ਮੁੜਦੇ ਮੋੜ ਤੋਂ ਮੁੜ ਰਿਹਾ ਸਾਂ ਕਿ ਭਾਈ ਰਾਮ ਸਿੰਘ ਦੀ ਨਜ਼ਰ ਮੇਰੇ ਉਤੇ ਪਈ ਅਤੇ ਉਸਨੂੰ ਫੁਰਨਾ ਫੁਰਿਆ, 'ਕਿਤੇ ਇਹ ਆਪਣੇ ਦੀਦਾਰ ਸੂੰਹ ਦਾ ਮੁੰਡਾ ਵਰਿਆਮ ਤਾਂ ਨਹੀਂ...'

'ਲੈ, ਰਹਿਣ ਦੇ ਰਾਮ ਸਿਆਂ...ਕਿਹੋ ਜਿਹੀਆਂ ਭੋਲੀਆਂ ਗੱਲਾਂ ਕਰਦੈਂ। ਕਿੱਥੇ ਕੱਲ੍ਹ ਦਾ ਛੋਕਰਾ ਤੇ ਕਿੱਥੇ ਅਖ਼ਬਾਰ ਵਿਚ ਕਵਿਤਾ! ਉਹਨੂੰ ਨਿਆਣੇ ਨੂੰ ਕੀ ਪਤਾ...ਇਹੋ ਜਿਹੀਆਂ ਗੱਲਾਂ ਦਾ!' ਅਖ਼ਬਾਰ ਪੜ੍ਹਨ ਵਾਲੇ ਬਜ਼ੁਰਗ ਨੇ ਉਹਦੀ ਗੱਲ ਨੂੰ ਮਖ਼ੌਲ ਵਿਚ ਉਡਾ ਦਿੱਤਾ। ਪਰ ਭਾਈ ਰਾਮ ਸਿੰਘ ਨੇ ਸਕੂਲੋਂ ਘਰ ਨੂੰ ਤੁਰੇ ਜਾਂਦੇ ਮੇਰੇ ਇੱਕ ਜਮਾਤੀ ਨੂੰ ਮੇਰੇ ਪਿੱਛੇ ਦੌੜਾ ਦਿੱਤਾ। ਉਸਨੇ ਮੈਨੂੰ ਘਰ ਦੇ ਬਾਹਰਲੇ ਦਰਵਾਜ਼ੇ 'ਚ ਹੀ ਆ ਘੇਰਿਆ।

'ਤੈਨੂੰ ਬੰਦੇ ਸੱਦਦੇ ਨੇ...'

ਮੈਂ ਉਹਦੇ ਨਾਲ ਦੁਕਾਨ 'ਤੇ ਪੁੱਜਾ। ਭਾਈ ਰਾਮ ਸਿੰਘ ਨੇ ਅਖ਼ਬਾਰ ਉਤੇ ਮੇਰੇ ਨਾਂ ਵਾਲੇ ਥਾਂ ਉਤੇ ਉਂਗਲ ਰੱਖੀ ਅਤੇ ਪੁੱਛਿਆ ਕਿ ਕੀ ਉਹ ਕਵਿਤਾ ਲਿਖਣ ਵਾਲਾ ਮੈਂ ਹੀ ਹਾਂ। ਆਪਣਾ ਨਾਮ ਛਪਿਆ ਵੇਖ ਕੇ ਮੇਰੀਆਂ ਅੱਖਾਂ ਵਿਚ ਚਮਕ ਆ ਗਈ। ਮੈਂ ਮਾਣ ਵਿਚ ਭਰ ਕੇ 'ਹਾਂ' ਵਿਚ ਸਿਰ ਹਿਲਾਇਆ ਤੇ ਸਭ ਦੇ ਚਿਹਰਿਆਂ ਵੱਲ ਵੇਖਿਆ। ਸਾਰਿਆਂ ਦੇ ਚਿਹਰਿਆਂ ਉਤੇ ਖ਼ੁਸ਼ੀ ਭਰੀ ਹੈਰਾਨੀ ਦੀ ਲਿਸ਼ਕ ਸੀ।

'ਮੈਂ ਤੁਹਾਨੂੰ ਆਖਦਾ ਨਹੀਂ ਸਾਂ...' ਭਾਈ ਰਾਮ ਸਿੰਘ ਦੇ ਬੋਲਾਂ 'ਚੋਂ ਅਮਰੀਕਾ ਲੱਭਣ ਵਰਗੀ ਖ਼ੁਸ਼ੀ ਬੋਲ ਰਹੀ ਸੀ।

'ਬੱਲੇ ਓਏ ਜਵਾਨਾਂ! ਨਹੀਂ ਓਏ ਰੀਸਾਂ ਤੇਰੀਆਂ' ਜਿਹੜੇ ਬਜ਼ੁਰਗ ਦੇ ਪਹਿਲਾਂ ਮੰਨਣ ਵਿਚ ਨਹੀਂ ਸੀ ਆ ਰਿਹਾ, ਉਸ ਨੇ ਸਟੂਲ ਤੋਂ ਉਠ ਕੇ ਮੈਨੂੰ ਆਪਣੇ ਗਲ ਨਾਲ ਲਾ ਲਿਆ ਅਤੇ ਫਿਰ ਜੱਫੀ ਵਿਚ ਲੈ ਕੇ ਜ਼ਮੀਨ ਤੋਂ ਉਚਾ ਚੁੱਕ ਦਿੱਤਾ। ਮਾਣ ਵਿਚ ਚੌੜੇ ਹੁੰਦਿਆਂ ਉਸਨੇ ਆਖਿਆ, 'ਪੁੱਤਰਾ! ਨਾਂ ਕੱਢ ਦੇ ਆਪਣੇ ਪਿੰਡ ਦਾ ਤਕੜਾ ਹੋ ਕੇ...'

ਮੈਂ ਜਦੋਂ ਉਨ੍ਹਾਂ ਬਜ਼ੁਰਗਾਂ ਦੀ ਟੋਲੀ ਵਿਚੋਂ ਵਾਪਸ ਪਰਤ ਰਿਹਾ ਸਾਂ ਤਾਂ ਮੇਰੇ ਪੈਰ ਧਰਤੀ ਉਤੇ ਨਹੀਂ ਸਨ ਲੱਗਦੇ। ਕੀ ਮੈਂ ਸੱਚ-ਮੁੱਚ ਕੁੱਝ ਅਜਿਹਾ 'ਵਿਸ਼ੇਸ਼' ਕੰਮ ਕਰ ਕੇ ਵਿਖਾ ਦਿੱਤਾ ਸੀ ਕਿ ਗੁਰਦੁਆਰੇ ਦਾ ਮੰਨਿਆ ਕਥਾਕਾਰ ਰਾਮ ਸਿੰਘ, ਜਿਸਨੂੰ ਮੈਂ ਬਹੁਤ ਆਦਰ ਅਤੇ ਸ਼ਰਧਾ ਵਾਲੇ ਉਚੇ ਥਾਂ 'ਤੇ ਰੱਖਿਆ ਸੀ, ਮੇਰੇ ਇਸ ਕਾਰਜ ਨੂੰ ਫ਼ਖ਼ਰਯੋਗ ਸਮਝ ਰਿਹਾ ਸੀ। ਕੀ ਮੈਂ ਕਵਿਤਾ ਲਿਖ ਕੇ ਸੱਚਮੁੱਚ ਅਜਿਹਾ ਬੰਦਾ ਬਣਨ ਵੱਲ ਵਧ ਰਿਹਾ ਸਾਂ ਜਿਸ ਕੋਲੋਂ ਪਿੰਡ ਦੇ ਬਜ਼ੁਰਗਾਂ ਨੂੰ, ਜਿਨ੍ਹਾਂ ਵਿਚੋਂ ਕਈ ਮੇਰੇ ਪਿਤਾ ਦੀ ਉਮਰ ਤੋਂ ਵੀ ਵੱਡੇ ਸਨ; ਪਿੰਡ ਦਾ ਨਾਂ ਉਚਾ ਚੁੱਕ ਸਕਣ ਦੀ ਸਮਰੱਥਾ ਅਤੇ ਸੰਭਾਵਨਾ ਨਜ਼ਰ ਆ ਗਈ ਸੀ।

ਕੁਝ ਵੀ ਹੋਵੇ ਮੈਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਕਿ ਲੇਖਕ ਹੋਣਾ ਆਮ ਬੰਦਿਆਂ ਤੋਂ ਵੱਖਰੇ, ਵਿਸ਼ੇਸ਼ ਅਤੇ 'ਵੱਡੇ' ਹੋਣਾ ਹੁੰਦਾ ਹੈ। ਵੱਖਰਾ ਅਤੇ ਵਿਸ਼ੇਸ਼ ਬਣਨ ਦੀ ਰੀਝ ਕਿਧਰੇ ਮੇਰੇ ਅਚੇਤ ਵਿਚ ਵੱਸ ਗਈ।

ਭਾਵੇਂ ਮੈਂ ਨਾਲ-ਨਾਲ ਕਹਾਣੀ ਵੀ ਲਿਖਣ ਲੱਗ ਪਿਆ ਪਰ ਕਵਿਤਾ ਲਿਖਣੀ ਵੀ ਮੈਂ ਨਹੀਂ ਸੀ ਛੱਡੀ। ਜਿੱਥੇ ਕਹਾਣੀਆਂ ਮੈਂ ਅਖ਼ਬਾਰਾਂ ਵਿਚ ਛਪਣ ਲਈ ਭੇਜਦਾ, ਓਥੇ ਕਵਿਤਾਵਾਂ 'ਫ਼ਤਹਿ', 'ਪ੍ਰੀਤਮ', 'ਕਹਾਣੀ' ਆਦਿ ਪਰਚਿਆਂ ਨੂੰ ਭੇਜਦਾ। ਇੱਕ ਵਾਰ 'ਕਹਾਣੀ' ਵਿਚ ਇੱਕੋ ਸਫ਼ੇ ਉਤੇ ਖੱਬੇ ਪਾਸੇ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਚਾਰ ਰੁਬਾਈਆਂ ਛਪੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਮੇਰੀਆਂ ਚਾਰ ਰੁਬਾਈਆਂ। ਸੋਲਾਂ ਸਾਲ ਦੇ ਮੁੰਡੇ ਲਈ ਇਹ ਕੋਈ ਘੱਟ ਮਾਣ ਵਾਲੀ ਗੱਲ ਨਹੀਂ ਸੀ। ਉਨ੍ਹਾਂ ਵਿਚੋਂ ਇੱਕ ਰੁਬਾਈ ਮੈਨੂੰ ਹੁਣ ਵੀ ਯਾਦ ਹੈ:

ਬੱਦਲ ਆਇਆ, ਘਟਾਂ ਕਾਲੀਆਂ, ਪੈਲਾਂ ਪਾਉਂਦੇ ਮੋਰ।
ਓਸ ਕੁੜੀ ਦੇ ਨੈਣ ਨਸ਼ੀਲੇ, ਹੈ ਮਸਤਾਨੀ ਤੋਰ।
ਉਹ ਹੱਸਦੀ ਪਰ ਮੈਂ ਹਾਂ ਰੋਂਦੀ, ਇਸਦਾ ਭੇਤ ਮੈਂ ਜਾਣਾਂ
ਉਸਦਾ ਪ੍ਰੀਤਮ ਕੋਲ ਓਸਦੇ, ਦੂਰ ਮੇਰਾ ਚਿੱਤ-ਚੋਰ।

ਅੱਗੇ ਜਾ ਕੇ ਕਵਿਤਾ ਨੇ ਕਈ ਪੱਖਾਂ ਤੋਂ ਮੇਰੀ ਜ਼ਿੰਦਗੀ ਵਿਚ ਬੜਾ ਵੱਡਾ ਰੋਲ ਅਦਾ ਕੀਤਾ। ਜਦੋਂ ਮੇਰਾ ਰਿਸ਼ਤਾ ਤੈਅ ਹੋਇਆ ਤਾਂ ਮੇਰੇ ਪਿਤਾ ਨੇ ਬੜੇ ਖੁੱਲ੍ਹੇ ਦਿਲ ਨਾਲ ਕਿਹਾ ਸੀ ਕਿ ਮੈਂ ਜਿੱਥੇ ਚਾਹਵਾਂ ਆਪਣੀ ਮਨ-ਮਰਜ਼ੀ ਨਾਲ ਵਿਆਹ ਕਰਵਾ ਸਕਦਾ ਹਾਂ। ਇਸਤੋਂ ਪਹਿਲਾਂ ਵੀ ਜਦ ਕਦੀ ਮੇਰੇ ਰਿਸ਼ਤੇ ਦੀ ਗੱਲ ਚੱਲਦੀ ਤਾਂ ਉਹ ਅਗਲਿਆਂ ਨੂੰ ਕਹਿੰਦਾ ਕਿ ਇਸ ਰਿਸ਼ਤੇ ਦਾ ਅੰਤਮ ਫ਼ੈਸਲਾ ਕਿਉਂਕਿ ਮੇਰੇ ਪੁੱਤਰ ਨੇ ਹੀ ਕਰਨਾ ਹੈ, ਇਸ ਲਈ ਗੱਲ ਉਸ ਨਾਲ ਹੀ ਕੀਤੀ ਜਾਵੇ; ਆਪਣੇ ਪੁੱਤਰ ਦਾ ਹਰ ਫ਼ੈਸਲਾ ਉਸਨੂੰ ਪਰਵਾਨ ਹੋਵੇਗਾ। ਬੀਬੀ ਨੇ ਜੋ ਆਖਣਾ ਕਿ ਉਹ ਆਪਣੀ ਕੋਈ ਰਾਇ ਤਾਂ ਦੇਵੇ ਤਾਂ ਉਸਨੇ ਕਹਿਣਾ ਮੈਂ ਉਸਦੀ ਕਵਿਤਾ ਪੜ੍ਹੀ ਹੋਈ ਹੈ। ਕਵਿਤਾ ਵਾਲੀ ਗੱਲ ਵੀ ਉਹ ਬੀਬੀ ਨੂੰ ਹੀ ਆਖਦਾ ਸੀ, ਮੈਨੂੰ ਨਹੀਂ। ਮੈਨੂੰ ਤਾਂ ਬਹੁਤ ਸਾਲਾਂ ਬਾਅਦ ਬੀਬੀ ਨੇ ਹੀ ਇਹ ਗੱਲ ਦੱਸੀ ਸੀ।

ਕਵਿਤਾ ਦਾ ਮਾਜਰਾ ਇਹ ਸੀ। ਦਸਵੀਂ ਦਾ ਇਮਤਿਹਾਨ ਦੇ ਕੇ ਮੈਂ ਬਾਪੂ ਚੰਦਾ ਸਿੰਘ ਕੋਲ ਅਬੋਹਰ ਵਾਲੀ ਠਾਹਰ 'ਤੇ ਮਿਲਣ ਗਿਆ ਸਾਂ। ਉਥੋਂ ਵਾਪਸੀ 'ਤੇ ਮੈਂ ਫ਼ੀਰੋਜ਼ਪੁਰੋਂ ਮੱਖੂ ਦੀ ਗੱਡੀ ਫੜਨੀ ਸੀ। ਮੈਂ ਬੁੱਕ ਸਟਾਲ ਤੋਂ ਅੰਮ੍ਰਿਤਸਰ ਤੋਂ ਛਪਦਾ ਮਾਸਿਕ-ਪੱਤਰ 'ਕਹਾਣੀ' ਖ਼ਰੀਦਿਆ। ਇਸ ਵਿਚ ਕੁੱਝ ਦਿਨ ਪਹਿਲਾਂ ਭੇਜੀ ਮੇਰੀ ਕਵਿਤਾ ਛਪੀ ਹੋਈ ਸੀ।

ਮੇਰੇ ਪਿਤਾ ਨੂੰ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹਨੇ ਪਰਚਾ ਮੇਰੇ ਹੱਥੋਂ ਫੜਿਆ ਅਤੇ ਉਸਤੇ ਝਾਤ ਮਾਰਨ ਲੱਗਾ। ਮੇਰਾ ਨਾਮ ਛਪਿਆ ਵੇਖ ਕੇ ਮੇਰੀ ਕਵਿਤਾ ਪੜ੍ਹਨ ਲੱਗਾ। ਕਵਿਤਾ ਤਾਂ ਭਾਵੇਂ ਤੁਕ-ਬੰਦੀ ਜਿਹੀ ਸੀ ਪਰ ਕਿਸੇ ਸਾਹਿਤਕ ਪਰਚੇ ਵਿਚ ਛਪਣ ਦਾ ਚਾਅ ਤਾਂ ਹੈ ਹੀ ਸੀ। ਉਂਜ ਮੈਂ ਪਿਤਾ ਨੂੰ ਕਵਿਤਾ ਪੜ੍ਹਾਉਣੋਂ ਝਿਜਕਦਾ ਸਾਂ, ਪਰ ਉਸਨੇ ਆਪ ਹੀ ਮੇਰੇ ਕੋਲੋਂ ਪਰਚਾ ਲੈ ਲਿਆ ਸੀ।

ਮੈਂ ਚਾਹੁੰਦਾ ਸਾਂ ਕਿ ਉਹ ਮੇਰੀ ਗ਼ੈਰਹਾਜ਼ਰੀ ਵਿਚ ਕਵਿਤਾ ਪੜ੍ਹਦਾ। ਉਸਦੇ ਕਵਿਤਾ ਪੜ੍ਹਨ ਸਮੇਂ ਕੋਲ ਖਲੋਤਿਆਂ ਮੈਨੂੰ ਸੰਗ ਆਉਂਦੀ ਸੀ। ਸਾਢੇ ਕੁ ਪੰਦਰਾਂ ਸਾਲ ਦੀ ਉਮਰ ਸੀ ਮੇਰੀ ਉਦੋਂ। ਮੈਂ ਚੋਰ-ਅੱਖਾਂ ਨਾਲ ਪਿਤਾ ਦੇ ਚਿਹਰੇ ਵੱਲ ਵੇਖਦਾ ਉਸਦੇ ਹਾਵ-ਭਾਵ ਨੋਟ ਕਰ ਰਿਹਾ ਸਾਂ। ਕਵਿਤਾ ਖ਼ਤਮ ਕਰਕੇ ਉਹ ਮੁਸਕਰਾਇਆ ਅਤੇ ਮੇਰੇ ਨਾਲ ਇਸ ਬਾਰੇ ਕੋਈ ਗੱਲ ਕਰਨ ਦੀ ਥਾਂ ਅੱਗੋਂ ਕੋਈ ਹੋਰ ਚੀਜ਼ ਪੜ੍ਹਨ ਲੱਗਾ। ਮੈਂ ਸੁਖ ਦਾ ਸਾਹ ਲਿਆ ਕਿ ਉਸਨੇ ਕੋਈ ਟਿੱਪਣੀ ਨਹੀਂ ਸੀ ਕੀਤੀ। ਮੈਂ ਟਿੱਪਣੀ ਚਾਹੁੰਦਾ ਵੀ ਨਹੀਂ ਸਾਂ। ਕਵਿਤਾ ਹੀ ਕੁੱਝ ਇਸਤਰ੍ਹਾਂ ਦੀ ਸੀ। ਇਹ ਪਿਓ ਵੱਲੋਂ ਪੁੱਤ ਨੂੰ ਸੰਬੋਧਤ ਹੋ ਕੇ ਲਿਖੀ ਗਈ ਸੀ। ਚੇਤੇ 'ਤੇ ਜ਼ੋਰ ਪਾਇਆਂ ਇਸ ਕਵਿਤਾ ਦੀਆਂ ਸਤਰਾਂ ਅੱਜ ਵੀ ਮੇਰੇ ਜ਼ਿਹਨ ਵਿਚੋਂ ਬੜੇ ਸਹਿਜ ਨਾਲ ਹੀ ਕਿਰਨ-ਮ-ਕਿਰਨੀ ਕਿਰ ਪਈਆਂ ਹਨ:

ਐ ਮੇਰੇ ਪੁਤਰ ਪਿਆਰੇ,
ਮੇਰੀ ਅੱਖ ਦੇ ਲਾਲ ਸਿਤਾਰੇ।
ਜ਼ਿੰਦਗੀ ਦੇ ਸੰਗਰਾਮਾਂ ਅੰਦਰ,
ਲੱਖਾਂ ਰਾਹੀ ਥੱਕ-ਟੁੱਟ ਹਾਰੇ।
ਮੈਂ ਵੀ ਉਨ੍ਹਾਂ 'ਚੋਂ ਇੱਕ, ਮੇਰੇ,
ਗਏ ਕਦੀ ਸਨ ਜਜ਼ਬੇ ਮਾਰੇ।

ਦਿਲ ਦਾ ਹਰ ਕੋਨਾ ਰੁਸ਼ਨਾਇਆ,
ਪਿਆਰ ਦੀ ਦੇਵੀ ਚਰਨ ਜਾਂ ਪਾਇਆ।
ਜੀਵਨ ਖਿੜਿਆ ਵਾਂਗ ਗੁਲਾਬਾਂ,
ਚੰਨੀ ਨੂੰ ਹਿੱਕ ਨਾਲ ਜਾਂ ਲਾਇਆ।
ਸਾਥ ਚੁਣਨ ਦਾ ਸਮਾਂ ਜਾਂ ਆਇਆ,
ਪਿਤਾ ਅੱਗੇ ਸਵਾਲ ਮੈਂ ਪਾਇਆ।
ਉਨ੍ਹਾਂ ਮੇਰੀ ਇੱਕ ਨਾ ਮੰਨੀ,
ਤੇਰੀ ਮਾਂ ਦੇ ਨਾਲ ਵਿਆਹਿਆ।
ਤੜਪਦੀਆਂ ਰਹੀਆਂ ਦੋ ਜਿੰਦਾਂ,
ਪਰ ਉਨ੍ਹਾਂ ਨੂੰ ਤਰਸ ਨਾ ਆਇਆ।

ਬਹੁਤਾ ਕੀ ਵਿਸਥਾਰ 'ਚ ਜਾਣਾ, ਮੈਂ ਤਾਂ ਹੈ ਤੈਨੂੰ ਸਮਝਾਣਾ।
ਜੀਵਨ ਸਾਥੀ ਚੁਣ ਮਰਜ਼ੀ ਦਾ ਮੈਂ ਨਹੀਂ ਵਿਚ ਰੋੜਾ ਅਟਕਾਣਾ।
ਆਪ ਤੜਪ ਕੇ ਵੇਖ ਲਿਆ ਮੈਂ ਚਾਹੁੰਦਾ ਨਹੀਂ ਤੈਨੂੰ ਤੜਪਾਣਾ।

ਇਹ ਕਵਿਤਾ ਮੇਰੇ ਅਨੁਭਵ ਦੀ ਕੋਈ ਸੱਚੀ ਆਵਾਜ਼ ਨਹੀਂ ਸੀ। ਮੈਂ ਤਾਂ ਕਿਤਾਬੀ ਪ੍ਰੇਮ-ਕਹਾਣੀਆਂ ਪੜ੍ਹ ਕੇ ਕਿ ਦੋ ਦਿਲਾਂ ਦੇ ਮਿਲਣ ਵਿਚ ਉਨ੍ਹਾਂ ਦੇ ਮਾਪੇ ਅਤੇ ਬਕੌਲ ਦਿਲ-ਜਲੇ ਆਸ਼ਕਾਂ ਦੇ, 'ਜ਼ਾਲਮ ਸਮਾਜ', ਜੋ ਨਜਾਇਜ਼ ਰੁਕਾਵਟਾਂ ਖੜੀਆਂ ਕਰਦੇ ਰਹਿੰਦੇ ਹਨ, ਨੂੰ ਨਜ਼ਰ ਵਿਚ ਰੱਖ ਕੇ ਇਹ ਕਵਿਤਾ ਲਿਖੀ ਸੀ। ਇਸਦਾ ਮੇਰੀ ਨਿੱਜੀ ਜ਼ਿੰਦਗੀ ਨਾਲ ਉਸ ਵੇਲੇ ਕੋਈ ਲੈਣਾ-ਦੇਣਾ ਨਹੀਂ ਸੀ। ਪਿਆਰ-ਮੁਹੱਬਤ ਦੀ ਗੱਲ ਤਾਂ ਦੂਰ ਰਹੀ ਮੈਂ ਤਾਂ ਉਸ ਵੇਲੇ ਤੱਕ ਕਿਸੇ ਜਵਾਨ ਲੜਕੀ ਨਾਲ ਬੋਲ ਤੱਕ ਵੀ ਸਾਂਝਾ ਕਰਨ

(ਬਾਕੀ ਅਗਲੇ ਸਫੇ 'ਤੇ)

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਜੰਡ, ਜਿਸ ਉਤੇ ਤਰਕਸ਼ ਟੰਗ ਕੇ ਸਾਹਿਬਾਂ ਨੇ ਮਾੜੀ ਕੀਤੀ !

*(ਹਰਨੇਕ ਸਿੰਘ ਘੜੂਆਂ ਭਾਵੇਂ ਪੰਜਾਬ ਦਾ ਸਾਬਕਾ ਮਾਲ ਮੰਤਰੀ ਰਹਿ ਚੁੱਕਾ ਹੈ ਪਰ ਸਾਡੇ ਮਨ ਵਿਚ ਉਸਦੀ ਕਦਰ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਨਿੱਘੇ ਮਨੁੱਖ ਦੇ ਨਾਲ-ਨਾਲ ਇੱਕ ਚੰਗੇ ਸੁਹਜਭਾਵੀ ਲੇਖਕ ਵਜੋਂ ਵੀ ਹੈ। ਉਸਨੇ ਪਾਕਿਸਤਾਨੀ ਪੰਜਾਬ ਦੇ ਲੋਕਾਂ, ਕਲਾਕਾਰਾਂ ਨਾਲ ਅਜਿਹੀ ਪੀਚਵੀਂ ਸਾਂਝ ਪਾਈ ਹੈ ਕਿ ਓਥੇ ਉਸਨੂੰ ਚੜ੍ਹਦੇ ਪੰਜਾਬ ਦਾ ਸਭਿਆਚਾਰਕ ਦੂਤ ਸਮਝਿਆ ਜਾਂਦਾ ਹੈ। ਉਹ ਜਦੋਂ ਵੀ ਕਦੀ ਪਾਕਿਸਤਾਨੀ ਪੰਜਾਬ ਦਾ ਗੇੜਾ ਮਾਰ ਕੇ ਆਉਂਦਾ ਹੈ, ਉਦੋਂ ਹੀ ਆਪਣੇ ਨਾਲ ਇਧਰਲੇ ਪੰਜਾਬੀ ਪਾਠਕਾਂ ਲਈ ਬੜੀ ਹੀ ਮੁੱਲਵਾਨ ਸਾਮੱਗ੍ਰੀ ਵੀ ਲੈ ਕੇ ਆਉਂਦਾ ਹੈ। ਉਸਨੇ ਪੱਛਮੀ ਪੰਜਾਬ ਵਿਚ ਲੁਕੀਆਂ ਅਜਿਹੀਆਂ ਥਾਵਾਂ ਤੇ ਬੰਦੇ ਲੱਭ ਕੇ ਇਧਰਲੇ ਪੰਜਾਬ ਵਿਚ ਉਨ੍ਹਾਂ ਦੀ ਪਹਿਲੀ ਦੱਸ ਪਾਈ ਹੈ। ਇਸ ਵਾਰ ਅਸੀਂ 'ਪਾਠਕਾਂ ਲਈ ਉਸਦਾ ਮਿਰਜ਼ੇ ਦੀ ਕਬਰ ਬਾਰੇ ਲਿਖਿਆ ਲੇਖ ਛਾਪ ਰਹੇ ਹਾਂ। ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ। -ਸੰਪਾਦਕ)*

**ਹਰਨੇਕ ਸਿੰਘ ਘੜੂੰਆਂ**

ਪਾਕਿਸਤਾਨ ਮੈਂ ਇੱਕ ਪੱਕੀ ਨੀਤੀ ਧਾਰ ਕੇ ਗਿਆ ਸੀ ਕਿ ਮਿਰਜ਼ੇ ਦੇ ਪਿੰਡ ਜ਼ਰੂਰ ਜਾ ਕੇ ਆਉਣਾ ਏ। ਕਈ ਦਿਨ ਤਾਂ ਇਹੀ ਪਤਾ ਨਹੀਂ ਲੱਗਿਆ ਕਿ ਮਿਰਜ਼ੇ ਦਾ ਪਿੰਡ ਕਿਹੜੇ ਪਾਸੇ ਹੈ। ਪਰ ਜਦੋਂ ਪਤਾ ਲੱਗਿਆ, ਹਰ ਕਿਸੇ ਨੇ ਇਹ ਕਹਿ ਕੇ ਰੋਕ ਦਿੱਤਾ, 'ਛੱਡੋ ਜੀ, ਉਸ ਇਲਾਕੇ ਵਿਚ ਯੂਸਫ਼ ਸ਼ਾਹੀ ਡਾਕੂ ਰਹਿੰਦਾ ਹੈ, ਜਿਸ ਦਾ ਟੋਲਾ ਘੱਟੋ-ਘੱਟ ਤੀਹ ਬੰਦਿਆਂ ਦਾ ਹੈ ਅਤੇ ਤੀਹਾਂ ਕੋਲ ਘੋੜੀਆਂ ਤੇ ਮਣਾਂ-ਮੂੰਹੀਂ ਅਸਲਾ ਹੈ। ਪੁਲੀਸ ਵੀ ਉਨ੍ਹਾਂ ਕੋਲੋਂ ਕੰਨੀਂ ਕਤਰਾਉਂਦੀ ਹੈ।' ਇਹ ਸਾਰਾ ਕੁਝ ਜਾਨਣ ਦੇ ਬਾਵਜੂਦ ਪਤਾ ਨਹੀਂ ਕਿਉਂ ਮੈਂ ਆਪਣੇ ਅੰਦਰਲੇ ਨੂੰ ਨਹੀਂ ਮਨਾ ਸਕਿਆ।

ਅਚਾਨਕ ਇੱਕ ਦਿਨ ਪ੍ਰਿੰਸੀਪਲ ਗੁਲਾਮ ਰਸੂਲ ਆਜ਼ਾਦ ਭੱਜਿਆ-ਭੱਜਿਆ ਆਇਆ, 'ਸਰਦਾਰ ਸਾਹਬ, ਆਪਣਾ ਮਿਰਜ਼ੇ ਦੇ ਪਿੰਡ ਜਾਣ ਦਾ ਪ੍ਰਬੰਧ ਹੋ ਗਿਆ। ਮੇਰਾ ਪੁਰਾਣਾ ਵਿਦਿਆਰਥੀ ਰਾਏ ਮੁਰਾਤਬ ਅਲੀ ਸਾਨੂੰ ਓਥੇ ਲੈ ਜਾਏਗਾ। ਯੂਸਫ਼ ਸ਼ਾਹੀ ਉਸ ਦੇ ਅੱਗੇ ਨਹੀਂ ਆਉਂਦਾ।'

ਅਗਲੇ ਦਿਨ ਸਵੇਰੇ ਹੀ ਰਾਏ ਮੁਰਾਤਬ ਅਲੀ ਦੇ ਪਿੰਡ ਅੱਭਿਆਂ ਵਾਲੀ ਪਹੁੰਚ ਗਏ ਜੋ ਨਨਕਾਣਾ ਸਾਹਬ 'ਤੋਂ ਮਾਂਗਟਾਂਵਾਲੀ ਸੜਕ ਦੇ ਨਾਲ ਚਾਰ ਕੁ ਕਿੱਲੋਮੀਟਰ ਉੱਤੇ ਹੈ। ਜਿਉਂ ਹੀ ਅਸੀਂ ਰਾਏ ਮੁਰਾਤਬ ਅਲੀ ਦੇ ਘਰ ਪਹੁੰਚੇ, ਬਾਹਰ ਖੜ੍ਹੇ ਪਹਿਰੇਦਾਰ ਨੇ ਸਾਨੂੰ ਡੱਕ ਦਿੱਤਾ ਅਤੇ ਸਾਡਾ ਸੁਨੇਹਾ ਲੈ ਕੇ ਅੰਦਰ ਚਲਾ ਗਿਆ। ਅੰਦਰੋਂ ਪ੍ਰਵਾਨਗੀ ਮਿਲਦੇ ਸਾਰ ਹੀ ਸਾਨੂੰ ਭੁੱਲ-ਭੁਲੱਈਆਂ ਦੇ ਵਿਚੋਂ ਲੰਘਾਉਂਦਾ ਹੋਇਆ ਉਹ ਉਸ ਕਮਰੇ ਵਿਚ ਲੈ ਗਿਆ ਜਿੱਥੇ ਮੁਰਾਤਬ ਅਲੀ ਸਾਡਾ ਇੰਤਜ਼ਾਰ ਕਰ ਰਿਹਾ ਸੀ।

ਮੁਰਾਤਬ ਅਲੀ ਦੀ ਆਪਣੀ ਦੁਨੀਆਂ ਹੈ। ਜਿੰਨੀਂ ਦੇਰ ਨਵਾਜ ਸ਼ਰੀਫ਼ ਦੀ ਪਾਰਟੀ ਦੀ ਸਰਕਾਰ ਰਹਿੰਦੀ ਰਹੀ, ਉਸ ਦੀਆਂ ਚੰਮ ਦੀਆਂ ਚੱਲਦੀਆਂ ਰਹੀਆਂ ਅਤੇ ਜਦੋਂ ਸਰਕਾਰ ਕਿਸੇ ਹੋਰ ਦੀ ਪਾਰਟੀ ਆ ਜਾਂਦੀ ਤਾਂ ਉਹ ਘਰ-ਬਾਰ ਛੱਡ ਕੇ ਅੰਡਰਗਰਾਊਂਡ ਹੋ ਜਾਂਦਾ ਹੈ। ਕਿਸੇ ਵੇਲੇ ਇਹ ਘਰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਸਰਗਰਮੀ ਦਾ ਅੱਡਾ ਵੀ ਰਿਹਾ ਹੈ। ਇਸ ਘਰ ਵਿਚ ਕਿਸੇ ਵੇਲੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਛੋਟੀ ਉਮਰੇ ਇੰਦਰਾ ਗਾਂਧੀ ਗਏ ਸਨ। ਮੁਰਾਤਬ ਅਲੀ ਦੇ ਤਾਇਆ ਜੀ, ਹਾਜ਼ੀ ਮੁਹੰਮਦ ਸਾਦਿਕ ਲੰਮਾਂ ਸਮਾਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ। ਉਹ ਆਜ਼ਾਦੀ ਤੋਂ ਥੋੜ੍ਹਾ ਸਮਾਂ ਪਹਿਲਾਂ ਮੁਸਲਮ ਲੀਗ ਵਿਚ ਸ਼ਾਮਲ ਹੋ ਗਏ ਸਨ।

ਲਾਹੌਰ ਤੋਂ ਲੈ ਕੇ ਕਮਾਲੀਏ ਤੀਕ ਖਰਲਾਂ ਦੇ ਪਿੰਡ ਵੱਡੀ ਗਿਣਤੀ ਵਿਚ ਹਨ। ਇਹ ਇਲਾਕਾ ਗੰਜੀਬਾਰ ਕਹਾਉਂਦਾ ਹੈ। ਖਰਲ ਗੋਤ ਮੁਸਲਮਾਨ ਰਾਜਪੂਤਾਂ ਅਤੇ ਜੱਟਾਂ ਦਾ ਗੋਤ ਹੈ। ਰਾਏਮੁਰਾਤਬ ਅਲੀ ਦਾ ਗੋਤ ਵੀ ਖਰਲ ਹੈ। ਖਰਲਾਂ ਨੂੰ ਸ਼ਾਹਜਹਾਨੀਆਂ ਫਕੀਰ ਨੇ ਪ੍ਰੇਰਨਾ ਰਾਹੀਂ ਮੁਸਲਮਾਨ ਬਣਾਇਆ ਸੀ। ਅੱਜ ਵੀ ਜਦੋਂ ਖਰਲਾਂ ਦੇ ਬੱਚਾ ਜੰਮਦਾ ਹੈ ਤਾਂ ਸ਼ਾਹਜਹਾਨੀਆਂ ਦੇ ਚੇਲੇ ਇਨ੍ਹਾਂ 'ਤੋਂ ਨਜ਼ਰਾਨਾ ਲੈਂਦੇ ਹਨ। ਖਰਲਾਂ ਦੇ ਅੱਗੇ ਇੱਕੀ ਉਪ ਗੋਤ ਹਨ, ਸ਼ਾਹੀ ਕੇ, ਨੂੰਹੇ ਕੇ, ਵੇਜ਼ੇ ਕੇ ਆਦਿ। ਮਿਰਜ਼ੇ ਜੱਟ ਦਾ ਸੰਬੰਧ ਖਰਲਾਂ ਵਿਚੋਂ ਸ਼ਾਹੀ ਗੋਤ ਨਾਲ ਹੈ। ਖਰਲਾਂ ਦੀ ਬੋਲੀ ਜਾਂਗਲੀ ਹੈ।

ਜਿਉਂ ਹੀ ਅਸੀਂ ਅੱਭਿਆਂਵਾਲੀ ਤੋਂ ਤੁਰ ਕੇ ਜੜ੍ਹਾਂਵਾਲਾ ਦੇ ਨੇੜੇ ਇੱਕ ਕਸਬੇ 'ਚ ਰੁਕੇ, ਲੋਕੀਂ ਮੇਰੀ ਪਗੜੀ ਵੇਖ ਕੇ ਦੁਆਲੇ ਹੋ ਗਏ। ਲੋਕਾਂ ਨੇ ਚਾਹ-ਪਾਣੀ ਪੀਣ ਲਈ ਜ਼ਿੱਦ ਕੀਤੀ। ਨਾਂਹ-ਨੁੱਕਰ ਕਰਨ ਦੇ ਬਾਵਜੂਦ ਉਨ੍ਹਾਂ ਨੇ ਦੁੱਧ-ਸੋਢੇ ਦੇ ਗਲਾਸ ਸਾਡੇ ਹੱਥਾਂ ਵਿਚ ਫੜਾ ਦਿੱਤੇ। ਜਦੋਂ ਉਨ੍ਹਾਂ ਨੂੰ ਸਾਡਾ ਮਿਰਜ਼ੇ ਦੇ ਪਿੰਡ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇੱਕਦਮ ਸਾਨੂੰ ਓਥੇ ਜਾਣ ਤੋਂ ਵਰਜਿਆ ਕਿ ਉਹ ਤਾਂ ਯੂਸਫ਼ ਸ਼ਾਹੀ ਡਾਕੂ ਦਾ ਇਲਾਕਾ ਹੈ। ਮੇਰੇ ਕੋਲ ਖੜ੍ਹਾ ਮਰਾਤਬ ਅਲੀ ਬੋਲ ਉੱਠਿਆ, 'ਕੋਈ ਗੱਲ ਨਹੀਂ ਅੱਲਾ ਭਲੀ ਕਰਸੀ।'

ਜਿਉਂ ਹੀ ਲੋਕਾਂ ਨੂੰ ਪਤਾ ਲੱਗਾ ਕਿ ਇਹ ਮੁਰਾਤਬ ਅਲੀ ਹੈ ਤਦ ਝੱਟ ਸਾਰਿਆਂ ਨੇ ਕਿਹਾ, 'ਫਿਰ ਕੋਈ ਖ਼ਤਰਾ ਨਹੀਂ।'ਤੁਰਨ ਲੱਗਿਆਂ ਗੁਲਾਮ ਰਸੂਲ ਆਜ਼ਾਦ ਨੇ ਇੱਕ ਬੰਦੇ ਨੂੰ ਪੁੱਛਿਆ, 'ਤੇਰੀ ਕਿਹੜੀ ਜਾਤ ਹੈ?' ਉਸ ਨੇ ਝੱਟ ਕਿਹਾ, 'ਬਲੋਚ।' ਗੁਲਾਮ ਰਸੂਲ ਆਜ਼ਾਦ ਨੇ ਟਕੋਰ ਮਾਰੀ, 'ਤੁਸੀਂ ਵੀ ਸੱਸੀ ਨਾਲ ਘੱਟ ਨਹੀਂ ਕੀਤੀ।'

ਉਹ ਵਿਅਕਤੀ ਬਲੋਚਾਂ ਦੀ ਪਿੱਠ ਨਹੀਂ ਸੀ ਲੱਗਣ ਦੇਣੀ ਚਾਹੁੰਦਾ। ਉਸ ਨੇ ਆਲਾ-ਦੁਆਲਾ ਵੇਖ ਕੇ ਜਵਾਬ ਦਿੱਤਾ, 'ਗੱਲ ਤੋਂ ਹੀ ਵੇਖੋ, ਅਖ਼ੀਰ ਸਾਡੇ ਬਜ਼ੁਰਗ ਦੀ ਕਬਰ ਵੀ ਤਾਂ ਸੱਸੀ ਦੇ ਨਾਲ ਬਣੀ ਹੈ।' ਉਸ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਅਸੀਂ ਮਿਰਜ਼ੇ ਦੀ ਕਬਰ ਦਾ ਰਸਤਾ ਪੁੱਛ ਕੇ ਨਹਿਰ ਦੀ ਪਟੜੀ ਪੈ ਗਏ। ਇਹ ਨਹਿਰ ਲਾਇਲਪੁਰ ਤੋਂ ਕੱਢ ਕੇ ਰਾਵੀ ਵਿਚ ਸੁੱਟੀ ਗਈ ਹੈ। ਇਹ ਇਲਾਕੇ ਦੀ ਸੇਮ ਦਾ ਪਾਣੀ ਖਿੱਚ ਕੇ ਰਾਵੀ ਵਿਚ ਪਾਉਂਦੀ ਹੈ। ਕੁਝ ਕਿੱਲੋਮੀਟਰ ਜਾਣ 'ਤੇ ਪਤਾ ਲੱਗਿਆ ਕਿ ਨਹਿਰ ਦੇ ਦੂਜੇ ਪਾਸੇ ਚਾਰ ਕੁ ਫਰਲਾਂਗ ਉੱਤੇ ਮਿਰਜ਼ੇ ਦੀ ਕਬਰ ਹੈ। ਦੂਰ ਤੱਕ ਨਹਿਰ ਉੱਤੇ ਕੋਈ ਪੁਲ ਨਜ਼ਰ ਨਹੀਂ ਸੀ ਆ ਰਿਹਾ ਅਤੇ ਨਾ ਹੀ ਉਸ ਕਬਰ ਨੂੰ ਕੋਈ ਰਸਤਾ ਮਿਲਾਉਂਦਾ ਸੀ। ਅਖ਼ੀਰ ਅਸੀਂ ਨਹਿਰ ਦੇ ਆਸ-ਪਾਸ ਪਈਆਂ ਲੋਹੇ ਦੀਆਂ ਨਾਲਾਂ ਉੱਤੋਂ ਦੀ ਹੌਲੀ-ਹੌਲੀ ਪੈਰ-ਘਸਰਾਉਂਦੇ ਹੋਏ ਦੂਜੇ ਪਾਸੇ ਪਹੁੰਚ ਗਏ।

ਮਿਰਜ਼ੇ ਦੀ ਕਬਰ ਜ਼ਿਲ੍ਹਾ ਲਾਇਲਪੁਰ, ਤਹਿਸੀਲ ਜੜ੍ਹਾਂਵਾਲਾ, ਚੱਕ ਨੰਬਰ 585, ਪਿੰਡ ਸੋਣੇ ਦੀ ਵਾਂ ਵਿਚ ਹੈ। ਮਿਰਜ਼ੇ ਦੀ ਕਬਰ ਦੇ ਨਾਲ ਦੋ ਕਬਰਾਂ ਹੋਰ ਹਨ। ਇੱਕ ਸਾਹਿਬਾਂ ਦੀ ਅਤੇ ਦੂਜੀ ਬੱਕੀ ਦੀ। ਮਿਰਜ਼ੇ ਦਾ ਜੱਦੀ ਪਿੰਡ ਕਬਰਾਂ 'ਤੋਂ ਤਿੰਨ ਕੁ ਮੀਲ ਦੇ ਫ਼ਾਸਲੇ ਉੱਤੇ ਦਾਨਾਬਾਅਦ ਹੈ ਜਿਹੜਾ ਜ਼ਿਲ੍ਹਾ ਸ਼ੇਖ਼ੂਪੁਰਾ, ਤਹਿਸੀਲ ਨਨਕਾਣਾ ਸਾਹਿਬ ਵਿਚ ਪੈਂਦਾ ਹੈ। ਦਾਨਾਬਾਅਦ ਦਾ ਨਾਮ ਦਾਨੇ ਖੱਤਰੀ ਤੋਂ ਪਿਆ ਹੈ। ਅੱਜਕੱਲ੍ਹ ਮਿਰਜ਼ੇ ਦੇ ਖ਼ਾਨਦਾਨ ਦੇ ਲੋਕ ਪਿੰਡ ਸ਼ਾਹੀਕੇ ਵਿਚ ਰਹਿੰਦੇ ਹਨ ਜੋ ਦਾਨਾਬਾਅਦ ਤੋਂ 2-3 ਕਿੱਲੋਮੀਟਰ ਹਟਵਾਂ ਰਾਵੀ ਦੇ ਕੰਢੇ 'ਤੇ ਵਸਿਆ ਹੈ। ਮਿਰਜ਼ੇ ਦੀ ਕਬਰ 'ਤੋਂ ਕੋਈ ਦਸ ਕੁ ਗਜ਼ ਦੇ ਫ਼ਾਸਲੇ 'ਤੇ ਉਹ ਜੰਡ ਖੜ੍ਹਾ ਹੈ, ਜਿਸ ਹੇਠਾਂ ਮਿਰਜ਼ਾ ਸੁੱਤਾ ਹੋਇਆ ਕਤਲ ਕੀਤਾ ਗਿਆ ਸੀ। 40-50 ਗਜ਼ ਦੇ ਫਾਸਲੇ ਉੱਤੇ ਉਹ ਛੱਪੜ ਹੈ, ਜਿਸ ਵਿਚ ਮੀਰ-ਸ਼ਮੀਰ ਦੇ ਕੁੱਤਿਆਂ ਦੇ ਵੜਨ ਦਾ ਪੀਲੂ ਦੀ ਕਿਤਾਬ ਵਿਚ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਕਬਰਾਂ ਉੱਤੇ ਦਸ ਚੇਤ ਨੂੰ ਮੇਲਾ ਲਗਦਾ ਹੈ। ਸ਼ਾਇਦ ਇਹੀ ਦਿਨ ਮਿਰਜ਼ੇ ਦੇ ਕਤਲ ਦਾ ਹੋਵੇਗਾ।

ਮੈਂ ਕਿੰਨੀਂ ਦੇਰ ਉਸ ਖੋਖਲੇ ਹੋਏ ਜੰਡ ਵੱਲ ਵੇਖਦਾ ਰਿਹਾ ਕਿ ਕਿਸ ਤਰ੍ਹਾਂ ਇੱਥੇ ਮਿਰਜ਼ੇ ਨੇ ਆਪਣੇ ਤੀਰ-ਕਮਾਨ ਟੰਗੇ ਹੋਣਗੇ, ਕਿਸ ਤਰ੍ਹਾਂ ਸਾਹਿਬਾਂ ਨੇ ਮਿਰਜ਼ੇ ਦੀ ਬਹਾਦਰੀ ਤੋਂ ਡਰਦਿਆਂ ਆਪਣੇ ਭਰਾਵਾਂ ਦੇ ਮੋਹ ਵਿਚ ਆ ਕੇ ਤੀਰ-ਕਮਾਨ ਤੋੜੇ ਹੋਣਗੇ, ਕਿਸ ਜੋਸ਼ ਨਾਲ ਮਿਰਜ਼ਾ ਦੁਸ਼ਮਣਾਂ ਦਾ ਮੁਕਾਬਲਾ ਕਰਨ ਵਾਸਤੇ ਗੱਜਿਆ ਹੋਵੇਗਾ ਅਤੇ ਆਪਣੇ ਟੁੱਟੇ ਹੋਏ ਤੀਰਾਂ ਨੂੰ ਵੇਖ ਕੇ ਲਾਚਾਰ ਸਾਹਿਬਾਂ ਨੂੰ ਕੋਸਦਾ ਮਾਂ-ਜੰਮੇ ਭਰਾਵਾਂ ਨੂੰ ਯਾਦ ਕਰਦਾ ਹੋਵੇਗਾ। ਉਹ ਕਿਸ ਤਰ੍ਹਾਂ ਦੀ ਘੜੀ ਹੋਵੇਗੀ, ਜਦੋਂ ਸਾਹਿਬਾਂ ਮਿਰਜ਼ੇ ਦੀ ਜਾਨ ਬਚਾਉਣ ਲਈ ਮਿੰਨਤਾਂ-ਤਰਲੇ ਕਰਦੀ ਹੋਵੇਗੀ। ਜਿੰਨੀ ਦੇਰ ਮੈਂ ਉੱਥੇ ਰੁਕਿਆ ਰਿਹਾ, ਇਹ ਸਾਰਾ ਦ੍ਰਿਸ਼ ਮੇਰੇ ਦਿਮਾਗ ਵਿਚ ਘੁੰਮਦਾ ਰਿਹਾ। ਮੈਨੂੰ ਇਹ ਵੇਖ ਕੇ ਬੜਾ ਅਫਸੋਸ ਹੋਇਆ, ਖੋਖਲੇ ਹੋਏ ਜੰਡ ਦੀ ਕੋਈ ਸੰਭਾਲ ਨਹੀਂ ਸੀ ਅਤੇ ਉਹ ਹਵਾ ਦੇ ਤੇਜ਼ ਬੁੱਲੇ ਨਾਲ ਢਹਿ ਢੇਰੀ ਹੋ ਸਕਦਾ ਹੈ। ਜਿਸ ਮਿਰਜ਼ੇ ਦੀ ਗਾਥਾ ਗਾ ਕੇ ਗਵੱਈਆਂ ਨੇ ਲੱਖਾਂ ਰੁਪਏ ਕਮਾ ਲਏ, ਉਹ ਮਿਰਜ਼ਾ ਪਿੱਲੀਆਂ ਇੱਟਾਂ ਦੇ ਚਾਰ ਕੁ ਟੋਕਰਿਆਂ ਹੇਠ ਸਿਮਟਿਆ ਪਿਆ ਸੀ। ਸਾਨੂੰ ਵੇਖ ਕੇ ਓਥੇ ਕੁਝ ਲੋਕ ਹੋਰ ਇਕੱਠੇ ਹੋ ਗਏ। ਮੈਂ ਪੁੱਛਿਆ, 'ਤੁਹਾਡੇ ਵਿਚੋਂ ਖਰਲ ਕਿਹੜਾ-ਕਿਹੜਾ ਹੈ?'

'ਅਸੀਂ ਸਾਰੇ ਹੀ ਖਰਲ ਹਾਂ।'

ਮੈਂ ਉਨ੍ਹਾਂ ਨੂੰ ਪੁੱਛਿਆ, 'ਓਏ ਖਰਲੋ, ਇਸ ਜੰਡ, ਛੱਪੜ ਅਤੇ ਕਬਰਾਂ ਦਾ ਪੰਜਾਬ ਦੇ ਹਰ ਅਖਾੜੇ ਵਿਚ ਜ਼ਿਕਰ ਹੁੰਦਾ ਹੈ, ਤੁਸੀਂ ਇਸ ਦਾ ਮੂੰਹ ਮੱਥਾ ਨਹੀਂ ਬਣਾ ਸਕਦੇ?' ਉਨ੍ਹਾਂ ਨੇ ਝੱਟ ਦੋਸ਼ੀਆਂ ਵਾਂਗ ਜਵਾਬ ਦਿੱਤਾ, 'ਗੱਲ ਤਾਂ ਸਰਦਾਰ ਸਾਹਬ ਤੁਹਾਡੀ ਬਿਲਕੁਲ ਠੀਕ ਹੈ। ਤੁਸੀਂ ਅਗਲੀ ਵੇਰ ਚੇਤਰ ਦੇ ਮੇਲੇ ਆਇਓ, ਕਬਰਾਂ ਅੱਛੀ ਹਾਲਤ ਵਿਚ ਹੋਣਗੀਆਂ।'

ਮੈਂ ਉਨ੍ਹਾਂ ਲੋਕਾਂ ਕੋਲ ਮਿਰਜ਼ੇ ਦੇ ਖ਼ਾਨਦਾਨ ਦੇ ਬੰਦਿਆਂ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਉਨ੍ਹਾਂ ਨੇ ਜਵਾਬ ਦਿੱਤਾ, 'ਉਨ੍ਹਾਂ ਨੂੰ ਮਿਲਣਾ ਬੜਾ ਮੁਸ਼ਕਲ ਏ। ਉਨ੍ਹਾਂ ਦੀ ਆਪਸੀ ਦੁਸ਼ਮਣੀ ਵਿਚ ਦਰਜਨਾਂ ਕਤਲ ਹੋ ਗਏ ਨੇ। ਜ਼ਿਆਦਾਤਰ ਲੋਕੀਂ ਛੁਪ ਕੇ ਰਹਿੰਦੇ ਨੇ।' ਇਨ੍ਹਾਂ ਲੋਕਾਂ ਨੂੰ ਮੈਂ ਯੂਸਫ ਸ਼ਾਹੀ ਡਾਕੂ ਬਾਰੇ ਪੁੱਛਿਆ, 'ਤੁਹਾਨੂੰ ਉਸ ਤੋਂ ਡਰ ਨਹੀਂ ਆਉਂਦਾ?' ਮੈਂ ਕਿਹਾ, 'ਡਰ ਕਿਸ ਗੱਲ ਦਾ, ਉਹ ਤਾਂ ਅਮੀਰਾਂ ਨੂੰ ਲੁੱਟਦਾ ਏ, ਸਾਡੀ ਕਈ ਵਾਰ ਮਾਲੀ ਮਦਦ ਵੀ ਕਰ ਦਿੰਦਾ ਏ।'

ਦਿਨ ਛਿਪਣ 'ਤੇ ਆਇਆ ਸੀ। ਅਸੀਂ ਲੋਕਾਂ ਨੂੰ ਸਲਾਮ ਕਹਿ ਕੇ ਗੱਡੀਆਂ ਵਾਲੇ ਪਾਸੇ ਤੁਰ ਪਏ। ਜਿਉਂ ਹੀ ਗੱਡੀਆਂ ਤੁਰੀਆਂ, ਮੈਨੂੰ ਕਿੱਕਰਾਂ ਦੇ ਝੁੰਡ ਪਿੱਛੋਂ ਧੂੜ ਉੱਡਦੀ ਨਜ਼ਰ ਆਈ। ਝੱਟ ਖ਼ਿਆਲ ਆਇਆ, ਇਹ ਜ਼ਰੂਰ ਯੂਸਫ਼ ਸ਼ਾਹੀ ਡਾਕੂ ਦੇ ਘੋੜਿਆਂ ਦੀ ਧੂੜ ਹੋਵੇਗੀ। ਡਰ ਵਾਲੀ ਗੱਲ ਇਹ ਸੀ ਕਿ ਗੱਡੀਆਂ ਵੀ ਉਸੇ ਪਾਸੇ ਵੱਲ ਜਾ ਰਹੀਆਂ ਸਨ। ਮੇਰੇ ਜ਼ਿਹਨ ਵਿਚ ਕਈ ਤਰ੍ਹਾਂ ਦੇ ਸਵਾਲ ਆ ਰਹੇ ਸਨ। ਜੇ ਯੂਸਫ਼ ਸ਼ਾਹੀ ਸਾਡੇ ਗਲ ਆ ਪਿਆ ਤਾਂ ਅਸੀਂ ਕੀ ਕਰਾਂਗੇ। ਪਰ ਸੋਚਿਆ ਕਿ ਰਾਏ ਮੁਰਾਤਬ ਅਲੀ ਸਾਡੇ ਨਾਲ ਹੈ। ਪਰ ਜੇ ਇਨ੍ਹਾਂ ਦਾ ਮੁਕਾਬਲਾ ਹੋ ਗਿਆ ਤਾਂ ਮੁਸ਼ਕਲ ਬਣ ਜਾਵੇਗੀ। ਫਿਰ ਸੋਚਿਆ, ਕਹਿ ਦਿਆਂਗੇ, 'ਅਸੀਂ ਤਾਂ ਤੇਰੇ ਬਜ਼ੁਰਗ ਦੀ ਕਬਰ ਉੱਤੇ ਹੀ ਜਾ ਕੇ ਆਏ ਹਾਂ।' ਇਸ ਤਰ੍ਹਾਂ ਦੀਆਂ ਸੋਚਾਂ ਵਿਚ ਮੈਂ ਘੜੀ-ਮੁੜੀ ਗਰਦਨ ਬਾਹਰ ਕੱਢ ਕੇ ਉਸ ਧੂੜ ਵੱਲ ਝਾਕ ਰਿਹਾ ਸੀ।

ਅਚਾਨਕ ਕਿੱਕਰਾਂ ਦੇ ਝੁੰਡ ਵਿਚੋਂ ਇੱਕ ਸੋਟੀ ਵਰਗਾ ਹਥਿਆਰ ਨਿਕਲਿਆ। ਮੈਂ ਅੰਦਾਜ਼ਾ ਲਾ ਰਿਹਾ ਸੀ ਕਿ ਇਹ ਕੀ ਹਥਿਆਰ ਹੋ ਸਕਦਾ ਹੈ। ਝੱਟ ਧੂੜ ਉਡਾਉਂਦੀਆਂ ਬੱਕਰੀਆਂ ਕਿੱਕਰਾਂ ਦੇ ਝੁੰਡ ਤੋਂ ਬਾਹਰ ਆ ਗਈਆਂ। ਮੇਰੇ ਸਾਹ ਵਿਚ ਸਾਹ ਆਇਆ। ਬਾਅਦ ਵਿਚ ਯੂਸਫ਼ ਸ਼ਾਹੀ ਕਿਸੇ ਸ਼ਾਦੀ ਵਿਚ ਇਨ੍ਹਾਂ ਸੱਜਣਾਂ ਨੂੰ ਮਿਲਿਆ ਸੀ। ਉਨ੍ਹਾਂ ਨੂੰ ਦੱਸਿਆ, 'ਮੈਨੂੰ ਬਾਬਾ ਜੀ ਦੀ ਕਬਰ ਉੱਤੇ ਤੁਹਾਡੇ ਆਉਣ ਦੀ ਖ਼ਬਰ ਮਿਲ ਗਈ ਸੀ। ਮੇਰਾ ਤੁਹਾਨੂੰ ਮਿਲਣ ਨੂੰ ਵੀ ਬੜਾ ਦਿਲ ਕੀਤਾ। ਸਿਰਫ ਇਸ ਕਰਕੇ ਉਸ ਪਾਸੇ ਨਹੀਂ ਆਇਆ ਕਿ ਕੋਈ ਗ਼ਲਤਫਹਿਮੀ ਨਾ ਪੈਦਾ ਨਾ ਹੋ ਜਾਵੇ।'

---

***(ਪਿਛਲੇ ਸਫੇ ਦਾ ਬਾਕੀ)***

ਦੀ ਜੁਰਅਤ ਨਹੀਂ ਸੀ ਕੀਤੀ। ਜਦੋਂ ਮੇਰੇ ਪਿਤਾ ਨੇ ਕਵਿਤਾ ਪੜ੍ਹ ਲਈ ਤਾਂ ਮੈਂ ਬੜਾ ਸ਼ਰਮਸਾਰ ਹੋਇਆ ਸਾਂ। ਸੋਚਦਾ ਸਾਂ ਮੇਰਾ ਪਿਤਾ ਆਖੇਗਾ, 'ਜੰਮ ਮੁਕਿਆ ਨਹੀਂ ਤੇ ਇਸ਼ਕ ਦਾ ਭੂਤ ਪਹਿਲਾਂ ਹੀ ਸਿਰ 'ਤੇ ਸਵਾਰ ਹੋ ਗਿਐ। ਇਹ ਛੋਕਰਾ ਹੁਣ ਤੋਂ ਪਿਓ ਨੂੰ ਉਪਦੇਸ਼ ਦੇਣ ਲੱਗਾ ਹੈ!'

ਕਈ ਦਿਨ ਮੈਂ ਉਸਦੀਆਂ ਅੱਖਾਂ ਵਿਚ ਅੱਖਾਂ ਪਾਉਣ ਤੋਂ ਝਿਜਕਦਾ ਰਿਹਾ। ਡਰਦਾ ਸਾਂ ਕਿ ਉਸਨੇ ਹੁਣ ਵੀ ਇਸ ਮਸਲੇ ਤੇ ਗੱਲ ਕੀਤੀ ਕਿ ਕੀਤੀ। ਪਰ ਕਵਿਤਾ ਪੜ੍ਹ ਕੇ ਚਿਹਰੇ 'ਤੇ ਇੱਕ ਪਲ ਆਈ ਮੁਸਕਰਾਹਟ ਤੋ ਇਲਾਵਾ ਉਸਨੇ ਕਦੀ ਵੀ ਮੇਰੇ ਨਾਲ ਇਸ ਕਵਿਤਾ ਜਾਂ ਇਸ ਵਿਚਲੇ ਸੁਨੇਹੇ ਬਾਰੇ ਗੱਲ-ਬਾਤ ਨਹੀਂ ਸੀ ਕੀਤੀ। ਜਦੋਂ ਮੇਰੇ ਰਿਸ਼ਤੇ ਦੀ ਗੱਲ ਚੱਲੀ ਤਾਂ ਉਸਨੇ ਮੇਰੇ ਨਾਲ ਤਾਂ ਕੋਈ ਗੱਲ ਨਾ ਕੀਤੀ ਸਗੋਂ ਮੇਰੀ ਮਾਂ ਨੂੰ ਬਾਰਾਂ-ਤੇਰਾਂ ਸਾਲ ਪਹਿਲਾਂ ਮੇਰੀ ਕਵਿਤਾ ਪੜ੍ਹੀ ਹੋਣ ਦਾ ਹਵਾਲਾ ਦੇ ਕੇ ਮੈਨੂੰ ਮਨ-ਮਰਜ਼ੀ ਕਰਨ ਦੀ ਛੋਟ ਦੇ ਦਿੱਤੀ। ਮੇਰੀ ਕਵਿਤਾ ਵਿਚੋਂ ਹੀ ਮੇਰੇ ਮਨ ਦੀ ਕਾਵਿਕ-ਇੱਛਾ ਪੜ੍ਹ ਕੇ ਉਸਨੂੰ ਮਾਨਤਾ ਦੇਣੀ ਇਹ ਉਸਦੀ ਸੰਵੇਦਨਸ਼ੀਲਤਾ ਦੀ ਜਗਦੀ ਮਿਸਾਲ ਹੈ।

ਜੁਝਾਰ-ਵਿਦਰੋਹੀ ਕਵਿਤਾ ਦਾ ਦੌਰ ਸ਼ੁਰੂ ਹੋਇਆ ਤਾਂ ਸਮੇਂ ਦੇ ਰੁਝਾਨ ਮੁਤਾਬਕ ਮੈਂ ਜੁਝਾਰੂ ਕਵਿਤਾਵਾਂ ਵੀ ਲਿਖ ਰਿਹਾ ਸਾਂ ਅਤੇ ਉਸ ਵੇਲੇ ਦੇ ਅੱਠ-ਦਸ ਚੰਗੇ ਸ਼ਾਇਰਾਂ ਦੀ ਸੂਚੀ ਵਿਚ ਪਿਛੇ ਜਿਹੇ ਕਰ ਕੇ ਮੇਰਾ ਨਾਂ ਵੀ ਛਪਦਾ ਹੁੰਦਾ ਸੀ। ਇਨ੍ਹਾਂ ਦਿਨਾਂ ਵਿਚ ਇਨਕਾਲਬੀ ਲੇਖਕਾਂ ਦੀਆਂ ਕਾਨਫ਼ਰੰਸਾਂ ਅਤੇ ਕਵੀ-ਦਰਬਾਰ ਵੀ ਹੋਣ ਲੱਗੇ। ਮੈਂ ਇਨ੍ਹਾਂ ਕਾਨਫ਼ਰੰਸਾਂ ਵਿਚ ਵੀ ਹਾਜ਼ਰ ਹੁੰਦਾ। ਕਵੀ-ਦਰਬਾਰਾਂ ਵਿਚ ਕਵਿਤਾਵਾਂ ਪੜ੍ਹਦਾ। ਚਾਰੇ ਪਾਸੇ ਜੋਸ਼ ਅਤੇ ਉਤਸ਼ਾਹ ਦਾ ਵਾਤਾਵਰਣ ਸੀ ਅਤੇ ਕੁੱਝ ਕਰ ਗੁਜ਼ਰਨ ਦੀ ਪ੍ਰਬਲ ਖ਼ਾਹਿਸ਼। ਉਸ ਸਮੇਂ ਛਪੇ ਚੋਣਵੇਂ ਕਾਵਿ-ਸੰਗ੍ਰਹਿਆਂ 'ਆਰੰਭ' ਅਤੇ 'ਅਸੀਂ ਜਿਊਂਦੇ ਅਸੀਂ ਜਾਗਦੇ' ਆਦਿ ਵਿਚ ਵੀ ਮੇਰੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਸਨ। ਕੁੱਝ ਕਵਿਤਾਵਾਂ ਦੇ ਅਨੁਵਾਦ ਤਾਂ ਉਸ ਵੇਲੇ ਦੇ ਪ੍ਰਸਿੱਧ ਹਿੰਦੀ ਸਪਤਾਹਿਕ 'ਧਰਮ-ਯੁਗ' ਵਿਚ ਵੀ ਛਪੇ ਸਨ।

ਉਨ੍ਹਾਂ ਦਿਨਾਂ ਵਿਚ ਅਜਿਹੀ ਕਵਿਤਾ ਛਾਪਣ ਲਈ ਦੋ-ਦੋ, ਚਾਰ-ਚਾਰ ਵਰਕਿਆਂ ਵਾਲੇ ਪਰਚੇ ਵੀ ਛਪਣ ਲੱਗੇ। ਅਸੀ ਆਪਣੇ ਇਲਾਕੇ ਵਿਚ ਸਾਹਿਤ ਸਭਾ ਬਣਾਈ ਹੋਈ ਸੀ। ਅਸਾਂ ਵੀ ਫ਼ੈਸਲਾ ਕੀਤਾ ਕਿ 'ਜੁਝਾਰ' ਨਾਂ ਦੀ ਇੱਕ ਚੌਵਰਕੀ ਜਾਂ ਛੇ-ਵਰਕੀ ਛਾਪੀ ਜਾਵੇ ਅਤੇ ਇਨ੍ਹੀਂ ਹੀ ਦਿਨੀਂ ਅੰਮ੍ਰਿਤਸਰ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵੱਲੋਂ ਕੀਤੀ ਜਾਣ ਵਾਲੀ 'ਪ੍ਰੀਤ-ਮਿਲਣੀ' ਉੱਤੇ 'ਪ੍ਰੀਤ-ਪਾਠਕਾਂ' ਵਿਚ ਤਕਸੀਮ ਕੀਤੀ ਜਾਵੇ। ਇਸਤਰ੍ਹਾਂ ਇਕਦਮ ਵੱਡੇ ਸਾਹਿਤਕ ਦਾਇਰੇ ਵਿਚ ਸਾਡੀ ਸਭਾ ਤੇ ਸਾਡੇ ਲੇਖਕਾਂ ਦਾ ਨਾਂ ਜਾਵੇਗਾ ਅਤੇ ਉਨ੍ਹਾਂ ਦੀ ਸਾਹਿਤਕ ਹਲਕਿਆਂ ਵਿਚ ਪਛਾਣ ਬਣੇਗੀ। ਸਾਨੂੰ ਕਿਉਂਕਿ ਪਰਚੇ ਨੂੰ ਛਪਵਾਉਣ ਬਾਰੇ ਜਾਣਕਾਰੀ ਨਹੀਂ ਸੀ, ਇਸ ਲਈ ਅਸੀਂ ਪੈਸੇ ਇਕੱਠੇ ਕਰ ਕੇ ਪਰਚੇ ਨੂੰ ਛਪਵਾਉਣ ਦੀ ਸੇਵਾ ਕੁਲਵੰਤ ਸਿੰਘ ਦੇ ਜ਼ਿੰਮੇ ਲਾਈ। ਕੁਲਵੰਤ ਸਿੰਘ ਪ੍ਰਿੰਸੀਪਲ ਸੁਜਾਨ ਸਿੰਘ ਹੁਰਾਂ ਦਾ ਬੇਟਾ ਸੀ ਤੇ ਉਹਦੇ ਕਹਿਣ 'ਤੇ ਅਸੀਂ ਉਹਦੇ ਲਈ ਆਪਣੇ ਇਲਾਕੇ ਵਿਚ ਗਿਆਨੀ ਕਾਲਜ ਖੋਲ੍ਹਣ ਵਿਚ ਮਦਦ ਕਰਨ ਲਈ ਅੱਗੇ ਪੜ੍ਹਨ ਦੀ ਰੁਚੀ ਰੱਖਣ ਵਾਲੇ ਕੁਝ ਅਧਿਆਪਕ/ਵਿਦਿਆਰਥੀ ਵੀ ਮੁਹੱਈਆ ਕਰਵਾਏ ਸਨ। ਉਹ ਨਕਸਲੀ ਵਿਚਾਰਾਂ ਦਾ ਪ੍ਰਚਾਰਕ ਸੀ। ਲਾਗ ਤਾਂ ਸਾਨੂੰ ਵੀ ਲੱਗੀ ਹੋਈ ਸੀ।

'ਪ੍ਰੀਤ-ਮਿਲਣੀ' ਦੀ ਵਿਚਕਾਰਲੀ ਰਾਤ ਅਸੀਂ 'ਜੁਝਾਰ' ਪ੍ਰਾਪਤ ਕਰ ਲਿਆ ਅਤੇ ਰਾਤ ਨੂੰ ਆਪਣੀ ਰਿਹਾਇਸ਼ 'ਤੇ ਬੈਠ ਕੇ ਇਸਦੀਆਂ ਤਹਿਆਂ ਲਾਈਆਂ। ਇਹ ਪੀਲੇ ਰੰਗ ਦੇ ਮੋਟੇ ਕਾਗ਼ਜ਼ 'ਤੇ ਲੰਮੇ-ਰੁਖ਼ ਵੱਡੇ ਆਕਾਰ ਦੇ ਅੱਠ ਸਫ਼ਿਆਂ 'ਤੇ ਛਪਿਆ ਸੀ। ਅਗਲੀ ਸਵੇਰੇ 'ਪ੍ਰੀਤ-ਮਿਲਣੀ' ਦੇ ਪਹਿਲੇ ਇਕੱਠ ਤੋਂ ਪਿੱਛੋਂ ਚਾਹ-ਪਾਣੀ ਪੀਣ ਦੇ ਵਕਫ਼ੇ ਸਮੇਂ ਅਸੀਂ ਇਹ ਅੱਠ-ਵਰਕੀ 'ਜੁਝਾਰ' ਵੰਡਣਾ ਸ਼ੁਰੂ ਕੀਤਾ। 'ਜੁਝਾਰ' ਦੇ ਮੁੱਖ ਪੰਨੇ ਉੱਤੇ ਮੇਰੀ ਕਵਿਤਾ ਸੀ- ਜਿਸ ਵਿਚ ਗੁਰਬਖ਼ਸ਼ ਸਿੰਘ ਦੀ 'ਪ੍ਰੀਤ-ਮਿਲਣੀ' ਨੂੰ ਅਜੋਕੇ ਪ੍ਰਸੰਗ ਵਿਚ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਸੀ:

> ਦੀਵਾਰ ਤੇ ਲਟਕਿਆ ਲੈਨਿਨ ਬੁੱਢਾ ਹੋ ਰਿਹਾ ਹੈ
> ਸੀਸ ਲਈ ਮੰਗ ਕਰਦੀ
> ਗੋਬਿੰਦ ਦੀ ਤਣੀ ਉਂਗਲ ਥੱਕ ਚੱਲੀ ਹੈ
> -ਤੁਸੀਂ ਰੰਗਲੇ ਬੰਗਲਿਆਂ ਵਿਚ ਬਹਿ ਕੇ
> ਆਰਾਮ ਦੀ ਗੱਲ ਕਰਦੇ ਹੋ!
> ਪ੍ਰੀਤਾਂ ਦਾ ਮਿਲਣ ਚਾਹੁੰਦੇ ਹੋ!

ਕੁਲਵੰਤ ਨੇ ਪਹਿਲਾਂ ਹੀ ਪਰਚਾਰ ਸ਼ੁਰੂ ਕਰ ਦਿੱਤਾ ਸੀ ਕਿ ਉਹਨੇ ਸਾਡੇ ਇਲਾਕੇ ਵਿਚ ਨਕਸਲੀ ਲਹਿਰ ਦੇ 'ਪੈਰ ਲਾ ਦਿੱਤੇ' ਨੇ। ਕੁਲਵੰਤ ਦੇ ਐਲਾਨਾਂ ਨੇ ਤੇ 'ਜੁਝਾਰ' ਵਿਚ ਛਪੀਆਂ ਕਵਿਤਾਵਾਂ ਨੇ ਪੁਲਿਸ ਅਤੇ ਸੀ ਆਈ ਡੀ ਦਾ ਧਿਆਨ ਆਕਰਸ਼ਿਤ ਕਰਨਾ ਹੀ ਸੀ। ਨਿਸਚੈ ਹੀ 'ਪ੍ਰੀਤ-ਮਿਲਣੀ' 'ਤੇ ਗੁਪਤਚਰ ਵਿਭਾਗ ਦੇ ਕਰਮਚਾਰੀ ਵੀ ਹੋਣਗੇ। ਕਵੀ ਅਤੇ ਕਵਿਤਾ ਇਨ੍ਹੀਂ ਦਿਨੀਂ ਖ਼ਤਰਨਾਕ ਹੋ ਗਏ ਸਨ। ਸਰਕਾਰ ਦਾ ਖ਼ੁਫ਼ੀਆ ਵਿਭਾਗ ਚੌਕਸ ਹੋ ਗਿਆ ਸੀ। ਹਰੇਕ ਸੈਮੀਨਾਰ, ਕਾਨਫ਼ਰੰਸ ਵਿਚ ਸੀ ਆਈ ਡੀ ਦੇ ਬੰਦੇ ਹੁੰਦੇ। ਸਰਕਾਰ ਸਾਹਿਤਕ ਖ਼ੇਤਰ ਵਿਚ ਉੱਭਰ ਰਹੇ 'ਇਨਕਲਾਬੀ ਉਭਾਰ' ਨੂੰ ਬੜੇ ਧਿਆਨ ਨਾਲ ਵਾਚ ਰਹੀ ਸੀ। ਲੇਖਕਾਂ ਨੇ ਤਾਂ ਪਤਾ ਨਹੀਂ ਸਾਡੇ ਪਰਚਾ ਵੰਡਣ ਦਾ ਕੋਈ ਨੋਟਿਸ ਲਿਆ ਵੀ ਸੀ ਜਾਂ ਨਹੀਂ ਪਰ ਸੀ ਆਈ ਡੀ ਨੇ ਇਸਦਾ ਨੋਟਿਸ ਗੰਭੀਰਤਾ ਨਾਲ ਲਿਆ।

ਸ਼ਾਇਦ 1971 ਦੀ ਗੱਲ ਹੈ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਕਵੀ ਦਰਬਾਰ ਸੀ। ਪੰਜਾਬੀ ਦੇ ਚੋਟੀ ਦੇ ਜੁਝਾਰਵਾਦੀ ਕਵੀ ਓਥੇ ਹਾਜ਼ਰ ਸਨ। ਮੈਂ ਇੱਥੇ ਆਪਣੀ ਕਵਿਤਾ ਪੜ੍ਹੀ:

> ਕਿਸਨੂੰ ਉਡੀਕਦੇ ਹੋ?
> ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ
> ਮਸਤਕ ਤੋਂ ਹੱਥ ਤੱਕ
> ਇਹੋ ਹੀ ਰਸਤਾ ਕੇਸਗੜ ਦੇ ਮੈਦਾਨ ਨੂੰ ਜਾਂਦਾ ਹੈ

ਕਵਿਤਾ ਸੁਣਾ ਕੇ ਸਟੇਜ ਤੋਂ ਉੱਤਰਿਆ ਤਾਂ ਇੱਕ ਸਾਊ ਦਿੱਸਦੇ ਆਦਮੀ ਨੇ ਅੱਗੇ ਵਧ ਕੇ ਗਰਮਜੋਸ਼ੀ ਨਾਲ ਹੱਥ ਮਿਲਾ ਕੇ ਮੇਰੀ ਕਵਿਤਾ ਦੀ ਪ੍ਰਸ਼ੰਸਾ ਕੀਤੀ ਤੇ ਅੱਗੇ ਤੋਂ ਵੀ ਮੇਰੇ ਨਾਲ ਸੰਪਰਕ ਬਣਾਈ ਰੱਖਣ ਲਈ ਮੇਰਾ ਅਤਾ-ਪਤਾ ਪੁੱਛਿਆ। ਮੈਂ ਖ਼ੁਸ਼ੀ-ਖ਼ੁਸ਼ੀ ਦੱਸ ਦਿੱਤਾ। ਆਖ਼ਰ ਉਹ ਮੇਰੀ ਕਵਿਤਾ ਦਾ 'ਏਡਾ ਵੱਡਾ ਪ੍ਰਸ਼ੰਸਕ' ਸੀ! ਉਹ ਹੱਥ ਮਿਲਾ ਕੇ ਤੁਰਿਆ ਤਾਂ ਫਤਹਿਜੀਤ ਨੇ ਦੱਸਿਆ, 'ਇਹ ਤਾਂ ਸੀ ਆਈ ਡੀ ਦਾ ਬੰਦਾ ਸੀ।'

ਸਾਹਿਤਕ ਹਲਕਿਆਂ ਵਿਚ ਵੀ ਮੇਰਾ ਨਾਮ ਬੋਲਣ ਲੱਗ ਪਿਆ ਸੀ। ਕਹਾਣੀਕਾਰ ਦੇ ਤੌਰ 'ਤੇ ਵੀ ਅਤੇ ਕਵੀ ਦੇ ਰੂਪ ਵਿਚ ਵੀ। ਦੂਜੇ ਪਾਸੇ 'ਸਰਕਾਰੀ ਕਾਗ਼ਜ਼ਾਂ' ਵਿਚ ਮੇਰਾ ਨਾਮ ਇੱਕ 'ਖ਼ਤਰਨਾਕ ਵਿਅਕਤੀ' ਵਜੋਂ ਦਰਜ ਹੋ ਗਿਆ ਸੀ। ਅਗਲੇ ਸਾਲਾਂ ਵਿਚ ਵਾਰ-ਵਾਰ ਇਸ ਤੱਥ ਦੀ ਪੁਸ਼ਟੀ ਹੁੰਦੀ ਰਹੀ।

ਜਦੋਂ ਮੈਨੂੰ ਐਮਰਜੈਂਸੀ ਵੇਲੇ ਡੀ ਆਈ ਆਰ ਲਾ ਕੇ ਜੇਲ੍ਹ ਭੇਜਿਆ ਤਾਂ ਸਾਡੇ ਵਕੀਲ ਅਜਾਇਬ ਹੁੰਦਲ ਨੇ ਜਦੋਂ ਗ੍ਰਿਫ਼ਤਾਰੀ ਦਾ ਕਾਰਨ ਪੁੱਛਿਆ ਤਾਂ ਜੱਜ ਨੇ ਕਿਹਾ, 'ਯੇਹ ਇੰਦਰਾ ਗਾਂਧੀ ਕੇ ਖ਼ਿਲਾਫ਼ ਕਵਿਤਾਏਂ ਲਿਖਤੇ ਹੈਂ।

ਤਾਂ ਇਹ ਸੀ ਕਵਿਤਾ ਦੀ ਮੈਨੂੰ ਦਿੱਤੀ ਦੇਣ!

ਜਦੋਂ ਜੁਝਾਰ-ਵਿਦਰੋਹੀ ਕਵਿਤਾ ਦਾ ਦੌਰ ਸਿਖ਼ਰ 'ਤੇ ਸੀ ਤਾਂ ਮੇਰਾ ਬਤੌਰ ਕਹਾਣੀਕਾਰ ਨਾਂ ਬਣ ਰਿਹਾ ਸੀ। 'ਲੋਹੇ ਦੇ ਹੱਥ' (1971) ਕਹਾਣੀ-ਸੰਗ੍ਰਹਿ ਛਪਣ ਨਾਲ ਕਹਾਣੀਕਾਰ ਵਜੋਂ ਮੇਰਾ ਵੱਜ ਬਣ ਗਿਆ ਤੇ ਮੈਂ ਆਪਣਾ ਧਿਆਨ ਕਹਾਣੀ 'ਤੇ ਕੇਂਦ੍ਰਿਤ ਕਰ ਲਿਆ। ਕਵਿਤਾ ਵਿਚ ਮੇਰਾ ਨਾਂ ਅਠਵੇਂ ਨੌਵੇਂ ਨੰਬਰ 'ਤੇ ਆਉਂਦਾ ਸੀ, ਇਨਕਲਾਬੀ ਚੱਸ ਵਾਲੀ ਕਹਾਣੀ ਲਿਖਣ ਵਾਲਿਆਂ ਵਿਚ ਮੈਂ ਪਹਿਲਿਆਂ ਵਿਚ ਸਾਂ। ਹੌਲੀ ਹੌਲੀ ਮੈਂ ਕਵਿਤਾ ਲਿਖਣੀ ਹੀ ਛੱਡ ਦਿੱਤੀ। ਭਾਵੇਂ ਮੇਰੇ ਕੁਝ ਸ਼ਾਇਰ ਤੇ ਲੇਖਕ ਦੋਸਤ ਮੇਰੀ ਸ਼ਾਇਰੀ ਦੀ ਤਾਰੀਫ਼ ਕਰਦੇ ਰਹਿੰਦੇ। ਪ੍ਰਸਿੱਧ ਨਾਟਕਕਾਰ ਸਤੀਸ਼ ਵਰਮਾ ਨੇ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਕਾਲਜ ਪੜ੍ਹਦਿਆਂ ਉਹਨੇ ਮੇਰੀ ਕਵਿਤਾ 'ਨਾ ਰੋ!' ਕਾਵਿ-ਉਚਾਰਣ ਮੁਕਾਬਲਿਆਂ ਵਿਚ ਸੁਣਾ ਕੇ ਕਈ ਇਨਾਮ ਜਿੱਤੇ। ਇੰਝ ਦੀ ਗੱਲ ਹੀ ਰਵਿੰਦਰ ਸਹਿਰਾਅ ਕਹਿੰਦਾ ਹੈ ਕਿ ਉਹ ਮੇਰੀ ਨਜ਼ਮ 'ਦੀਵਾਰ 'ਤੇ ਲਟਕਿਆ ਲੈਨਿਨ' ਅਕਸਰ ਕਾਵਿ-ਉਚਾਰਣ ਮੁਕਾਬਲਿਆਂ ਵਿਚ ਸੁਣਾਇਆ ਕਰਦਾ ਸੀ। ਸੁਰਿੰਦਰ ਧੰਜਲ ਨੇ ਤਾਂ ਲਿਖ ਕੇ ਇਹ ਗੱਲ ਮੰਨੀ ਹੋਈ ਹੈ ਕਿ ਜੁਝਾਰ-ਵਿਦਰੋਹੀ ਦੌਰ ਦੇ ਜਿਨ੍ਹਾਂ ਨੌਂ ਕਵੀਆਂ ਤੋਂ ਉਹ ਮੁਤਾਸਰ ਹੋ ਕੇ ਕਵਿਤਾ ਲਿਖਣ ਲੱਗਾ, ਉਨ੍ਹਾਂ ਵਿਚ 'ਵਰਿਆਮ ਸਿੰਘ ਸੰਧੂ' ਵੀ ਇੱਕ ਨਾਂ ਸੀ।

ਪਿਛਲੇ ਪੰਦਰਾਂ ਕੁ ਸਾਲਾਂ ਤੋਂ ਅਚਨਚੇਤ ਕਵਿਤਾ ਮੁੜ ਮੇਰੇ ਵਿਹੜੇ ਵਿਚ ਬਰਸਣ ਲੱਗੀ। ਇਨ੍ਹਾਂ ਸਾਲਾਂ ਵਿਚ ਮੈਂ ਕਈ ਕਵਿਤਾਵਾਂ ਲਿਖੀਆਂ। ਕਦੀ ਕਦੀ ਮੇਰੇ ਮਨ ਵਿਚ ਇਹ ਖ਼ਿਆਲ ਆਉਂਦਾ ਕਿ ਮੈਨੂੰ ਆਪਣੀਆਂ ਨਵੀਆਂ ਪੁਰਾਣੀਆਂ ਕਵਿਤਾਵਾਂ ਇਕੱਠੀਆਂ ਕਰ ਕੇ ਇਕ ਥਾਂ ਸਾਂਭ ਲੈਣੀਆਂ ਚਾਹੀਦੀਆਂ ਨੇ। ਦੋਸਤ-ਮਿੱਤਰ ਵੀ ਅਕਸਰ ਕਹਿੰਦੇ ਰਹਿੰਦੇ। ਪਰ ਮੇਰੇ ਖ਼ਿਆਲ ਨੂੰ ਸਾਕਾਰ ਕਰਨ ਵਿਚ ਡਾ ਲਖਵਿੰਦਰ ਜੌਹਲ ਹੁਰਾਂ ਮੈਨੂੰ ਪ੍ਰੇਰਿਤ ਕੀਤਾ:

ਇੰਝ 'ਵਰ੍ਹਿਆਂ ਪਿੱਛੋਂ' ਇਹ ਕਵਿਤਾ ਤੁਹਾਡੇ ਰੂ ਬ ਰੂ ਹੈ।

ਕਵਿਤਾਵਾਂ ਦੋ ਭਾਗਾਂ ਵਿਚ ਵੰਡੀਆਂ ਗਈਆਂ ਹਨ। ਪਹਿਲੇ ਭਾਗ ਵਿਚ 'ਤਾਜ਼ਾ' ਕਵਿਤਾਵਾਂ ਨੇ ਤੇ ਦੂਜੇ ਭਾਗ ਵਿਚ ਪੰਜਾਹ ਸਾਲ ਪਹਿਲਾਂ ਲਿਖੀਆਂ 'ਪੁਰਾਣੀਆਂ ਕਵਿਤਾਵਾਂ।

ਅੱਧੀ ਸਦੀ ਪਹਿਲਾਂ ਲਿਖੀਆਂ ਕਵਿਤਾਵਾਂ 'ਤੇ ਤਤਕਾਲੀ ਰਾਜਨੀਤਕ, ਸਮਾਜਿਕ-ਸਭਿਆਚਰਕ ਤੇ ਸਾਹਿਤਕ ਹਾਲਾਤ ਦਾ ਅਸਰ ਪ੍ਰਤੱਖ ਹੈ।

'ਹੁਣ' ਲਿਖੀਆਂ ਕਵਿਤਾਵਾਂ ਨੂੰ 'ਦੂਰ ਦੀ ਨਜ਼ਰ' ਨਾਲ ਅਤੇ ਪਹਿਲੀਆਂ ਕਵਿਤਾਵਾਂ ਨੂੰ 'ਨੇੜੇ ਦੀ ਨਜ਼ਰ' ਨਾਲ ਵੇਖਣ ਦੀ ਇਲਤਜਾ ਹੈ।

ਉਮੀਦ ਹੈ, ਨਵੀਆਂ ਦੀ ਤਾਜ਼ਗੀ ਦੇ ਸਵਾਦ ਬਾਰੇ ਵੀ ਦੱਸੋਗੇ, ਪਰ ਪੁਰਾਣੀਆਂ ਬਾਰੇ ਵੀ ਦੱਸਣਾ ਕਿ 'ਬੇਹੀਆਂ' ਤਾਂ ਨਹੀਂ ਹੋ ਗਈਆਂ!

# ਗੁਰਮੀਤ ਚੌਧਰੀ ਛੋਟੇ ਪਰਦੇ ਦਾ ਵੱਡਾ ਅਦਾਕਾਰ



22 ਫਰਵਰੀ, 1984 ਨੂੰ ਬਿਹਾਰ ਦੇ ਭਾਗਲਪੁਰ ਵਿਚ ਪੈਦਾ ਹੋਏ ਟੀ.ਵੀ. ਸਨਅਤ ਦੇ ਮੰਨੇ-ਪ੍ਰਮੰਨੇ ਚਿਹਰੇ ਐਕਟਰ ਗੁਰਮੀਤ ਚੌਧਰੀ ਨੂੰ ਐਕਟਿੰਗ ਦਾ ਚਸਕਾ ਹਿਕ ਫੈਸ਼ਨ ਦੇ ਡਾਂਸ ਦੇਖਣ ਤੋਂ ਬਾਅਦ ਤੋਂ ਲੱਗਿਆ ਸੀ। ਕਾਫ਼ੀ ਆਡੀਸ਼ਨ ਦੇਣ ਤੋਂ ਬਾਅਦ ਉਸ ਨੂੰ 'ਕੁਮਕੁਮ-ਏਕ ਪਿਆਰਾ ਸਾ ਬੰਧਨ' ਵਿਚ ਬੱਲੂ ਦੇ ਕਿਰਦਾਰ ਕਈ ਚੁਣ ਲਿਆ ਗਿਆ। ਉਸ ' ਤੋਂ ਤੋਂ ਬਾਅਦ ਟੀ.ਵੀ. ਸ਼ੋਅ 'ਰਾਮਾਇਣ' ਵਿਚ ਉਸ 4 ਨੂੰ ਨੂੰ ਭਗਵਾਨ ਰਾਮ ਦੇ ਕਿਰਦਾਰ ਵਿਚ ਚੁਣ ਜਿਆ ਗਿਆ ਸੀ। ਇਸ ਕਿਰਦਾਰ ਨੇ ਉਸ ਨੂੰ ਜ਼ਬਰਦਸਤ ਹਰਮਨ ਪਿਆਰਤਾ ਦਿੱਤੀ। ਉਸ ਨੂੰ ਘਰ-ਘਰ ਵਿਚ ਪਛਾਣ ਮਿਲੀ। ਉਸ ਤੋਂ ਬਾਅਦ ਗੁਰਮੀਤ ਦਾ ਕਰੀਅਰ ਤੇਜ਼ੀ ਨਾਲ ਚਲ ਨਿਕਲਿਆ। 'ਪਤੀ ਪਤਨੀ ਔਰ ਵੋ' ਵਿਚ ਉਸ ਨੇ ਪ੍ਰਤੀਯੋਗੀ ਦੇ ਤੌਰ 'ਤੇ ਹਿੱਸਾ ਲਿਆ। 'ਗੀਤ-ਹੂਈ ਸਭਸੇ ਪਰਾਈ', 'ਪੁਨਰਵਿਵਾਹ-ਜ਼ਿੰਦਗੀ ਮਿਲੇਗੀ ਦੁਬਾਰਾ' ਵਰਗੇ ਟੀ.ਵੀ. ਸ਼ੋਅਜ਼ ਜ਼ਰੀਏ ਗੁਰਮੀਤ ਦੀ ਛੋਟੇ ਪਰਦੇ 'ਤੇ ਧਾਕ ਜੰਮ ਗਈ। ਗੁਰਮੀਤ ਚੌਧਰੀ ਨੇ ਰਿਆਲਿਟੀ ਸ਼ੋਅ 'ਝਲਕ ਦਿਖਲਾ ਜਾ 5' ਵਿਚ ਬਤੌਰ ਪ੍ਰਤੀਯੋਗੀ ਹਿੱਸਾ ਲਿਆ ਅਤੇ ਸ਼ੋਅ ਦਾ ਜੇਤੂ ਰਿਹਾ। ਇਸ ਤੋਂ ਇਲਾਵਾ 'ਨੱਚ ਬੱਲੀਏ-6', 'ਫੀਅਰ ਫੈਕਟਰ : ਖ਼ਤਰੋਂ ਕੇ ਖਿਲਾੜੀ-5' ਅਤੇ 'ਆਈ ਕੈਨ ਡੂ ਦੈਟ' ਵਰਗੇ ਰਿਆਲਿਟੀ ਸ਼ੋਅਜ਼ ਵਿਚ ਵੀ ਉਸ ਨੇ ਹਿੱਸਾ ਲਿਆ ਅਤੇ ਪਹਿਲਾਂ ਦੋ ਰਿਆਲਿਟੀ ਸ਼ੋਅ ਵਿਚ 'ਫਰਸਟ' ਅਤੇ 'ਆਖ਼ਰੀ' ਸ਼ੋਅ ਵਿਚ 'ਸੈਕਿੰਡ ਰਨਰਅਪ ਰਹੇ।

ਗੁਰਮੀਤ ਚੌਧਰੀ ਨੇ 2015 ਦੀ ਫ਼ਿਲਮ 'ਖਾਮੋਸ਼ੀਆਂ' ਜ਼ਰੀਏ ਬਾਲੀਵੁੱਡ ਵਿਚ ਦਾਖਲਾ ਲਿਆ। ਉਸ ਤੋਂ ਬਾਅਦ ਹੁਣ ਤੱਕ ਉਹ 'ਮਿ. ਐਕਸ', 'ਵਜ੍ਹਾ ਤੁਮ ਹੋ', 'ਲਾਲੀ ਕੀ ਬਾਦੀ ਵਿਚ ਲੱਡੂ ਦੀਵਾਨਾ', 'ਪਲਟਨ' ਅਤੇ 'ਦ ਵਾਈਵ' ਵਰਗੀਆਂ ਫ਼ਿਲਮਾਂ ਵਿਚ ਨਜ਼ਰ ਆ ਚੁੱਕਾ ਹੈ ਪਰ ਇਥੇ ਉਸ ਨੂੰ ਟੀ.ਵੀ. ਵਰਗੀ ਹਰਮਨਪਿਆਰਤਾ ਨਹੀਂ ਮਿਲ ਸਕੀ। ਲਗਭਗ ਇਕ ਦਰਜਨ ਸੰਗੀਤਕ ਵੀਡੀਓਜ਼ ਕਰ ਚੁੱਕੇ ਗੁਰਮੀਤ ਚੌਧਰੀ ਨੇ ਪਿਛਲੇ ਸਾਲ 'ਯੇ ਕਾਲੀ ਕਾਲੀ ਆਂਖੇਂ'' ਜ਼ਰੀਏ ਓ.ਟੀ.ਟੀ. 'ਤੇ ਡੈਬਿਊ ਕੀਤਾ ਸੀ। ਉਸ ਦੀ ਇਹ ਵੈੱਬ ਸੀਰੀਜ਼ ਨੈਟ ਫ਼ਿਕਸ 'ਤੇ ਆਨ ਸਟੀਮ ਹੋਈ ਸੀ। ਗੁਰਮੀਤ ਚੌਧਰੀ ਟੀ.ਵੀ., ਫਿਲਮ ਅਤੇ ਓ.ਟੀ.ਟੀ. 'ਤੇ ਆਪਣੀ ਐਕਟਿੰਗ ਤੋਂ ਇਲਾਵਾ ਆਪਣੀ ਫਿਟਨੈੱਸ ਅਤੇ ਦਿੱਖ ਕਰਕੇ ਵੀ ਲਗਾਤਾਰ ਪ੍ਰਸ਼ੰਸਕਾਂ ਦਾ ਦਿਲ ਜਿੱਤਦਾ ਰਿਹਾ ਹੈ। ਪ੍ਰਸ਼ੰਸਕ ਸਿਰਫ਼ ਉਸ ਦੀ ਐਕਟਿੰਗ ਹੀ ਨਹੀਂ, ਫਿਟਨੈੱਸ 'ਤੇ ਦਿਲ ਹਾਰਦੇ ਹਨ। ਗੁਰਮੀਤ ਚੌਧਰੀ ਨੇ 4 ਅਕਤੂਬਰ, 2011 ਵਿਚ ਉਸ ਦੇ ਮਸ਼ਹੂਰ ਸ਼ੋਅ 'ਰਾਮਾਇਣ' ਵਿਚ 'ਸੀਤਾ' ਦਾ ਕਿਰਦਾਰ ਨਿਭਾਉਣ ਵਾਲੀ ਦੇਬਿਨਾ ਬੈਨਰਜੀ ਦੇ ਨਾਲ ਮੁੰਬਈ ਦੇ ਗੋਰੇਗਾਓ ਵਿਚ ਸਥਿਤ ਸ਼ਿਵ ਮੰਦਰ ਵਿਚ ਵਿਆਹ ਕੀਤਾ ਸੀ। ਇਸ ਤੋਂ ਬਾਅਦ ਦੋਵਾਂ ਨੇ ਬੰਗਾਲੀ ਰੀਤੀ ਰਿਵਾਜ ਨਾਲ ਵੀ ਵਿਆਹ ਕੀਤਾ ਸੀ। ਅੱਜ ਇਹ ਦੋਵੇਂ ਦੋ ਬੇਟੀਆਂ ਦੇ ਮਾਪੇ ਹਨ।

# ਯੂਨੀਵਰਸਿਟੀ ਕਾਲਜ ਸੁਜਾਨਪੁਰ ਵਿਚ ਨਾਟਕ, ਗੀਤਾਂ ਅਤੇ ਕਵਿਤਾਵਾਂ ਦੀ ਪੇਸ਼ਕਾਰੀ

## –ਅੰਗਰੇਜ਼ੀ ਵਿਭਾਗ ਨੇ ਕਰਵਾਇਆ ਸ਼ਾਨਦਾਰ ਸਮਾਗਮ

**ਕਲਾ ਪਰਿਕਰਮਾ**



ਪ੍ਰੋਫ਼ੈਸਰ ਜਸ਼ਨਜੋਤ ਸਿੰਘ ਜੌਹਲ, ਪ੍ਰੋਫ਼ੈਸਰ ਸ਼ੀਤਲ ਮਹਾਜਨ ਅਤੇ ਪ੍ਰੋਫ਼ੈਸਰ ਹਿਮਾਂਸ਼ੀ ਸ਼ਰਮਾ ਪ੍ਰਿੰਸੀਪਲ ਡਾ.ਰਾਕੇਸ਼ ਮੋਹਣ ਸ਼ਰਮਾ ਦਾ ਸਵਾਗਤ ਕਰਦੇ ਹੋਏ

**ਸੁਜਾਨਪੁਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਸੁਜਾਨਪੁਰ ਵਿਖੇ ਅੰਗਰੇਜ਼ੀ ਵਿਭਾਗ ਵੱਲੋਂ "ਵੌਇਸਜ਼ ਐਂਡ ਵਰਸਿਜ਼" ਸਿਰਲੇਖ ਅਧੀਨ ਇਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਬਲਿਊ. ਡਬਲਿਊ. ਜੈਕਬਜ਼ ਦੇ ਮਸ਼ਹੂਰ ਅੰਗਰੇਜ਼ੀ ਨਾਟਕ "ਦ ਮਾਂਕੀਜ਼ ਪੌਅ" ਦਾ ਦਿਲਕਸ਼ ਮੰਚਨ ਕੀਤਾ ਗਿਆ, ਜਿਸ ਨੂੰ ਵੇਖ ਕੇ ਦਰਸ਼ਕ ਅਸ਼-ਅਸ਼ ਕਰ ਉੱਠੇ। ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇਸ ਸਮਾਗਮ ਵਿੱਚ ਪੇਸ਼ ਕੀਤੀਆਂ ਗਈਆਂ ਕਵਿਤਾਵਾਂ ਅਤੇ ਗੀਤਾਂ ਦੀਆਂ ਪੇਸ਼ਕਾਰੀਆਂ ਨੇ ਵੀ ਦਰਸ਼ਕਾਂ ਨੂੰ ਘੰਟਿਆਂ ਬੱਧੀ ਕੀਲ ਕੇ ਰੱਖਿਆ।

ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਮੋਹਣ ਸ਼ਰਮਾ ਨੇ ਇਹਨਾਂ ਪੇਸ਼ਕਾਰੀਆਂ ਦੀ ਸ਼ਲਾਘਾ ਕਰਦੇ ਹੋਏ ਇਸ ਸਮਾਗਮ ਨੂੰ ਇੱਕ ਵਡਮੁੱਲਾ ਯਤਨ ਦੱਸਿਆ ਅਤੇ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਦੀ ਸ਼ਖ਼ਸੀਅਤ ਦੇ ਵਿਕਾਸ ਨੂੰ ਸੂਤਰਬੱਧ ਕਰਨ ਅਤੇ ਉਹਨਾਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰਨ ਅਤੇ ਉਹਨਾਂ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਡਾਕਟਰ ਸ਼ਰਮਾ ਨੇ ਇਸ ਸਮਾਗਮ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਉਨਾਂ ਦੀ ਤਿਆਰੀ ਕਰਵਾਉਣ ਵਾਲੇ ਸਾਰੇ ਪ੍ਰੋਫ਼ੈਸਰ ਸਾਹਿਬਾਨ ਨੂੰ ਸ਼ਾਬਾਸ਼ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ। ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਜਸ਼ਨਜੋਤ ਸਿੰਘ ਜੌਹਲ ਨੇ ਪ੍ਰਿੰਸੀਪਲ ਸਾਹਿਬ ਵੱਲੋਂ ਇਸ ਸਮਾਗਮ ਨੂੰ ਕਰਾਉਣ ਲਈ ਮਿਲੀ ਪ੍ਰੇਰਨਾ ਦਾ ਜ਼ਿਕਰ ਕਰਦਿਆਂ ਵਿਭਾਗ ਦੇ ਸਾਰੇ ਸਹਿਯੋਗੀ ਪ੍ਰੋਫ਼ੈਸਰ ਸਾਹਿਬਾਨ ਪ੍ਰੋਫ਼ੈਸਰ ਸ਼ੀਤਲ ਮਹਾਜਨ ਅਤੇ ਪ੍ਰੋਫ਼ੈਸਰ ਹਿਮਾਂਸ਼ੀ ਸ਼ਰਮਾ ਦੀ ਸਖਤ ਮਿਹਨਤ ਦੀ ਸ਼ਲਾਘਾ ਕੀਤੀ। ਇਹ ਸਮਾਗਮ ਵਿੱਚ ਕਮਰਸ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਸੁਖਜਿੰਦਰ ਕੌਰ, ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਵਿਸ਼ਾਲ ਕੁਮਾਰ, ਪ੍ਰੋਫ਼ੈਸਰ ਸੁਖਵਿੰਦਰ ਸਿੰਘ, ਡਾ. ਅਰਜਨ ਸਿੰਘ, ਪ੍ਰੋਫ਼ੈਸਰ ਮੇਘਾ ਸ਼ਰਮਾ, ਪ੍ਰੋਫ਼ੈਸਰ ਭਾਵਨਾ ਸ਼ਰਮਾ, ਪ੍ਰੋਫ਼ੈਸਰ ਇੰਦੂ ਬਾਲਾ, ਪ੍ਰੋਫ਼ੈਸਰ ਨੇਹਾ ਹਰਚੰਦ, ਪ੍ਰੋਫ਼ੈਸਰ ਗੁਰਜੀਤ ਕੌਰ, ਪ੍ਰੋਫ਼ੈਸਰ ਸੁਖਦੀਪ ਕੌਰ, ਪ੍ਰੋਫ਼ੈਸਰ ਗੀਤਾਂਜਲੀ, ਪ੍ਰੋਫ਼ੈਸਰ ਓਮ ਪ੍ਰਕਾਸ਼, ਡਾ. ਰਣਜੀਤ ਕੌਰ, ਪ੍ਰੋਫ਼ੈਸਰ ਸ਼ਵੇਤਾ ਅਬਰੋਲ, ਪ੍ਰੋਫ਼ੈਸਰ ਰੋਹਿਤ ਸ਼ਰਮਾ, ਪ੍ਰੋਫ਼ੈਸਰ ਸ਼ਾਲੂ ਅਤੇ ਹੋਰ ਸਟਾਫ਼ ਮੈਂਬਰ ਮੌਜੂਦ ਰਹੇ।




ਸਮਾਗਮ ਵਿਚ ਪੇਸ਼ਕਾਰੀਆਂ ਕਰਨ ਵਾਲੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਅਤੇ ਸਟਾਫ਼ ਮੈਂਬਰਾਂ ਨਾਲ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਪਰੈਲ 2025 ਹੈ। –ਸੰਪਾਦਕ*

## ਕੈਪਸ਼ਨ ਮੁਕਾਬਲਾ–685



*ਪੜ੍ਹਨ ਲਿਖਣ ਦੀ ਹਰ ਉਮਰ ਜੇ, ਮਨ ਸਿੱਖਣ ਦਾ ਚਾਅ,*
*ਅੱਸੀਆਂ ਤੋਂ ਲੰਘੀ ਬੇਬੇ ਨੂੰ ਤੱਕੀਏ, ਕੰਪਿਊਟਰ ਰਹੀ ਚਲਾ।*
*ਮੋਬਾਈਲ ਫ਼ੋਨ ਵੀ ਚਾਲੂ ਰੱਖਿਆ, ਜਾਪੇ ਗੂਗਲ 'ਤੇ ਰੁੱਝੀ,*
*ਮੂਰਤ ਖਿੱਚਣ ਦੀ ਪੋਤੇ-ਪੋਤੀਆਂ ਨੂੰ, ਹੈ ਝੱਟ ਸ਼ਰਾਰਤ ਸੁੱਝੀ।*

## ਕੈਪਸ਼ਨ ਮੁਕਾਬਲਾ–683



ਹਰੀ ਕ੍ਰਾਂਤੀ ਮਾਡਲ ਆਇਆ
ਕਿਸਾਨਾਂ ਅੰਨ ਦੇ ਢੇਰ ਲਗਾਏ।
ਸਰਕਾਰਾਂ ਤੋਂ ਨਾ ਗਿਆ ਸਾਂਭਿਆ
ਰੜੇ ਮੈਦਾਨ ਗੁਦਾਮ ਬਣਾਏ।
ਕੁੱਝ ਬੇਈਮਾਨਾਂ ਚੋਰੀ ਕਰ ਲਏ
ਕੁੱਝ ਪੰਛੀਆਂ ਦੇ ਹਿੱਸੇ ਆਏ।
ਦੇਸ਼ ਦੀ ਜਨਤਾ ਭੁੱਖੀ ਮਰਦੀ
ਫਿਰ ਵੀ 'ਭਾਰਤ ਮਹਾਨ' ਕਹਾਏ।
***– ਜਗਮੀਤ ਸਿੰਘ ਪੰਧੇਰ***
***ਫੋਨ: +91 98783-37222***

---

ਭਾਵੇਂ ਪੰਜਾਬ 'ਚ ਅੰਨ ਦੇ ਭੰਡਾਰ ਲੱਗਗੇ
ਕਬੂਤਰਾਂ ਨੂੰ ਖਜ਼ਾਨਾ ਲੱਭਾ
ਬੋਰੀਆਂ ਦੇ ਅੰਬਾਰ ਲੱਗਗੇ।
ਕੁਦਰਤ ਹਰ ਜੀਵ ਦਾ ਰੱਖੇ ਖਿਆਲ।
ਪਰ ਅੰਨਦਾਤੇ ਨੂੰ ਪੁੱਛੇ ਨਾ ਕੋਈ।
ਹੜਤਾਲਾਂ ਵੀ ਕਰਕੇ ਦੇਖ ਲਈਆਂ।
ਮਰਨ ਵਰਤ ਦੀ ਵੀ ਨਾ ਸੁਣੀ ਅਰਜ਼ੋਈ
ਜਾਇਜ਼ ਮੰਗਾਂ ਵੀ ਨਾ ਮੰਨ ਕੇ
ਕਿਰਸਾਨ ਮਿੱਟੀ 'ਚ ਰੋਲਤਾ।
ਫੂਡ ਸਪਲਾਈ ਵਾਲਿਆਂ ਨੇ ਵੀ
ਖੁੱਲ੍ਹੇ 'ਚ ਬਣਾ ਕੇ ਗੁਦਾਮ, ਜਿੰਦਰਾ ਖੋਲਤਾ।
***–ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਵਾਂਗ ਨੇਤਾਵਾਂ ਟੁੱਟ ਕੇ ਪੈ ਗਏ,
ਮਾਲ ਪਰਾਇਆ ਜਾਣ,
ਕੌਣ ਬਚਾਵੇ ਕਿੰਝ ਬਚਾਈਏ,
ਦੇਸ਼ ਦੇ ਕੱਢ ਲਏ ਪ੍ਰਾਣ।
ਕਬੂਤਰ ਕਰਨ ਪਏ ਫੀਸਟਾਂ,
ਜਿਉਂ ਜੰਤਾ ਅੱਸੀ ਕਰੋੜ,
ਬੇਫ਼ਿਕਰ ਹੋ ਕੇ ਵੱਜੇ ਉਡਾਰੀ,
ਹੋਰ ਦਿਸਦਾ ਨਹੀਂ ਤੋੜ।
***–ਸੇਵਾ ਸਿੰਘ ਨੂਰਪੁਰੀ***

---

ਮੰਗਣ ਤੁਰ ਪੈਂਦੇ ਸੀ ਬਾਹਰੋਂ,
ਪੰਜਾਬ ਨੇ ਮੰਗਣੋਂ ਦੇਸ਼ ਬਚਾਇਆ।
ਭਰੇ ਭੰਡਾਰ ਦੇਸ਼ ਆਪਣੇ ਦੇ,
ਪੰਜਾਬ ਨੇ ਭੁੱਖਾ ਦੇਸ਼ ਰਜਾਇਆ।
ਧਰਤ ਗੁਦਾਮ 'ਤੇ ਥਾਂ ਨਾ ਲੱਭੇ,
ਅੰਨ ਦਾ ਵੱਡਾ ਪਹਾੜ ਬਣਾਇਆ।
ਬੇਈਮਾਨਾਂ ਤਾਂ ਹੱਥ ਬਹੁ ਰੰਗੇ,
ਪੰਜਾਬ ਪਰ ਵਧਦਾ ਗਿਆ ਸਵਾਇਆ।
ਫੇਰ ਦਿਨ ਫਿਰੇ ਪੰਜਾਬ ਦੇ ਆਪਣੇ,
ਉਸ ਮਿੱਟੀ ਪੌਣ-ਪਾਣੀ ਗਵਾਇਆ।
ਰੁਲਿਆ ਪੰਜਾਬ ਗਲਿਆ ਪੰਜਾਬ,
'ਨਾਕਾਮ'! ਦੇਸ਼ 'ਚ ਹੋਇਆ ਪਰਾਇਆ।
***–ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864-318-5500***

---

ਨਾ ਕਦਰ ਨਾ ਵਸੀਲੇ
ਭੰਡਾਰਾਂ ਨੂੰ ਸਾਂਭਣ ਦੇ
ਬੀਜਣ, ਖਰੀਦਣ ਅੱਗੇ
ਆਯਾਤ ਨਿਰਯਾਤ ਮਾਮਲੇ
ਧਾਂਕਾ ਤਾਂ ਲਾ ਦਿੱਤੀਆਂ ਖੁਲ੍ਹੇਆਮ
ਪੰਛੀਆਂ ਦਾ ਤਾਂ ਦਾਅ ਲੱਗ ਗਿਆ।
ਮਾਰ ਮਾਰ ਆਵਾਜ਼ਾ ਆਪਣੀ ਬੋਲੀ
ਮਾਰ ਮਾਰ ਠੂੰਗਾ ਜਿੱਥੇ
ਕਿਸੇ ਦਾ ਦਾਅ ਲੱਗਾ।
ਸਰਕਾਰਾਂ, ਖਰੀਦਦਾਰਾਂ ਹੱਥ ਝਾੜੇ
ਸਾਡਾ ਕੀ ਕਸੂਰ ਪੰਛੀ ਖਾ ਗਏ।
ਨੁਕਸਾਨ ਕੌਣ ਝੱਲੂ
ਕਿਸ ਦੇ ਖਾਤੇ?
***–ਦਰਸ਼ਨ ਪਾਲ ਦੋਸਾਂਝ***

# ਕ੍ਰੈਬੀਅਨ ਟਾਪੂਆਂ ਦੀ ਸੈਰ- 3

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

### *6. ਕਰੂਜ਼ ਬਹਾਨੇ ਸਮੁੰਦਰ ਨਾਲ ਗੱਲਾਂ*

ਸਮੁੰਦਰ ਨੂੰ ਇੰਨੇ ਦਿਨ ਏਨਾ ਨੇੜਿਉਂ ਦੇਖਣਾ। ਇਸਦੀ ਵਿਸ਼ਾਲਤਾ ਦੇ ਅੰਗ-ਸੰਗ ਵਿਚਰਨਾ। ਇਸ ਦੀ ਹਵਾੜ ਰਾਹੀਂ ਇਸਦੀ ਸੀਨੇ ਵਿਚ ਫੁੱਟਦੀਆਂ ਭਾਵਨਾਵਾਂ ਨੂੰ ਪੜ੍ਹਨ ਦਾ ਇਕਲੌਤਾ ਮੌਕਾ ਸੀ। ਜਦ ਮੈਂ ਸਮੁੰਦਰ ਵੱਲ ਤੱਕਦਾ ਹਾਂ ਤਾਂ ਇਉਂ ਜਾਪਦਾ ਜਿਵੇਂ ਸਮੁੰਦਰ ਮੇਰੇ ਨਾਲ ਗੁਫ਼ਤਗੂ ਰਾਹੀਂ ਆਪਣੀ ਸਾਂਝ ਦੀਆਂ ਬਾਤਾਂ ਪਾਉਣਾ ਚਾਹੁੰਦਾ ਹੋਵੇ। ਸਮੁੰਦਰ ਰਾਹੀਂ ਕੋਲੰਬਸ ਭਾਰਤ ਲੱਭਣ ਤੁਰਿਆ ਤਾਂ ਉਸਨੇ ਅਮਰੀਕਾ ਲੱਭ ਲਿਆ। ਵਾਸਕੋਡੀ ਗਾਮਾ ਅਮਰੀਕਾ ਵੱਲ ਨੂੰ ਤੁਰਿਆ ਤਾਂ ਗੋਆ ਦੀ ਬੰਦਰਗਾਹ 'ਤੇ ਜਾ ਉਤਰਿਆ। ਸਮੁੰਦਰ ਨੇ ਇਕ ਰਾਹ ਦਿਤਾ ਕਿ ਧਰਤੀ ਦੇ ਵੱਖੋ-ਵੱਖ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਖਿੱਤਿਆਂ ਵਿਚ ਰਹਿੰਦੇ ਬੰਦਿਆਂ ਦੀ ਆਪਸੀ ਸਾਂਝ ਵਧੇ। ਪਰ ਮਨੁੱਖ ਦੀ ਲਾਲਚੀ ਅਤੇ ਕਬਜ਼ਾ ਕਰਨ ਦੀ ਬਿਰਤੀ ਕਾਰਨ ਸਾਮਰਾਜ ਨੇ ਅਜੇਹੇ ਪੈਰ ਪਸਾਰੇ ਕਿ ਅਮਰੀਕਾ ਨੂੰ ਯੂਰਪ ਵਾਸੀਆਂ ਨੇ ਹੜੱਪ ਲਿਆ। ਭਾਰਤ ਦੇ ਵੱਖ ਵੱਖ ਖਿੱਤਿਆਂ 'ਤੇ ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ ਕਾਬਜ਼ ਹੋ ਗਏ। ਆਖਰ ਭਾਰਤ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਅੰਗਰੇਜ਼ਾਂ ਨੇ ਵਿਸ਼ਾਲ ਭਾਰਤ ਨੂੰ ਕਈ ਟੁਕੜਿਆਂ ਵਿਚ ਵੰਡ ਕੇ, ਰਾਜਸੀ ਅਤੇ ਆਰਥਿਕ ਲੋਭ ਲਈ ਆਪਣੀ ਸਲਤਨਤ ਸਿਰਜ ਲਈ। ਪਰ ਸਮਾਂ ਕਿਸੇ ਨੂੰ ਮੁਆਫ਼ ਨਹੀਂ ਕਰਦਾ। ਦੁਨੀਆ ਭਰ 'ਤੇ ਰਾਜ ਕਰਨ ਵਾਲਾ ਇੰਗਲੈਂਡ ਅੱਜ-ਕੱਲ੍ਹ ਆਪਣੀ ਹੋਂਦ ਦੀ ਬਰਕਰਾਰੀ ਲਈ ਜੱਦੋ-ਜਹਿਦ ਕਰ ਰਿਹਾ ਹੈ ਅਤੇ ਭਾਰਤੀ ਮੂਲ ਦਾ ਰਿਸ਼ੀ ਸੂਨਕ ਇੰਗਲੈਂਡ ਦਾ ਪ੍ਰਾਈਮ ਮਨਿਸਟਰ ਵੀ ਬਣ ਗਿਆ। ਅਮਰੀਕਾ ਵਿਚ ਅਫ਼ਰੀਕਨ ਮੂਲ ਦੇ ਬਾਰਾਕ ਓਬਾਮਾ ਨੇ ਰਾਸ਼ਟਰਪਤੀ ਬਣ ਕੇ



ਇਤਿਹਾਸ ਸਿਰਜਿਆ ਜਿਨ੍ਹਾਂ ਦੇ ਵਡੇਰੇ ਗੁਲਾਮ ਪ੍ਰਥਾ ਦਾ ਸ਼ਿਕਾਰ ਹੋਏ। ਸਮੁੰਦਰ ਹੀ ਸਮਝਾਉਂਦਾ ਕਿ ਮੇਰੇ ਰਸਤੇ ਅਫਰੀਕਨਾਂ ਨੂੰ ਗੁਲਾਮ ਬਣਾ ਕੇ ਲਿਆਉਣ ਵਾਲੇ ਅਮਰੀਕੀਆਂ ਨੂੰ ਆਖਰ ਗੁਲਾਮਾਂ ਦੇ ਵਾਰਸਾਂ ਦੀ ਅਧੀਨਗੀ ਕਬੂਲਣੀ ਪਈ। ਪਰ ਬੰਦਾ ਕਦੋਂ ਸਮਝਦਾ ਹੈ ਸਮੁੰਦਰ ਦੀ ਅਚੇਤ ਰੂਪ ਵਿਚ ਦਿਤੀ ਸਮਲੌਤੀ।

ਸਮੁੰਦਰ ਨੂੰ ਇਹ ਵੀ ਯਾਦ ਹੈ ਕਿ ਕਦੇ ਸਮੁੰਦਰ ਰਾਹੀਂ ਸਫ਼ਰ ਕਰਨਾ ਜਾਂ ਵਪਾਰ ਕਰਨਾ ਬੰਦੇ ਦੀ ਜ਼ਰੂਰਤ ਅਤੇ ਅਹਿਮ ਮਾਰਗ ਸੀ। ਪਰ ਸਮੁੰਦਰੀ ਜਹਾਜ਼ ਰਾਹੀਂ ਸਫ਼ਰ ਕਰਨ ਵਾਲਿਆਂ ਨੇ ਨਿੱਕੇ ਜਹੇ ਸਮੁੰਦਰੀ ਸਫ਼ਰ ਨੂੰ ਮਨੋਰੰਜਨ ਦਾ ਸਾਧਨ ਬਣਾਇਆ। ਕਰੂਜ਼ ਰਾਹੀਂ ਕੁਝ ਸਮੇਂ ਲਈ ਸਮੁੰਦਰ ਨਾਲ ਸਾਂਝ ਪਾਉਣ ਦੀ ਪਿਰਤ ਵੀ ਜਾਰੀ ਰੱਖੀ। ਸਮੁੰਦਰ ਤਾਂ ਇਹੀ ਚਾਹੁੰਦਾ ਕਿ ਬੰਦਾ ਉਸਦੀ ਕਾਇਨਾਤੀ ਸਾਂਝ ਵਿਚੋਂ ਰਹਿਮਤਾਂ ਨੂੰ ਮਾਣਦਿਆਂ ਸਮੁੰਦਰ ਨੂੰ ਆਪਣਾ ਰਹਿਬਰੀ ਯਾਰ ਬਣਾਵੇ। ਪਰ ਬੇਈਮਾਨ ਬੰਦੇ ਦੀ ਕੇਹੀ ਫਿਤਰਤ ਕਿ ਉਹ ਆਪਣੇ ਘਰਾਂ ਅਤੇ ਫੈਕਟਰੀਆਂ ਦਾ ਕੂੜ-ਕਬਾੜ ਸਮੁੰਦਰ ਵਿਚ ਸੁੱਟਦਾ, ਇਸਨੂੰ ਪਲੀਤ ਕਰਨ ਲਈ ਹਰਦਮ ਯਤਨਸ਼ੀਲ।

ਬੰਦੇ ਨੇ ਤਾਂ ਰੇਡੀਆਈ ਰਹਿੰਦ-ਖੂੰਹਦ ਡੂੰਘੇ ਸਮੁੰਦਰ ਵਿਚ ਦਫ਼ਨਾ ਕੇ ਸਮੁੰਦਰੀ ਜੀਵਾਂ ਦੇ ਜੀਵਨ ਨੂੰ ਖਤਰੇ ਵਿਚ ਪਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਪਰ ਸਮੁੰਦਰੀ ਜੀਵ ਖਾਣ ਵਾਲਾ ਵਿਅਕਤੀ ਆਪ ਵੀ ਕਿਹੜਾ ਰੇਡੀਆਈ ਕਿਰਨਾਂ ਦੇ ਅਸਰ ਤੋਂ ਬਚ ਸਕਦਾ?

ਸਮੁੰਦਰ ਸਮਝਾਉਂਦਾ, "ਐ ਬੰਦੇ! ਕਦੇ ਤਾਂ ਮੇਰੇ ਵਾਂਗ ਆਪਣੀ ਸੋਚ ਨੂੰ ਡੂੰਘਾ, ਵਿਸ਼ਾਲ ਅਤੇ ਪਾਕੀਜ਼ ਕਰ। ਕੁਦਰਤੀ ਰਹਿਮਤਾਂ ਨਾਲ ਲਬਾਲਬ ਭਰ ਜਾਵੇਂਗਾ। ਮੇਰਾ ਤਾਂ ਕੁਝ ਜ਼ਿਆਦਾ ਵਿਗੜਨਾ ਨਹੀਂ। ਪਰ ਦੂਸਰਿਆਂ ਲਈ ਕਬਰ ਪੁੱਟਣ ਵਾਲਿਆ! ਤੂੰ ਸਭ ਤੋਂ ਪਹਿਲਾਂ ਆਪਣੀ ਕਬਰ ਪੁੱਟ ਰਿਹਾ ਏਂ।"

ਦੂਰ ਤੀਕ ਫੈਲਿਆ ਹੋਇਆ ਸਮੁੰਦਰ। ਇਸ ਦੀਆਂ ਲਹਿਰਾਂ ਵਿਚ ਮਨ ਦੀਆਂ ਭਾਵਨਾਵਾਂ ਦੀ ਤਸ਼ਬੀਹ। ਇਸਦੀ ਵਿਸ਼ਾਲਤਾ ਮਨ ਦੀ ਵਸੀਹਤਾ ਦਾ ਦ੍ਰਿਸ਼। ਇਸਦੀ ਅਸੀਮਤਾ, ਪੈਦਾ ਹੋਣ ਵਾਲੇ ਖ਼ਿਆਲਾਂ ਦਾ ਪ੍ਰਵਾਹ। ਸਮੁੰਦਰ ਆਪਣੀ ਵਿਸ਼ਾਲਤਾ ਅਤੇ ਤਰਲਤਾ ਸਦਕਾ, ਸਭ ਦਾ ਹਮਦਰਦ। ਸਭ ਦੀਆਂ ਲੋੜਾਂ ਦੀ ਪੂਰਤੀ ਅਤੇ ਮਨੁੱਖ ਸਾਹਵੇਂ ਵਿਛਣ ਲਈ ਕਾਹਲਾ। ਬੰਦੇ ਨੇ ਧਰਤੀ ਤਾਂ ਵੰਡੀ ਸੀ ਸਮੁੰਦਰ ਵੀ ਵੰਡੇ। ਪਰ ਸਮੁੰਦਰ ਦੇ ਪਾਣੀ ਅਤੇ ਇਸਦੀ ਹਿੱਕ 'ਤੇ ਪੈਦਾ ਹੁੰਦੀਆਂ ਲਹਿਰਾਂ ਨੂੰ ਕੌਣ ਵੰਡ ਸਕਦਾ? ਕੀ ਪਾਣੀ ਵਿਚ ਵਿੱਥ ਸਿਰਜੀ ਜਾ ਸਕਦੀ? ਕੀ ਪਾਣੀ ਨੂੰ ਟੋਟਿਆਂ ਵਿਚ ਤਕਸੀਮ ਕਰ ਸਕਦੇ?

ਵਿਸ਼ਾਲ ਕਰੂਜ਼ ਸ਼ਿਪ ਜਾ ਰਿਹਾ ਹੈ। ਸਮੁੰਦਰ ਇਸਨੂੰ ਰਾਹ ਤਾਂ ਦਿੰਦਾ ਪਰ ਇਸਦੀ ਪਈ ਹੋਈ ਪੈੜ ਨੂੰ ਬਿੰਦੇ ਝੱਟੇ ਮਿਟਾ ਰਿਹਾ। ਬੜੀ ਕੋਸ਼ਿਸ਼ ਕਰਦਾ ਹੈ, ਟਾਪੂ ਵਰਗਾ ਸਮੁੰਦਰੀ ਜਹਾਜ਼ ਆਪਣੇ ਨਿਸ਼ਾਨ ਸਮੁੰਦਰ ਦੀ ਹਿੱਕ 'ਤੇ ਸਿਰਜ ਸਕੇ ਪਰ ਸਮੁੰਦਰ ਤਾਂ ਸਮੁੰਦਰ ਹੈ। ਕੌਣ ਇਸਦੀ ਹਿੱਕ 'ਤੇ ਆਪਣੇ ਨਿਸ਼ਾਨ ਖੁਣ ਕੇ ਇਸਦੇ ਪਿੰਡੇ ਦੀ ਕੋਮਲਤਾ, ਮੁਲਾਇਮਤਾ ਅਤੇ ਠੰਡਕ ਦੇ ਅਹਿਸਾਸ ਨੂੰ ਮਿਟਾ ਸਕਦਾ।

ਸਮੁੰਦਰ ਨੂੰ ਚੁੰਮ ਕੇ ਆਉਂਦੀ ਹਵਾ ਮੇਰੇ ਜਿਸਮ ਨੂੰ ਸਹਿਲਾਉਂਦੀ। ਮੇਰੀਆਂ ਦੁਆਵਾਂ ਮੰਗਦੀ। ਪਸਰੇ ਆਸਮਾਨ ਅਤੇ ਦੂਰ ਤੀਕ ਫੈਲੇ ਸਮੁੰਦਰ ਦੇ ਦਰਸ਼ ਦੀਦਾਰੇ ਕਰਵਾਉਂਦੀ ਹੈ। ਮੇਰੀ ਨੀਝ ਦਾ ਧੁੰਧਲਕਾ ਛੱਟਦਾ। ਮੈਂ ਸਮੁੰਦਰ ਨੂੰ ਨਿਹਾਰਦਾ, ਚੁੱਪ-ਚੁਪੀਤਾ ਲਹਿਰਾਂ ਦੀ ਰਿਮਝਿਮ ਵਿਚ ਭਿੱਜਦਾ, ਖੁਦਾ ਨੂੰ ਆਪਣੇ ਸਭ ਤੋਂ ਕਰੀਬ ਸਮਝਦਾ ਹਾਂ। ਸਮੁੰਦਰ ਤੋਂ ਸਮਝ, ਸੋਚ, ਸੰਵੇਦਨਾ ਅਤੇ ਸਾਰਥਿਕਤਾ ਦਾ ਸਬਕ ਲੈਣਾ, ਹਫ਼ਤੇ ਭਰ ਦੀ ਕਰੂਜ਼ ਫੇਰੀ ਦਾ ਸਭ ਤੋਂ ਵੱਡਾ ਅਤੇ ਅਹਿਮ ਹਾਸਲ।

ਮੈਂ ਕਮਰੇ ਦੀ ਖਿੜਕੀ ਵਿਚ ਖੜ੍ਹ ਕੇ ਸਮੁੰਦਰ ਨੂੰ ਨਿਹਾਰਨ ਲੱਗਾ। ਮਨ ਕਰੇ ਕਿ ਉਸਦੀ ਫਿਤਰਤ, ਤਾਸੀਰ, ਤਰਬੀਅਤ ਅਤੇ ਸਮੁੱਚੇ ਵਰਤਾਰੇ ਦੀਆਂ ਉਸ ਨਾਲ ਬਾਤਾਂ ਪਾਵਾਂ। ਮੇਰੀ ਮਨੋਕਾਮਨਾ ਨੂੰ ਸਮਝ ਸਮੁੰਦਰ ਮੈਨੂੰ ਮੁਖਾਤਬ ਹੋ ਕੇ ਕਹਿਣ ਲੱਗਾ, "ਐ ਮਨੁੱਖ! ਚੰਗਾ ਲੱਗਾ ਕਿ ਕੋਈ ਤਾਂ ਹੈ ਜੋ ਮੇਰੇ ਨਾਲ ਗੱਲਾਂ ਕਰਨਾ ਚਾਹੁੰਦਾ। ਤੈਨੂੰ ਪਤੇ ਦੀ ਗੱਲ ਦੱਸਾਂ ਕਿ ਮੇਰੇ ਵਾਂਗ ਵਿਸ਼ਾਲ ਹੁੰਦਿਆਂ ਵੀ ਸਦਾ ਨਿਮਰ ਰਹਿਣਾ ਚਾਹੀਦਾ। ਪੈਰਾਂ ਵਿਚ ਵਿਛ ਜਾਣਾ ਚਾਹੀਦਾ ਤਾਂ ਹੀ ਮੈਂ ਬੀਚ 'ਤੇ ਸੈਰ ਕਰਦਿਆਂ ਦੇ ਪੈਰਾਂ ਨੂੰ ਭਿਉਂਦਿਆਂ, ਉਨ੍ਹਾਂ ਦੀ ਰੂਹ ਨੂੰ ਠੰਢਕ ਬਖ਼ਸ਼ਦਾਂ। ਗਿੱਲੀ ਰੇਤ 'ਤੇ ਪੈਰਾਂ ਦਾ ਨਿਸ਼ਾਨ ਖੁਦ ਹੀ ਸਿਰਜ ਕੇ, ਜਲਦੀ ਹੀ ਆਪਣੇ ਵਿਚ ਸਮਾ ਲੈਂਦਾ ਹਾਂ ਤਾਂ ਕਿ ਮੇਰੇ ਨਾਲ ਸਾਂਝ ਪਾਉਣ ਵਾਲਿਆਂ ਦੇ ਪੈਰਾਂ ਦੇ ਨਕਸ਼ ਤੇ ਛਹਿ ਮੇਰੇ ਅੰਗ-ਸੰਗ ਰਹੇ।"

"ਤੈਨੂੰ ਪਤਾ ਹੈ ਕਿ ਮੈਂ ਰਾਤ ਨੂੰ ਸ਼ਾਂਤ ਕਿਉਂ ਹੋ ਜਾਂਦਾ ਹਾਂ। ਦਰਅਸਲ ਰਾਤ ਨੂੰ ਚੰਦ ਮੇਰੇ ਪਾਣੀਆਂ ਵਿਚ ਉਤਰ ਆਉਂਦਾ ਹੈ। ਮੇਰੇ ਨਾਲ ਪਿਆਰੀਆਂ ਅਤੇ ਨਿੱਘੀਆਂ ਗੱਲਾਂ ਕਰਦਾ ਹੈ। ਉਸਦੇ ਸਾਥ ਵਿਚ ਮਿਲਿਆ ਸਕੂਨ ਹੀ ਮੈਨੂੰ ਸ਼ਾਂਤ ਕਰਦਾ। ਮੇਰੀ ਹਿੱਕ ਵਿਚ ਉਠੀਆਂ ਭਾਵਨਾਵਾਂ ਨੂੰ ਰਾਹਤ ਮਿਲਦੀ ਹੈ। ਮੈਂ ਬਹੁਤ ਹੀ ਮਲੂਕ ਜਹੇ ਚੰਨ ਨੂੰ ਪਲੋਸਦਾ, ਦਿਲ ਦੀਆਂ ਬਾਤਾਂ ਪਾਉਂਦਾ, ਉਸਦੇ ਨਿੱਘੇ ਸਾਥ ਵਿਚ ਆਪਣੀ ਤਨਹਾਈ ਨੂੰ ਮਿਟਾ ਕੇ ਜੀਵਨ ਦੀ ਪੂਰਨਤਾ ਲੋਚਦਾ। ਚੰਨ ਹੀ ਹੁੰਦਾ ਜਿਸਦੀ ਰੌਸ਼ਨੀ ਵਿਚ ਮੇਰਾ ਅਕਾਰ ਫੈਲਦਾ। ਮੈਂ ਬੀਚ ਨੂੰ ਵਿਛਾਲਦਾ ਅਤੇ ਬੰਦੇ ਦੇ ਜਾਗਣ ਤੋਂ ਪਹਿਲਾਂ ਪਹਿਲਾਂ ਫਿਰ ਆਪਣੀ ਪਹਿਲੀ ਜਗ੍ਹਾ 'ਤੇ ਪਰਤ ਆਉਂਦਾ। ਮੇਰਾ ਫੈਲਣਾ ਸਿਰਫ਼ ਚੰਨ ਦੇ ਸਾਥ ਦਾ ਹਾਸਲ ਹੁੰਦਾ।"

"ਦਿਨ ਵੇਲੇ ਚੰਨ ਦਾ ਵਿਯੋਗ ਮੇਰੇ ਸੀਨੇ ਵਿਚ ਅਮੋੜ ਭਾਵਨਾਵਾਂ ਦਾ ਤੂਫ਼ਾਨ ਪੈਦਾ ਹੁੰਦਾ। ਮੂੰਹ-ਜ਼ੋਰ ਲਹਿਰਾਂ ਮੇਰੇ ਰੂਪ ਨੂੰ ਵਿਗਾੜਦੀਆਂ, ਮੈਂ ਉਛਲਦਾ, ਕੁੱਦਦਾ ਅਤੇ ਚੰਨ ਨੂੰ ਮਿਲਣ ਲਈ ਤਾਂਘਦਾ। ਮੇਰੇ ਸੀਨੇ ਵਿਚੋਂ ਉਗਿਆ ਅੱਗ ਦਾ ਗੋਲਾ ਆਪਣਾ ਸਫ਼ਰ ਮੁਕਾ ਕੇ ਫਿਰ ਮੇਰੇ ਵਿਚ ਸਮਾ ਜਾਂਦਾ ਤਾਂ ਮੇਰੇ ਮਨ ਵਿਚ ਚੰਨ ਨੂੰ ਮਿਲਣ ਦੀ ਆਸ ਬੱਝਦੀ। ਅਤੇ ਮੈਂ ਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ।"

"ਬੰਦਿਆ ਤੈਨੂੰ ਸ਼ਾਇਦ ਪਤਾ ਨਾ ਹੋਵੇ ਕਿ ਮੈਂ ਤੇਰੀਆਂ ਊਰਜਾ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦਾਂ। ਪਰ ਤੇਰੀ ਭੁੱਖ ਨਹੀਂ ਪੂਰੀ ਕਰ ਸਕਦਾ। ਤੇਰੀਆਂ ਵੰਡੀਆਂ ਵੀ ਮੇਰੀ ਹਿੱਕ 'ਤੇ ਆਪਣਾ ਨਿਸ਼ਾਨ ਨਹੀਂ ਛੱਡ ਸਕੀਆਂ। ਆਪਣੀ ਕੋਝੀ ਸੋਚ ਦਾ ਪ੍ਰਛਾਵਾਂ ਤੂੰ ਮੇਰੇ ਵਿਚੋਂ ਤੱਕ ਸਕਦਾ ਜੋ ਖੁਦ ਤੈਨੂੰ ਹੀ ਸ਼ਰਮਿੰਦਾ ਕਰੇਗਾ। ਕੀ ਤੇਰੇ ਮਨ ਵਿਚ ਮੇਰੇ ਵਰਗਾ ਬਣਨ ਦਾ ਖ਼ਿਆਲ ਨਹੀਂ ਆਇਆ? ਕੀ ਤੂੰ ਮੇਰੇ ਵਾਂਗ ਫੈਲਰਨਾ ਨਹੀਂ ਚਾਹੁੰਦਾ? ਕੀ ਕਦੇ ਮੇਰੇ ਵਾਂਗ ਕਿਸੇ ਦੇ ਪੈਰਾਂ ਵਿਚ ਵਿਛਣ ਦੀ ਤਮੰਨਾ ਮਨ ਵਿਚ ਪਾਲੀ ਹੈ? ਕੀ ਤੇਰੇ ਅੰਦਰ ਵੀ ਮੇਰੇ ਵਾਂਗ ਨਿਵੇਕਲੇ ਅਤੇ ਅਦਭੁਤ ਕਾਇਨਾਤੀ ਦ੍ਰਿਸ਼ ਹਨ? ਤੇਰਾ ਚਿੱਤ ਤਾਂ ਕੂੜ ਕਬਾੜ ਨਾਲ ਭਰਿਆ ਹੋਇਆ ਹੈ। ਤੇਰੀ ਹਰ ਦਮ ਕੋਸ਼ਿਸ਼ ਹੁੰਦੀ ਕਿ ਮੈਨੂੰ ਵੀ ਕੂੜ-ਕਬਾੜ ਬਣਾ ਦੇਵੇਂ। ਪਰ ਮੈਂ ਸਦਾ ਨਿਰਮਲ ਰਹਿਣਾ। ਮੇਰੀ ਨਿਰਮਲਤਾ ਹੀ ਤੈਨੂੰ ਸ਼ਰਮਿੰਦਾ ਕਰਨ ਅਤੇ ਆਪਣੇ ਅੰਦਰ ਝਾਕਣ ਲਈ ਮਜਬੂਰ ਕਰ ਸਕਦੀ।"

"ਕਦੇ ਮਨ ਵਿਚ ਜ਼ਰੂਰ ਸੋਚੀਂ, ਕਾਸ਼! ਮੈਂ ਵੀ ਸਮੁੰਦਰ ਹੁੰਦਾ। ਦੂਰ ਤੀਕ ਫੈਲਿਆ ਜਿਸਦੀ ਹਿੱਕ ਵਿਚੋਂ ਉਗਦਾ ਏ ਸੂਰਜ। ਮੇਰੇ ਨਾਲ ਗੱਲਾਂ ਕਰਨ ਲਈ ਤਾਰੇ ਤੇ ਚੰਨ ਅਹੁਲਦੇ ਨੇ। ਮੈਂ ਬੱਦਲਾਂ ਦਾ ਸੋਮਾ ਹਾਂ। ਦੁਨੀਆ ਭਰ ਦੇ ਦਰਿਆਵਾਂ ਅਤੇ ਨਦੀ-ਨਾਲਿਆਂ ਦੀ ਪਹਿਲੀ ਪਸੰਦ ਹਾਂ ਕਿਉਂਕਿ ਮੈਂ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਅਭੇਦ ਕਰ ਲੈਂਦਾ ਤਾਂ ਹੀ ਇਹ ਵਗਦੇ ਪਾਣੀ ਸਦਾ ਸਮੁੰਦਰ ਵੱਲ ਨੂੰ ਵਗਦੇ, ਮੇਰੇ ਵਿਚ ਆ ਕੇ ਆਪਣੀ ਜੀਵਨ ਲੀਲਾ ਖਤਮ ਕਰਦੇ। ਬੰਦਿਆ! ਸਮੁੰਦਰ ਜ਼ਰੂਰ ਬਣੀਂ। ਪਰ ਕਦੇ ਵੀ ਸਮੁੰਦਰ ਨੂੰ ਬੰਦਾ ਬਣਾਉਣ ਦੀ ਲੋਚਾ ਮਨ ਵਿਚ ਨਾ ਕਰੀਂ ਕਿਉਂਕਿ ਸਮੁੰਦਰ, ਸਮੁੰਦਰ ਹੀ ਹੁੰਦਾ। ਬੰਦਾ ਤਾਂ ਕਿਣਕਾ ਮਾਤਰ ਹੈ ਸਮੁੰਦਰ ਸਾਹਵੇਂ।"

### *7. ਕਰੂਜ਼-ਯਾਤਰਾ -ਬੇਫ਼ਿਕਰੀ ਤੇ ਰੂਹਦਾਰੀ ਵਾਲਾ ਸਮਾਂ*

ਕਰੂਜ਼ ਦੌਰਾਨ ਹਰ ਵਿਅਕਤੀ ਸੈਲਾਨੀਆਂ ਦੀ ਭੀੜ ਵਿਚ ਹੁੰਦਿਆਂ ਵੀ, ਪੂਰਨ ਇਕੱਲਤਾ ਵਿਚ ਖ਼ੁਦ ਨੂੰ ਮਿਲਦਾ। ਆਪਣੀ ਪੁਣ-ਛਾਣ ਕਰਦਾ। ਆਲੇ-ਦੁਆਲੇ ਦੇ ਰੰਗਾਂ ਦੀ ਤਾਸੀਰ ਵਿਚੋਂ ਦੁਨੀਆ ਦੇ ਰੰਗ ਜਾਣਦਾ। ਵੱਖੋ-ਵੱਖ



ਕਮਿਊਨਿਟੀਆਂ ਦਾ ਰਹਿਣ-ਸਹਿਣ, ਖਾਣ-ਪੀਣ ਦੀਆਂ ਆਦਤਾਂ, ਤਰਜੀਹਾਂ, ਤਰਕੀਬਾਂ ਤੇ ਚਾਹਤਾਂ ਨੂੰ ਸਮਝਦਾ। ਦਰਅਸਲ ਇਹ ਲੋਕ ਜ਼ਿੰਦਗੀ ਦੇ ਹਰ ਪਲ ਨੂੰ ਬਿਨਾਂ ਕਿਸੇ ਸੰਕੋਚ ਜਾਂ ਹਿਚਕਚਾਹਟ ਤੇ ਰੂਹਦਾਰੀ ਨਾਲ ਮਾਣਦੇ। ਉਹ ਅੱਜ ਵਿਚ ਜਿਉਂਦੇ। ਕੱਲ੍ਹ ਨੂੰ ਕੀ ਹੋਣਾ ਕੋਈ ਪ੍ਰਵਾਹ ਨਹੀਂ। ਚਾਰ ਹਜ਼ਾਰ ਸੈਲਾਨੀਆਂ ਵਿਚ ਸਿਰਫ਼ ਇਕ ਹੀ ਪੰਜਾਬੀ ਪਰਿਵਾਰ ਦੇਖ ਕੇ ਹੈਰਾਨੀ ਹੋਈ। ਪੰਜਾਬੀ ਕੱਲ੍ਹ ਲਈ ਆਪਣੇ ਅੱਜ ਨੂੰ ਦਾਅ 'ਤੇ ਲਾਉਂਦੇ, ਅੱਜ ਤੇ ਕੱਲ੍ਹ ਨੂੰ ਗਵਾ ਬਹਿੰਦੇ।

ਐ ਬੰਦੇ! ਕਦੇ ਆਪਣੇ ਆਪ ਨੂੰ ਮਿਲਿਆ ਕਰ। ਕਦੇ ਹੱਸ ਕੇ ਕੁਝ ਪਲ ਜੀਅ ਲਿਆ ਕਰ। ਆਪਣਾ ਅੰਬਰ ਤਲਾਸ਼ਿਆ ਕਰ ਤੇ ਤਾਰਿਆਂ ਦੀ ਛਾਵੇਂ ਬੈਠਿਆ ਕਰ। ਕਦੇ ਆਪਣੀ ਜੀਵਨ-ਰੁੱਤ ਨੂੰ ਹੰਢਾਅ ਲੈ। ਹਰ ਵੇਲੇ ਸ਼ਾਮ ਹੀ ਨਾ ਬਣਿਆ ਰਿਹਾ ਕਰ, ਕਦੇ ਸਰਘੀ ਬਣਿਆ ਕਰ। ਐਵੇਂ ਢਲਦੀ ਦੁਪਹਿਰ ਦਾ ਕਾਹਤੋਂ ਇੰਤਜ਼ਾਰ ਕਰਦੈਂ। ਕਦੇ ਤਿੱਖੜ ਦੁਪਹਿਰ ਵੀ ਬਣਿਆ ਕਰ। ਕਦੇ ਪੁਰੇ ਦੀ ਪੌਣ ਦਾ ਨਾਮ ਬਣ ਜਾਂ ਕਦੇ ਪੱਛੋਂ ਦੀਆਂ ਕਣੀਆਂ ਬਣਿਆ ਕਰ। ਐਵੇਂ ਤਿੱਤਰਖੰਭੀਆਂ ਬਣ ਜਿਉਣਾ ਏਂ, ਕਦੇ ਕਾਲੀ ਘਟਾ ਵੀ ਬਣਿਆ ਕਰ। ਐਵੇਂ ਪੱਤਝੜ ਦਾ ਰੰਗ ਚਾੜ੍ਹਿਆ ਈ ਕਦੇ ਬਹਾਰ ਦੀ ਦਸਤਕ ਵੀ ਬਣਿਆ ਕਰ। ਨਾ ਖਿੜਦੇ ਫੁੱਲ ਦੀਆਂ ਆਯੂਧ ਹੀ ਹੋ, ਕਦੇ ਖਿੜਦੇ ਫੁੱਲ ਦੀ ਉਮਰ ਭੋਗਿਆ ਕਰ। ਵਕਤ ਨੂੰ ਕੋਈ ਨਾ ਫੜ ਸਕਿਆ, ਤੇਰੇ ਪੱਲੇ ਜੋ ਪਲ ਉਸਨੂੰ ਜੀਵਿਆ ਕਰ।

ਦਰਅਸਲ ਜਦ ਮੈਂ ਕਰੂਜ਼ ਵਿਚਲੇ ਸੈਲਾਨੀਆਂ ਵੰਨੀਂ ਦੇਖਦਾਂ ਤਾਂ ਪਤਾ ਲੱਗਦਾ ਕਿ ਉਹ ਜੀਵਨ ਦੇ ਅੱਜ ਨੂੰ ਜਿਉਂਦੇ। ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਰਾਂਗਲੇ ਵਰਤਮਾਨ ਨੂੰ ਬਰਬਾਦ ਨਹੀਂ ਕਰਦੇ। ਉਹ ਜ਼ਿੰਦਗੀ ਦਾ ਜਸ਼ਨ ਮਨਾਉਂਦੇ। ਹਰ ਨੁੱਕਰ 'ਤੇ ਮਹਿਫ਼ਲ ਸਜਾਉਂਦੇ। ਆਪਣੀ ਮਸਤੀ 'ਚ ਆਪਣੀਆਂ ਤਰਜੀਹਾਂ ਨੂੰ ਹੀ ਅਹਿਮੀਅਤ ਦਿੰਦੇ। ਉਨ੍ਹਾਂ ਲਈ ਇਸਦਾ ਕੋਈ ਅਰਥ ਨਹੀਂ ਕਿ ਕੋਈ ਉਨ੍ਹਾਂ ਦੀ ਤਰਬੀਅਤ ਅਤੇ ਜੀਵਨ ਸ਼ੈਲੀ ਬਾਰੇ ਕੀ ਕਹਿੰਦਾ ਹੈ। ਉਨ੍ਹਾਂ ਦਾ ਪਹਿਨਣਾ, ਖਾਣਾ, ਵਿਚਰਨਾ ਅਤੇ ਆਪਣੇ ਆਲਮ ਵਿਚ ਮਨ ਦੀਆਂ ਭਾਵਨਾਵਾਂ ਦੀ ਪੂਰਨਤਾ ਹੀ ਉਨ੍ਹਾਂ ਦਾ ਸੱਚ ਹੈ ਜਿਸਨੂੰ ਉਹ ਬਾਖ਼ੂਬੀ ਜਿਉਂਦੇ। ਪੰਜਾਬੀ ਤਾਂ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਫ਼ਿਕਰਮੰਦੀ ਵਿਚ ਆਪਣੀ ਸਾਰੀ ਉਮਰ ਹੀ ਦਾਅ 'ਤੇ ਲਾਈ ਰੱਖਦੇ। ਜਦ ਸਾਡਾ ਸਰੀਰ ਜਵਾਬ ਦੇਣ ਲੱਗਦਾ ਤਾਂ ਸਾਡੀ ਔਲਾਦ ਸਾਨੂੰ ਅਪਾਣੇ ਹਾਲਾਤ 'ਤੇ ਛੱਡ ਸਾਥੋਂ ਅਲੱਗ ਹੋ ਜਾਂਦੀ। ਅਸੀਂ ਫਿਰ ਕਿਸੇ ਬਜ਼ੁਰਗ ਘਰ ਜਾਂ ਸੀਨੀਅਰ ਹੋਮ 'ਚ ਆਪਣੀ ਮੌਤ ਦੀ ਉਡੀਕ ਕਰਦੇ। ਸਾਨੂੰ ਆਪਣੀ ਬੀਤੀ ਜ਼ਿੰਦਗੀ 'ਤੇ ਅਫ਼ਸੋਸ ਤਾਂ ਬਹੁਤ ਹੁੰਦਾ ਪਰ ਬੀਤਿਆ ਕਦੇ ਪਰਤਦਾ ਨਹੀਂ। ਭਵਿੱਖ ਦੀ ਚਿੰਤਾ ਵਿਚ ਅਸੀਂ ਆਪਣੇ ਸਾਹਾਂ ਵਿਚ ਹਉਕੇ ਤੇ ਹਾਵੇ ਬੀਜਦੇ, ਆਪਣੀ ਅਰਥੀ ਨੂੰ ਆਪਣੇ ਮੋਢਿਆਂ 'ਤੇ ਚੁੱਕੀ ਮਸਾਣਾਂ ਵੱਲ ਨੂੰ ਜਾਣ ਲਈ ਕਾਹਲੇ ਹੁੰਦੇ। ਸਾਨੂੰ ਵੀ ਵਿਦੇਸ਼ੀਆਂ ਦੇ ਜੀਵਨ-ਜਾਚ ਵਿਚੋਂ ਕੁਝ ਤਾਂ ਸਿੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਨੂੰ ਅਜੇਹਾ ਜੀਓ ਕਿ ਸਾਡੀ ਅਰਥੀ ਮਗਰ ਤੁਰੇ ਜਾਂਦੇ ਲੋਕ ਕਹਿਣ ਕਿ ਜ਼ਿੰਦਗੀ ਤਾਂ ਇਸਦੀ ਸੀ। ਸਾਨੂੰ ਆਖਰੀ ਸਾਹ ਲੈਣ ਲੱਗਿਆਂ ਕੋਈ ਗਿਲਾ ਜਾਂ ਸ਼ਿਕਵਾ ਨਾ ਹੋਵੇ ਕਿ ਅਸੀਂ ਕੁਝ ਅਜੇਹਾ ਕਰ ਨਹੀਂ ਸਕੇ ਜਾਂ ਮਾਣ ਨਹੀਂ ਸਕੇ ਜੋ ਸਾਡਾ ਮਨ ਚਾਹੁੰਦਾ ਸੀ। ਕਦੇ ਕਦਾਈਂ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਅਸਮਾਨ ਦੀ ਛਾਵੇਂ, ਆਪਣੇ ਪੈਰਾਂ ਹੇਠਲੀ ਧਰਤੀ 'ਤੇ ਵਿਚਰਦਿਆਂ ਜ਼ਰੂਰ ਜੀਣਾ। ਇਸ ਦਾ ਹੁਲਾਸੀ ਨੂਰ ਤੁਹਾਡੇ ਚਿਹਰੇ 'ਤੇ ਹਰ ਵੇਲੇ ਚਮਕਦਾ ਰਹੇ।

ਹਫ਼ਤਾ ਭਰ ਕਰੂਜ਼ 'ਤੇ ਬਿਤਾ, ਸਾਡਾ ਕਰੂਜ਼ ਸ਼ਿਪ ਮਿਆਮੀ ਕਰੂਜ਼ ਪੋਰਟ 'ਤੇ ਆ ਲੱਗਿਆ। ਅਸੀਂ ਮਿਆਮੀ ਤੋਂ ਫਲਾਈਟ ਲੈ ਕੇ ਕਲੀਵਲੈਂਡ ਆ, ਫਿਰ ਸਰਦ ਮੌਸਮਾਂ ਦਾ ਰੰਗ ਮਾਨਣ ਲਈ ਖ਼ੁਦ ਨੂੰ ਤਿਆਰ ਕਰ ਲਿਆ। ***(ਸਮਾਪਤ)***

# ਮਹਾਰਾਜਾ ਰਣਜੀਤ ਸਿੰਘ ਬਾਰੇ ਰੋਚਕ ਤੱਥ

#ਔਸਬੋਰਨ ਲਿਖਦਾ ਹੈ, 'ਪਹਿਲੀ ਨਜ਼ਰੇ ਦੇਖਿਆਂ ਦਿਲ 'ਤੇ ਸੱਟ ਵਜਦੀ ਹੈ ਕਿ ਸਿਖਾਂ ਦਾ ਰਾਜਾ ਇਹੋ ਜਿਹਾ ਹੈ?

'ਪੱਕਾ ਰੰਗ, ਮਾਤਾ ਦੇ ਦਾਗ, ਦਰਮਿਆਨਾ ਕੱਦ, ਇਹੋ ਕਾਣਾ ਜਦੋਂ ਪਿਠ ਪਿਛੇ ਵਾਲ ਬੰਨ੍ਹ ਕੇ ਘੋੜੇ ਦੀ ਕਾਠੀ 'ਤੇ ਸਵਾਰ ਹੋ ਅੱਡੀ ਲਾਉਂਦਾ ਹੈ ਤਦ ਉਹ ਇਕ ਕ੍ਰਿਸ਼ਮਾ ਬਣ ਜਾਂਦਾ ਹੈ। ਉਸ ਦਾ ਸਰੀਰ ਨਹੀਂ ਦਿਸਦਾ, ਉਸ ਦੀ ਬਲਵਾਨ ਰੂਹ ਦੇ ਦੀਦਾਰ ਹੁੰਦੇ ਹਨ। ਯਕੀਨ ਨਹੀਂ ਆਉਂਦਾ ਕਿ ਇਹ ਉਹੀ ਸ਼ਖ਼ਸ ਹੈ ਜਿਹੜਾ ਹੁਣੇ ਦੇਖਿਆ ਸੀ।'

*ਮੈਕਗਰੈਗਰ ਲਿਖਦਾ ਹੈ, 'ਉਸ ਦੀ ਮੁਸਕਾਨ ਮਨਮੋਹਣੀ ਹੈ। ਉਸ ਦੀ ਸਾਦਗੀ ਕਰਕੇ ਮਾਹੌਲ ਸੁਖਾਵਾਂ ਰਹਿੰਦਾ ਹੈ ਤੇ ਬੰਦਾ ਬੇਝਿਜਕ ਗੱਲ ਕਰ ਸਕਦਾ ਹੈ। ਜਿਸ ਵਿਸ਼ੇ ਤੇ ਮਰਜ਼ੀ ਗੱਲ ਕਰੋ, ਉਹ ਤੁਰੰਤ ਤਹਿ ਤੱਕ ਪੁੱਜ ਜਾਂਦਾ ਹੈ ਤੇ ਉਸ ਪਾਸ ਸ਼ਬਦਾਂ ਦੀ ਕਦੀ ਘਾਟ ਨਹੀਂ ਆਈ, ਨਾ ਵਿਚਾਰਾਂ ਦੀ ਕਮੀ ਦਿਸੀ।

ਯੁੱਧ ਵਿਚ ਚੜ੍ਹਾਈ ਵੇਲੇ ਉਹ ਸਾਰਿਆਂ ਤੋਂ ਅੱਗੇ ਹੁੰਦਾ ਤੇ ਵਾਪਸੀ ਵੇਲੇ ਸਭ ਤੋਂ ਪਿਛੇ। ਸਾਰੀ ਜ਼ਿੰਦਗੀ ਉਸ ਨੇ ਯੁੱਧਾਂ ਵਿਚ ਲੰਘਾਈ। ਅੱਜ ਵੀ ਸ਼ਾਨਦਾਰ ਮਹਿਲਾਂ ਵਿਚ ਰਹਿਣ ਦੀ ਥਾਂ ਉਸ ਨੂੰ ਤੰਬੂ ਵਿਚ ਬੈਠਣਾ ਵਧੀਕ ਪਸੰਦ ਹੈ।'

*ਬਾਰਕ ਨੇ ਲਿਖਿਆ, 'ਖਾਹਮਖਾਹ ਆਪਣੇ ਹੱਥਾਂ 'ਤੇ ਉਸਨੇ ਖੂਨ ਦੇ ਦਾਗ ਨਹੀਂ ਲੱਗਣ ਦਿਤੇ। ਬਗੈਰ ਜ਼ੁਲਮ ਕੀਤਿਆਂ ਏਨੀ ਵੱਡੀ ਹਕੂਮਤ ਕਾਇਮ ਕਰਨ ਵਿਚ ਉਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ'।

*ਫਰਾਂਸੀਸੀ ਯਾਤਰੂ ਜੈਕਮੋਂਟ ਲਿਖਦਾ ਹੈ, 'ਜੇ ਰਣਜੀਤ ਸਿੰਘ ਫੈਸਲਾ ਕਰ ਲਏ ਕਿ ਕੁਝ ਦਿਨ ਪੰਜਾਬ ਤੋਂ ਬਾਹਰ ਗੁਜਾਰਨੇ ਹਨ ਤਦ ਅਫਗਾਨਿਸਤਾਨ ਜਿੱਤ ਲੈਣਾ ਉਸ ਲਈ ਕੋਈ ਮੁਸ਼ਕਿਲ ਨਹੀਂ।'

*ਐਚ ਈ ਫੇਨ 1837 ਵਿਚ ਲਾਹੌਰ ਆਇਆ ਤੇ ਟਿੱਪਣੀ ਦਿਤੀ, 'ਮਿਹਰਬਾਨੀਆਂ ਨਾਲ ਉਹ ਨੱਕੋ-ਨੱਕ ਭਰਿਆ ਹੋਇਆ ਹੈ। ਹੈਰਾਨੀ ਹੁੰਦੀ ਹੈ ਕਿ ਮੌਤ ਦੀ ਸਜ਼ਾ ਖਤਮ ਕਰਨ ਉਪਰੰਤ ਵੀ ਉਹ ਆਪਹੁਦਰੇ ਜਾਂਗਲੀ ਲੋਕਾਂ ਨੂੰ ਸਿਧਾਣ ਵਿਚ ਕਾਮਯਾਬ ਹੋਇਆ'।

ਜਰਨੈਲ ਅਵਿਤਬਿਲੇ ਨੇ ਪੇਸ਼ਾਵਰ ਵਿਚ ਮਹਾਰਾਜੇ ਦੀ ਆਗਿਆ ਬਗੈਰ ਕੁੱਝ ਡਾਕੂਆਂ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਤਾਂ ਮਹਾਰਾਜ ਨੇ ਉਸ ਦੀ ਜਵਾਬਤਲਬੀ ਕਰਕੇ ਆਪਣੀ ਨਾਰਾਜ਼ਗੀ ਪ੍ਰਗਟਾਈ। ਮਹਾਰਾਜੇ ਨੇ ਕਿਹਾ, 'ਤੂੰ ਉਨ੍ਹਾਂ ਨੂੰ ਬੰਦੀ ਬਣਾ ਲੈਂਦਾ। ਡਰਾ ਡਰੂ ਕੇ ਫਿਰ ਭਜਾ ਦਿੰਦਾ, ਇਹੀ ਕਾਫੀ ਸੀ'। ਇਥੋਂ ਤੱਕ ਕੇ ਪਸ਼ੂ-ਪੰਛੀ ਦੇ ਕਰਾਹੁਣ ਦੀ ਆਵਾਜ਼ ਉਸ ਨੂੰ ਬੇਚੈਨ ਕਰ ਦਿੰਦੀ।

*ਚਾਰਲਸ ਗ਼ਫ ਲਿਖਦਾ ਹੈ ਕਿ ਏਸ਼ੀਅਨ ਰਾਜਿਆਂ ਵਿਚੋਂ ਉਹ ਇਸ ਗੱਲੋਂ ਉੱਤਮ ਸੀ ਕਿ ਉਸ ਨੂੰ ਆਪਣੀ ਸੀਮਾ ਅਤੇ ਆਪਣੀ ਸਮਰੱਥਾ ਦੋਹਾਂ ਦਾ ਸਹੀ ਗਿਆਨ ਸੀ। ਦੁਸ਼ਮਣ ਨਾਲ ਉਹ ਉਦੋਂ ਤੱਕ ਪੰਗਾ ਨਹੀਂ ਲੈਂਦਾ ਸੀ, ਜਦੋਂ ਤੱਕ ਉਸ ਨੂੰ ਇਹ ਵਿਸ਼ਵਾਸ਼ ਨਹੀਂ ਹੋ ਜਾਂਦਾ ਸੀ ਕਿ ਜਿੱਤ ਯਕੀਨਨ ਮੇਰੀ ਹੋਵੇਗੀ। ਉਹ ਦੂਜਾ ਕਦਮ ਉਠਾਉਂਦਾ ਹੀ ਨਹੀਂ ਸੀ ਜਦੋਂ ਤੱਕ ਜਾਣ ਨਹੀਂ ਲੈਂਦਾ ਸੀ ਕਿ ਪਹਿਲਾ ਕਦਮ ਪੱਕਾ ਟਿਕ ਗਿਆ ਹੈ।

ਏਨਾ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਉਹ ਹੰਕਾਰਿਆ ਨਹੀਂ। ਉਹ ਲਗਾਤਾਰ ਚੇਤੰਨ ਰਹਿੰਦਾ ਸੀ ਕਿ ਵਿਸ਼ੇਸ਼ ਕਰਕੇ ਸਿੱਖ ਪਰੰਪਰਾਵਾਂ ਵੱਲ ਅਵੱਗਿਆ ਨਾ ਹੋ ਜਾਵੇ ਕਿਉਂਕਿ ਉਸ ਨੂੰ ਸਿੱਖਾਂ ਦੇ ਸਿਦਕ ਅਤੇ ਸੁਭਾਅ ਦੀ ਜਾਣਕਾਰੀ ਸੀ।

ਉਹ ਆਪਣੀ ਮਰਜ਼ੀ ਨਹੀਂ ਠੋਸਦਾ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਖਾਲਸਾ ਕੇਵਲ ਗੁਰੂ ਦੀ ਤਾਬਿਆਦਾਰੀ ਕਬੂਲਦਾ ਹੈ ਹੋਰ ਕਿਸੇ ਦੀ ਨਹੀਂ। ਕਦੀ ਕਦਾਈਂ ਸਿੱਖ ਉਸ ਨੂੰ ਜ਼ਰੂਰ ਬੁਰਾ ਭਲਾ ਬੋਲ ਲੈਂਦੇ ਸਨ ਪਰ ਉਹ ਬਰਦਾਸ਼ਤ ਕਰਦਾ ਸੀ। ਆਪਣੇ ਉਪਰ ਹੋਏ ਹਥਿਆਰਬੰਦ ਹੱਲੇ ਨੂੰ ਵੀ ਨਜ਼ਰਅੰਦਾਜ਼ ਕਰ ਦਿੰਦਾ ਸੀ।

**-ਪ੍ਰੋ.ਹਰਪਾਲ ਸਿੰਘ ਪੰਨੂੰ ਦੀ ਲਿਖਤ ਵਿਚੋਂ**

# ਟਰੰਪ ਅਤੇ ਨਵਾਂ ਵਿਸ਼ਵ ਆਰਡਰ

ਆਮ ਕਹਾਵਤ ਹੈ ਕਿ ਅਮਰੀਕਨ ਚਾਰ ਸਾਲ ਲਈ ਤਾਨਾਸ਼ਾਹ ਚੁਣਦੇ ਹਨ। ਇਹ ਗੱਲ ਵੱਖਰੀ ਹੈ ਕਿ ਉਹ ਤਾਨਾਸ਼ਾਹ ਬਣ ਨਹੀਂ ਸਕਦਾ ਕਿਉਂਕਿ ਅਮਰੀਕਾ ਦੀ ਸੁਪਰੀਮ ਕੋਰਟ ਅਤੇ ਕਾਂਗਰਸ ਦਾ ਉਸ 'ਤੇ ਮੁਕੰਮਲ ਚੈੱਕ ਹੈ। ਕਾਂਗਰਸ ਉਸ ਵਿਰੁੱਧ ਮਹਾਂ ਦੋਸ਼ ਦਾ ਮੁਕੱਦਮਾ ਚਲਾ ਕੇ ਗੱਦੀ ਤੋਂ ਲਾਹ ਸਕਦੀ ਹੈ, ਪਰ ਅਮਰੀਕਾ ਦੇ ਛੋਟੇ ਜਿਹੇ (ਸੱਤ ਪੰਨੇ) ਸੰਵਿਧਾਨ ਨੇ ਰਾਸ਼ਟਰਪਤੀ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਹਨ। ਖਾਸ ਕਰਕੇ ਉਸ ਪਾਸ ਜੋ ਨੈਸ਼ਨਲ ਐਮਰਜੈਂਸੀ ਘੋਸ਼ਤ ਕਰਨ ਦੀ ਸ਼ਕਤੀ ਹੈ ਉਸ ਅਧੀਨ ਤਾਂ ਇਹ ਇਕ ਤਰ੍ਹਾਂ ਤਾਨਾਸ਼ਾਹ ਵਰਗਾ ਹੀ ਬਣ ਜਾਂਦਾ ਹੈ। ਅਮਰੀਕਾ ਬਹੁਤ ਵੱਡੀ ਮਿਲਟਰੀ ਅਤੇ ਆਰਥਿਕ ਸ਼ਕਤੀ ਹੈ, ਇਸ ਸਮੇਂ ਵੱਡੀ ਸੁਪਰ

ਡਾ. ਪ੍ਰਿਥੀਪਾਲ ਸਿੰਘ ਸੋਹੀ

ਪਾਵਰ ਵੀ ਹੈ, ਇਸ ਲਈ ਉਸ ਦੇ ਸ਼ਕਤੀਸ਼ਾਲੀ ਰਾਸ਼ਟਰਪਤੀ ਦੇ ਇੱਕ-ਇੱਕ ਬੋਲ ਅਤੇ ਐਕਸ਼ਨ ਨਾਲ ਦੁਨੀਆ ਹਿੱਲ ਜਾਂਦੀ ਹੈ। ਦੁਨੀਆ ਭਰ ਦੀਆਂ ਸ਼ੇਅਰ ਮਾਰਕੀਟਾਂ ਉੱਠ ਖੜਦੀਆਂ ਹਨ ਜਾਂ ਡਿੱਗ ਜਾਂਦੀਆਂ ਹਨ। ਅੱਜ-ਕੱਲ੍ਹ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਕੌਮਾਂਤਰੀ ਆਰਥਿਕ ਐਮਰਜੈਂਸੀ ਐਕਟ (1977) ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਰਾਹੀਂ ਉਹ ਅਮਰੀਕਾ ਦੇ ਆਰਥਿਕ ਢਾਂਚੇ ਨੂੰ ਨਵਾਂ ਰੂਪ ਦੇ ਰਹੇ ਹਨ ਅਤੇ ਇਸ ਦਾ ਪ੍ਰਭਾਵ ਸਮੁੱਚੀ ਦੁਨੀਆਂ 'ਤੇ ਪੈ ਰਿਹਾ ਹੈ। ਦੁਨੀਆਂ ਦੇ ਬਹੁ-ਗਿਣਤੀ ਦੇਸ਼, ਖਾਸ ਕਰਕੇ ਅਮਰੀਕਾ ਦੇ ਮਿੱਤਰ ਦੇਸ਼ ਵੀ ਇਸ ਅਨੁਸਾਰ ਆਪਣੇ ਆਰਥਿਕ ਢਾਂਚਿਆਂ ਨੂੰ ਨਵਾਂ ਰੂਪ ਦੇਣ ਬਾਰੇ ਸੋਚ ਰਹੇ ਹਨ ਜਾਂ ਮਜਬੂਰ ਹੋ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਕਹਿਣਾ ਕਿ ਟਰੰਪ ਅਮਰੀਕਾ ਦੀ ਆਰਥਿਕ ਚਾਲ ਬਦਲ ਰਹੇ ਹਨ, ਅਤੇ ਉਹ ਕੈਨੇਡਾ ਦੀ ਆਰਥਿਕ ਚਾਲ ਬਦਲਣਗੇ। ਉਨ੍ਹਾਂ ਅਨੁਸਾਰ ਨਵੇਂ ਬਦਲ ਰਹੇ ਕੌਮਾਂਤਰੀ ਆਰਡਰ ਵਿਚ ਉਹ ਸਫਲ ਹੋ ਕੇ ਨਿਕਲਣਗੇ। ਇਹੀ ਵਿਚਾਰ ਬਾਕੀ ਦੇਸ਼ ਵੀ ਰੱਖ ਰਹੇ ਹਨ।

ਟਰੰਪ ਨੇ 20 ਜਨਵਰੀ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਸੀ। ਅਮਰੀਕਾ ਦਾ 47ਵਾਂ ਰਾਸ਼ਟਰਪਤੀ ਉਹ ਨਹੀਂ ਜੋ ਕਿ 45ਵਾਂ ਸੀ। ਹੁਣ ਉਸ ਨੇ ਰੀਪਬਲਿਕਨ ਪਾਰਟੀ ਦੇ ਸਾਰੇ ਪੁਰਾਣੇ ਖੁੰਡਾਂ ਦੀ ਪੁੱਛ ਪ੍ਰਤੀਤ ਖਤਮ ਕਰ ਦਿੱਤੀ ਹੈ। ਪਿਛਲੀ ਮਿਆਦ ਸਮੇਂ ਇਨ੍ਹਾਂ ਪੁਰਾਣੇ ਖੁੰਡਾਂ ਨੇ ਟਰੰਪ ਨੂੰ ਕਿੰਨਾ ਚਿਰ ਸਿਸਟਮ ਦੀ ਸਮਝ ਹੀ ਨਹੀਂ ਸੀ ਆਉਣ ਦਿੱਤੀ। ਇਸ ਵਾਰ ਉਨ੍ਹਾਂ 'ਚੋਂ ਕੋਈ ਵੀ ਟਰੰਪ ਨੇ ਆਪਣੀ ਕੈਬਨਿਟ ਵਿਚ ਨਹੀਂ ਲਿਆ। ਇਸ ਵਾਰ ਉਹ ਤਜਰਬੇਕਾਰ ਰਾਸ਼ਟਰਪਤੀ ਹਨ, ਉਨ੍ਹਾਂ ਸਾਰੀ ਹੀ ਟੀਮ ਨਵੀਂ ਲਈ ਹੈ ਜੋ ਉਸ ਦੀ ਹਾਂ ਵਿਚ ਹਾਂ ਮਿਲਾਉਂਦੀ ਹੈ। ਉਹ ਅਮਰੀਕਾ ਨੂੰ ਮੁੜ ਗਰੇਟ ਬਣਾਉਣਾ ਚਾਹੁੰਦੇ ਹਨ, ਲੜਖੜਾ ਰਹੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਇਸ ਲਈ ਬਿਨਾ ਸਮਾਂ ਗਵਾਏ ਪਹਿਲੇ ਹੀ ਦਿਨ ਤੋਂ ਉਨ੍ਹਾਂ ਐਗਜ਼ੈਕਟਿਵ ਆਰਡਰਾਂ ਦੀ ਝੜੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਪਿਛਲੇ ਦੋ ਕੁ ਮਹੀਨਿਆਂ ਵਿਚ ਉਨ੍ਹਾਂ ਦੇ ਐਗਜ਼ੈਗਟਿਵ ਆਰਡਰਾਂ ਅਤੇ ਬਿਆਨਾਂ ਨੇ ਅਮਰੀਕਾ ਅਤੇ ਦੁਨੀਆਂ ਦੇ ਨਕਸ਼ ਬਦਲਣੇ ਸ਼ੁਰੂ ਕਰ ਦਿੱਤੇ ਹਨ। ਦੁਨੀਆਂ ਦੀ ਦੂਜੀ ਜੰਗ ਤੋਂ ਬਾਅਦ, ਠੰਢੀ ਜੰਗ ਦੇ ਸਮੇਂ ਦੌਰਾਨ, ਨਵੀਂ ਦਿਸ਼ਾ ਵਿਚ ਨਵਾਂ ਵਿਸ਼ਵ ਆਰਡਰ ਵਿਕਸਤ ਹੋਇਆ ਸੀ, ਜਿਸ ਵਿਚ ਉਦਾਰ ਲੋਕਤੰਤਰ, ਮਨੁੱਖੀ ਆਜ਼ਾਦੀ, ਰੂਲ ਆਧਾਰਤ ਵਿਸ਼ਵ ਵਪਾਰ ਆਦਿ ਭਾਰੂ ਹੋ ਗਏ ਸਨ। ਆਰਥਿਕ ਸੁਰੱਖਿਆਵਾਦ ਦੀ ਥਾਂ ਕੌਮਾਂਤਰੀਵਾਦ ਦੇ ਭਾਸ਼ਣ ਦਿਤੇ ਜਾ ਰਹੇ ਸਨ। ਇੱਧਰ-ਉਧਰ ਮਜ਼ਦੂਰਾਂ, ਪੂੰਜੀ ਅਤੇ ਇਮੀਗਰੇਸ਼ਨ ਨੂੰ ਪ੍ਰਵਾਨ ਕੀਤਾ ਜਾ ਰਿਹਾ ਸੀ। ਬਸਤੀਵਾਦ ਦੇ ਖਾਤਮੇ ਤੋਂ ਬਾਅਦ ਨਵ-ਬਸਤੀਵਾਦ ਅਧੀਨ ਆਰਥਿਕ ਲੁੱਟ ਦੇ ਸਾਧਨ ਬਦਲ ਗਏ ਸਨ। ਹੁਣ ਟਰੰਪ ਇਸ ਆਰਡਰ ਨੂੰ ਬਦਲਦੇ ਪ੍ਰਤੀਤ ਹੋ ਰਹੇ ਹਨ। ਉਹ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾਉਣ, ਗਰੀਨਲੈਂਡ 'ਤੇ ਕਬਜ਼ਾ ਕਰਨ ਦੀ ਗੱਲ ਆਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਨਾਮਾ ਨਹਿਰ ਉਨ੍ਹਾਂ ਦੇ ਅਧੀਨ ਹੋਣੀ ਚਾਹੀਦੀ ਹੈ ਅਤੇ ਗਫ ਆਫ ਮੈਕਸੀਕੋ ਦਾ ਨਾਮ ਗਫ ਆਫ ਅਮਰੀਕਾ ਹੋਣਾ ਚਾਹੀਦਾ ਹੈ, ਆਦਿ। ਇਹ ਨਵੀਂ ਕਿਸਮ ਦਾ ਬਸਤੀਵਾਦ ਹੈ ਜਾਂ ਅਮਰੀਕਾ ਪੁਰਾਣੇ ਬਸਤੀਵਾਦ ਵੱਲ ਮੁੜ ਰਿਹਾ ਹੈ, ਇਸ ਦਾ ਫੈਸਲਾ ਰਾਜਨੀਤਕ ਵਿਦਵਾਨ ਕਰਨਗੇ। ਦੂਜੀ ਜੰਗ ਤੋਂ ਬਾਅਦ ਅਮਰੀਕਾ ਗੱਠਜੋੜਾਂ ਵੱਲ ਮੁੜਿਆ ਸੀ, ਪਰ ਹੁਣ ਟਰੰਪ ਨੂੰ ਗੱਠਜੋੜਾਂ ਦੀ ਪਰਵਾਹ ਨਹੀਂ, ਕੌਮਾਂਤਰੀ ਸੰਸਥਾਵਾਂ ਦੀ ਪ੍ਰਵਾਹ ਨਹੀਂ ਅਤੇ ਨਾ ਹੀ ਆਰਥਿਕ, ਵਪਾਰਕ ਅਤੇ ਮਿਲਟਰੀ ਸਮਝੌਤਿਆਂ ਦੀ ਪ੍ਰਵਾਹ ਹੈ। ਵਿਸ਼ਵ ਵਪਾਰ ਸੰਸਥਾ ਅਤੇ ਵਿਸ਼ਵ ਸਿਹਤ ਸੰਸਥਾ ਸਮੇਤ ਕਈ ਦਰਜਨ ਕੌਮਾਂਤਰੀ ਸੰਸਥਾਵਾਂ ਦੀ ਗ੍ਰਾਂਟ ਫਿਲਹਾਲ ਉਹ ਬੰਦ ਕਰ ਚੁੱਕਿਆ ਹੈ। ਹੁਣ ਉਸ ਨੂੰ ਨਾਟੋ, ਜਿਸ ਨੂੰ ਕਿਸੇ ਸਮੇਂ ਅਮਰੀਕਾ ਨੇ ਹੀ ਸੋਵੀਅਤ ਯੂਨੀਅਨ ਦੇ ਖਤਰੇ ਨੂੰ ਜਨਮ ਦੇ ਕੇ ਪੈਦਾ ਕੀਤਾ ਸੀ, ਦੀ ਵੀ ਪ੍ਰਵਾਹ ਨਹੀਂ। ਕਮਿਊਨਿਜ਼ਮ ਦਾ ਖਤਰਾ ਪੈਦਾ ਕਰ ਕੇ ਅਮਰੀਕਾ ਨੇ ਯੂਰਪੀਨ ਦੇਸ਼ਾਂ ਦੇ ਗੱਠਜੋੜ ਨੂੰ ਖੂਬ ਮਿਲਟਰੀ ਸਮਾਨ ਵੇਚਿਆ ਸੀ। 1990-91 ਵਿਚ ਕਮਿਊਨਿਸਟ ਸੋਵੀਅਤ ਯੂਨੀਅਨ ਦੇ ਟੁੱਟਣ ਬਾਅਦ, ਪੂੰਜੀਵਾਦੀ ਰੂਸ ਨੂੰ ਦੁਸ਼ਮਣ ਬਣਾ ਕੇ ਫਿਰ ਉਹੀ ਹਊਆ ਪੈਦਾ ਕਰ ਦਿੱਤਾ ਅਤੇ ਮਿਲਟਰੀ ਸਮਾਨ ਦੀ ਵਿਕਰੀ ਜਾਰੀ ਰਹੀ। ਦੂਜੀ ਜੰਗ ਸਮੇਂ ਅਤੇ ਇਸ ਤੋਂ ਬਾਅਦ ਅਮਰੀਕਾ ਆਪਣਾ ਸਰਪਲੱਸ ਮਾਲ ਦੁਨੀਆਂ ਨੂੰ ਵੇਚ ਕੇ ਵੱਡੀ ਸ਼ਕਤੀ ਬਣ ਗਿਆ ਸੀ। ਇਸ ਨੇ ਖੁੱਲ੍ਹੇ ਵਪਾਰ ਦਾ ਹੋਕਾ ਦੇ ਕੇ ਗੈਟ ਅਤੇ ਵਿਸ਼ਵ ਵਪਾਰ



ਸੰਸਥਾ ਬਣਾ ਕੇ ਆਪਣੀ ਸਰਦਾਰੀ ਕਾਇਮ ਕੀਤੀ ਸੀ। ਪਰ ਇਸ ਵਿਸ਼ਵ ਆਰਡਰ ਦਾ ਬਹੁਤਾ ਲਾਭ ਤਾਂ ਚੀਨ ਲੈ ਗਿਆ। ਸਾਰੀ ਦੁਨੀਆਂ ਵਿਚ ਉਸ ਨੇ ਆਪਣੇ ਮਾਲ ਦੀ ਸਰਦਾਰੀ ਕਾਇਮ ਕਰ ਲਈ। ਅਮਰੀਕਾ ਆਪਣੀ ਭਲਾਈ ਯੁੱਧਾਂ ਵਿਚ ਲਭਦਾ ਰਿਹਾ। ਆਪਣੀ ਸਰਦਾਰੀ ਕਾਇਮ ਰੱਖਣ ਲਈ ਅਮਰੀਕਾ ਕਰਜ਼ਈ ਵੀ ਹੁੰਦਾ ਗਿਆ। ਅੱਜ ਅਮਰੀਕਾ ਸਿਰ ਕੁੱਲ 36 ਟ੍ਰਿਲੀਅਨ ਡਾਲਰਾਂ ਦਾ ਕਰਜ਼ਾ ਹੈ ਜਿਸ ਵਿਚੋਂ 8.5 ਟ੍ਰਿਲੀਅਨ ਵਿਦੇਸ਼ੀ ਕਰਜ਼ਾ ਹੈ। ਆਰਥਿਕ ਤੌਰ 'ਤੇ ਡੁੱਬ ਰਹੇ ਅਮਰੀਕਾ ਨੂੰ ਬਚਾਉਣ ਲਈ ਹੁਣ ਟਰੰਪ ਦੁਨੀਆਂ ਭਰ ਦੇ ਦੇਸ਼ਾਂ ਤੋਂ ਆ ਰਹੇ ਮਾਲ 'ਤੇ ਟੈਰਿਫ ਲਾਉਣ ਦਾ ਰਾਹ ਅਪਣਾ ਰਿਹਾ ਹੈ, ਉਹ ਇਸ ਰਾਹ ਜਾ ਕੇ ਆਪਣਾ ਉਦਯੋਗਿਕ ਅਧਾਰ ਮਜ਼ਬੂਤ ਕਰਨਾ ਚਾਹੁੰਦੈ, ਦੂਜੇ ਉਹ ਆਪਣੇ ਦੇਸ਼ ਵਿਚ ਲੱਖਾਂ ਫੈਡਰਲ ਮੁਲਾਜ਼ਮਾਂ ਦੀ ਛਾਂਟੀ ਕਰ ਰਿਹੈ। ਉਸ ਨੂੰ ਹੁਣ ਵਿਸ਼ਵ ਦੀ ਸਰਦਾਰੀ ਨਾਲੋਂ ਆਪਣੀ ਆਰਥਿਕਤਾ ਦੀ ਬਹੁਤੀ ਫਿਕਰ ਹੈ। ਹੁਣ ਉਹ ਪੁਰਾਣੀ ਅਮਰੀਕਨ ਨੀਤੀ 'ਤੇ ਆ ਗਿਆ ਹੈ ਕਿ ਉਸ ਦਾ ਕੋਈ ਦੋਸਤ ਨਹੀਂ, ਉਸ ਨੂੰ ਆਪਣਾ ਹਿੱਤ ਪਹਿਲਾਂ ਹੈ।

ਹੁਣ ਟਰੰਪ ਨੇ ਦੋ ਮਹੀਨੇ ਵਿਚ ਬਹੁਤ ਕੁੱਝ ਬਦਲ ਦਿੱਤਾ ਹੈ। ਕੌਮਾਂਤਰੀ ਯੁੱਧ ਅਤੇ ਆਰਥਿਕ ਨੀਤੀ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਟਰੰਪ ਨੇ ਯੂਕਰੇਨ ਨੂੰ ਧਮਕਾਇਆ ਕਿ ਰੂਸ ਨਾਲ ਲੜਾਈ ਬੰਦ ਕਰਦੇ ਨਹੀਂ ਤਾਂ...ਟਰੰਪ ਨੇ ਜ਼ੇਲੈਂਸਕੀ ਨੂੰ ਕਿਹਾ ਕਿ ਯੁੱਧ ਬੰਦ ਕਰ, ਹੁਣ ਕੁੱਝ ਇਲਾਕੇ ਵੀ ਰੂਸ ਨੂੰ ਦੇਣ ਲਈ ਕਹੇਗਾ, ਉਸ ਦੀ ਧਰਤੀ ਹੇਠ ਜੋ ਬਹੁ-ਕੀਮਤੀ ਘੱਟ ਉਪਲੱਬਧ ਬਹੁਤ ਉਪਯੋਗੀ ਧਾਤਾਂ (ਕਰਿਟੀਕਲ ਮਿਨਰਲਜ਼) ਪਈਆਂ ਹਨ, ਨੂੰ ਵੀ ਉਹ ਸਮਝੌਤਾ ਕਰ ਕੇ ਅਮਰੀਕਾ ਨੂੰ ਦੇ ਦੇਵੇ। ਸੰਭਾਵਨਾ ਹੈ ਉਸ ਨੂੰ ਨਾਟੋ ਦਾ ਮੈਂਬਰ ਵੀ ਨਾ ਬਣਨ ਦੇਵੇ। ਵਿਚਾਰਾ ਜ਼ੇਲੈਂਸਕੀ ਹੁਣ ਕੀ ਕਰ ਸਕਦੈ? ਟਰੰਪ ਇਹ ਧਮਕੀ ਦੇਣ ਦੀ ਸਥਿਤੀ ਵਿਚ ਹੈ ਕਿਉਂਕਿ ਯੂਕਰੇਨ ਅਮਰੀਕਾ ਦੇ ਹਥਿਆਰਾਂ ਅਤੇ ਪੈਸੇ ਨਾਲ ਹੀ ਰੂਸ ਖ਼ਿਲਾਫ ਯੁੱਧ ਲੜ ਰਿਹਾ ਹੈ। ਗਰੀਨਲੈਂਡ, ਜੋ ਨਾਟੋ ਮੈਂਬਰ ਵੀ ਹੈ, ਵੱਡੇ ਖੇਤਰ ਵਾਲਾ ਉੱਤਰੀ ਐਟਲਾਂਟਿਕ ਦਾ ਬਰਫ ਲੱਦਿਆ ਰਾਜ ਹੈ। ਉਸ ਦੀ ਅਬਾਦੀ ਕੁੱਲ 56 ਕੁ ਹਜ਼ਾਰ ਹੈ। ਪਰ ਉਸ ਦੇ ਧਰਾਤਲ ਵਿਚ ਬਹੁਤ ਕੀਮਤੀ ਧਾਤਾਂ ਦਾ ਖਜ਼ਾਨਾ ਹੈ ਜਿਨ੍ਹਾਂ ਨੂੰ ਅੱਜ ਨਵੀਂ ਤਕਨੀਕ ਵਾਲੇ ਯੰਤਰ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਟਰੰਪ ਦੀ ਅੱਖ ਉਸ ਨੂੰ ਆਪਣੇ ਕਬਜ਼ੇ ਹੇਠ ਕਰਨ ਦੀ ਹੈ। ਟਰੰਪ ਅਨੁਸਾਰ ਵਿਸ਼ਵ ਸ਼ਾਂਤੀ ਲਈ ਇਹ ਜ਼ਰੂਰੀ ਹੈ। ਹੁਣ ਉਸ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੇ ਟਰੰਪ ਤੋਂ ਬਚਣ ਲਈ ਸਾਂਝੀ ਸਰਕਾਰ ਵੀ ਬਣਾ ਲਈ ਹੈ, ਪਰ ਕੀ ਉਹ ਤਾਕਤਵਰ ਅਮਰੀਕਾ ਦਾ ਮੁਕਾਬਲਾ ਕਰ ਸਕਦਾ ਹੈ? ਨਾਟੋ ਚੁੱਪ ਹੈ। ਉਸ ਦਾ ਸਰਦਾਰ, ਇੱਕ ਛੋਟੇ ਜਿਹੇ ਮੈਂਬਰ 'ਤੇ ਕਬਜ਼ੇ ਦੀ ਗੱਲ ਕਰ ਰਿਹਾ ਹੈ, ਪਰ ਨਾਟੋ ਕੁਸਕ ਤੱਕ ਨਹੀਂ ਰਹੀ। ਅਸਲ ਵਿਚ ਨਾਟੋ ਅਮਰੀਕਾ ਤੋਂ ਬਿਨਾ ਹੈ ਵੀ ਕੀ? ਇਸ ਤੋਂ ਇਸ ਦੀ ਸ਼ਕਤੀ ਅਤੇ ਵਿਚਾਰਗੀ ਦਾ ਪਤਾ ਲਗਦਾ ਹੈ। ਗਰੀਨਲੈਂਡ ਵਿਚਾਰਾ ਨਾ ਚਾਹੁੰਦਾ ਹੋਇਆ ਵੀ ਅਮਰੀਕਾ ਦੀ ਝੋਲੀ ਪੈਣ ਲਈ ਮਜਬੂਰ ਹੋ ਸਕਦਾ ਹੈ। ਅਮਰੀਕਾ ਨੂੰ ਨਾਟੋ ਦੀ ਕੋਈ ਪਰਵਾਹ ਨਹੀਂ। ਉਸ ਨੂੰ ਗਰੀਨਲੈਂਡ ਦੇ ਕਰਿਟੀਕਲ ਮਿਨਰਲਜ਼ ਚਾਹੀਦੇ ਹਨ। ਉਸ ਨੇ ਇਸ ਖੇਤਰ ਵਿਚ ਚੀਨ ਦਾ ਮੁਕਾਬਲਾ ਕਰਨਾ ਹੈ। ਹੁਣ ਰੂਸ ਉਸ ਦਾ ਨੰਬਰ ਇੱਕ ਦੁਸ਼ਮਣ ਨਹੀਂ ਲਗਦਾ। ਰੂਸ ਅਮਰੀਕਾ ਦੇ ਨੇੜੇ ਜਾ ਰਿਹਾ ਹੈ। ਪਰ ਕੈਨੇਡਾ, ਮੈਕਸੀਕੋ, ਯੂਰਪੀਨ ਯੂਨੀਅਨ, ਜੋ ਅਮਰੀਕਾ ਦੇ ਪੱਕੇ ਦੋਸਤ ਸਨ, ਹੁਣ ਕੁੱਝ ਦੂਰ ਹੋ ਸਕਦੇ ਹਨ। ਟਰੰਪ ਕਹਿ ਰਿਹਾ ਹੈ ਕਿ ਅਮਰੀਕਾ ਦੇ ਦੋਸਤਾਂ ਨੇ, ਉਸ ਦੀ ਦੁਸ਼ਮਣਾਂ ਨਾਲੋਂ ਵੀ ਵੱਧ ਲੁੱਟ ਕੀਤੀ ਹੈ। ਅਸਲ ਵਿਚ ਟਰੰਪ ਜੋ ਦੋਸਤਾਂ ਨੂੰ ਕਈ ਰਿਆਇਤਾਂ ਦਿੰਦਾ ਰਿਹਾ ਹੁਣ ਉਹ ਰਿਆਇਤਾਂ ਵਾਪਸ ਲੈ ਰਿਹਾ ਹੈ, ਬਰਾਬਰ ਰੂਪ ਵਿਚ ਵਿਚਰਣ ਦੀ ਗੱਲ ਕਰ ਰਿਹਾ ਹੈ। ਪਰ ਦੋਸਤਾਂ ਨੂੰ ਹੁਣ ਇਹ ਸਭ ਚੰਗਾ ਨਹੀਂ ਲਗਦਾ। ਇਸ ਤਰ੍ਹਾਂ ਸਭ ਕੁੱਝ ਬਦਲ ਰਿਹਾ ਹੈ। ਨਵਾਂ ਵਰਲਡ ਆਰਡਰ, ਜਾਂ ਕਹਿ ਲਵੋ ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਵਾਲਾ ਆਰਡਰ ਮੁੜ ਆ ਰਿਹਾ ਹੈ। ਟਰੰਪ ਵਾਂਗ ਹੁਣ ਹਰ ਦੇਸ਼ ਨੂੰ ਆਪਣੇ ਦੇਸ਼ ਦਾ ਹਿੱਤ ਪਹਿਲਾਂ ਹੋਵੇਗਾ। ਪਾਵਰ ਪਾਲੀਟਿਕਸ ਦਾ ਜ਼ਮਾਨਾ, ਜਿਸ ਦੀ ਲਾਠੀ ਉਸ ਦੀ ਭੈਂਸ। ਟਰੰਪ ਆਪਣੀ ਸ਼ਕਤੀ ਨਾਲ, ਆਪਣੇ ਲਈ ਸਭ ਦੀ ਬਾਂਹ ਮਰੋੜਨ ਲਈ, ਧਮਕੀ ਵਾਲੀ ਡਿਪਲੋਮੇਸੀ 'ਤੇ ਚੱਲ ਰਿਹਾ ਹੈ। ਹਾਲੇ ਇਹ ਵੀ ਵੇਖਣਾ ਹੋਵੇਗਾ ਕਿ ਕੀ ਅਮਰੀਕਾ ਦੁਨੀਆਂ ਵਿਚ ਆਪਣੀ ਸਰਦਾਰੀ ਤੋਂ ਪਿੱਛੇ ਹਟ ਰਿਹਾ ਹੈ? ਕੀ ਉਹ ਸੱਚਮੁੱਚ ਹੀ ਦੁਨੀਆਂ ਵਿਚ ਜੰਗਾਂ ਦਾ ਖਾਤਮਾ ਚਾਹੁੰਦਾ ਹੈ। ਕੀ ਹੁਣ ਅਮਰੀਕਾ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾ ਦੇ ਨਾਮ ਹੇਠ ਦੁਨੀਆਂ ਵਿਚ ਵੱਖਵਾਦੀ ਜਾਂ ਅਜ਼ਾਦੀ ਦੀਆਂ ਲਹਿਰਾਂ ਨੂੰ ਸਮਰਥਨ ਦਿੰਦਾ ਰਹੇਗਾ? ਕੀ ਨਵੀਂ ਸ਼ਰਨਾਰਥੀ ਜਾਂ ਇਮੀਗਰੇਸ਼ਨ ਨੀਤੀ ਅਧੀਨ ਦੁਨੀਆਂ ਦੇ ਬਾਗੀਆਂ ਨੂੰ ਸ਼ਰਨ ਦਿੰਦਾ ਰਹੇਗਾ?

ਹੁਣ ਕੈਨੇਡਾ, ਮੈਕਸੀਕੋ, ਯੂਰਪੀਨ ਯੂਨੀਅਨ ਵਾਲੇ ਵੀ ਅਮਰੀਕਨ ਸਰਦਾਰੀ ਦੀ ਝੇਪ ਤੋਂ ਬਿਨਾਂ ਰਹਿਣ ਦੀ ਆਦਤ ਪਾਉਣ ਲਈ ਮਜਬੂਰ ਹੋ ਰਹੇ ਲਗਦੇ ਹਨ। ਕੀ ਉਹ ਵੀ ਵਿਕਸਤ ਹੋ ਰਹੇ ਨਵੇਂ ਆਰਡਰ ਨੂੰ ਜਲਦ ਅਪਨਾਉਣਗੇ? ਕੀ ਹੁਣ ਉਹ ਵੀ ਸੋਚਣਗੇ ਕਿ ਅਮਰੀਕਾ ਦੇ ਪਿਛਲੱਗ ਬਣ ਕੇ ਦੁਨੀਆਂ ਭਰ ਵਿਚ ਕਿੰਨੀਆਂ ਹੀ ਜੰਗਾਂ ਵਿਚ ਅਮਰੀਕਾ ਦਾ ਸਾਥ ਕਿਉਂ ਦਿੱਤਾ ਤੇ ਅੱਗੇ ਤੋਂ ਕਿਉਂ ਦਿੱਤਾ ਜਾਵੇ? ਕੀ ਹੁਣ ਉਹ ਚੀਨ ਵੱਲ ਕਦਮ ਵਧਾਉਣਗੇ? ਜਾਂ ਇੱਕ ਵੱਖਰਾ ਗੱਠਜੋੜ ਕਾਇਮ ਕਰ ਕੇ, ਸੁਤੰਤਰ ਤੇ ਨਿਰਪੱਖ ਨੀਤੀ 'ਤੇ ਅਮਲ ਕਰਨਗੇ? ਨਵੇਂ ਬਦਲ ਰਹੇ ਸਮੀਕਰਨਾਂ ਵਿਚ ਕੀ ਭਾਰਤ ਅਤੇ ਚੀਨ ਇੱਕ ਦੂਜੇ ਦੇ ਨਜ਼ਦੀਕ ਚਲੇ ਜਾਣਗੇ? ਕੀ ਅਮਰੀਕਾ ਭਾਰਤ ਨੂੰ ਚੀਨ ਵਿਰੁੱਧ ਵਰਤਣ ਲਈ ਹੁਣ ਰਿਆਇਤਾਂ ਨਹੀਂ ਦੇਵੇਗਾ? ਕੀ ਚੀਨ, ਪਾਕਿਸਤਾਨ ਨੂੰ ਵੀ ਆਪਣੇ ਨਾਲ ਭਾਰਤ ਦੇ ਨਜ਼ਦੀਕ ਲੈ ਆਵੇਗਾ? ਜੇ ਰਾਸ਼ਟਰਪਤੀ ਟਰੰਪ ਆਪਣੀ ਨਵੀਂ ਸੋਚ 'ਤੇ ਕਾਇਮ ਰਹਿੰਦੇ ਹਨ, ਅਮਰੀਕਨ ਲੌਬੀਜ਼ ਉਸ ਨੂੰ ਠੱਲ੍ਹਣ ਵਿਚ ਕਾਮਯਾਬ ਨਹੀਂ ਹੁੰਦੀਆਂ ਤਾਂ ਬਹੁਤ ਕੁੱਝ ਹੋਰ ਬਦਲਣ ਦੀ ਆਸ ਹੈ। ਹਾਲੇ ਨਵੇਂ ਵਿਸ਼ਵ ਆਰਡਰ ਦੀ ਸ਼ੇਪ ਤੈਅ ਹੋਣੀ ਹੈ। ਰਾਸ਼ਟਰਪਤੀ ਟਰੰਪ ਦੀ ਅਮਰੀਕਾ ਨੂੰ ਗਰੇਟ ਬਣਾਉਣ ਦੀ ਆਪਣੀ ਸੋਚ ਹੈ, ਇਸ ਦੇ ਨਤੀਜੇ ਕੀ ਨਿਕਲਦੇ ਹਨ ਇਸ ਬਾਰੇ ਹਾਲੇ ਕੁੱਝ ਹੋਰ ਸਮੇਂ ਦੀ ਉਡੀਕ ਕਰਨੀ ਪਏਗੀ। ਪਰ ਇਹ ਗੱਲ ਪੱਕੀ ਹੈ ਕਿ ਹੁਣ ਦੁਨੀਆਂ ਉਹ ਨਹੀਂ ਰਹੇਗੀ ਜੋ ਹੁਣ ਤੱਕ ਸੀ। ਇਕ ਪਾਸੇ ਟਰੰਪ ਦੀਆਂ ਨਵੀਆਂ ਨੀਤੀਆਂ ਅਤੇ ਦੂਜੇ ਪਾਸੇ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਦਾ ਵਧ ਰਿਹਾ ਪ੍ਰਭਾਵ ਅਤੇ ਹਊਆ, ਬਹੁਤ ਕੁੱਝ ਬਦਲ ਦੇਵੇਗਾ।

# ਕੰਮਕਾਜੀ ਔਰਤਾਂ ਲਈ ਦੋਹਰੀ ਜ਼ਿੰਮੇਵਾਰੀ ਦਾ ਸੰਘਰਸ਼


ਜੇ ਗੱਲ ਇਕ ਸਦੀ ਪਹਿਲਾਂ ਦੀ ਕਰੀਏ ਤਾਂ ਸਮਾਜ ਵਿਚ ਔਰਤਾਂ ਦੀ ਭੂਮਿਕਾ ਘਰ ਤੱਕ ਸੀਮਿਤ ਸੀ, ਪਰ ਹੁਣ 21ਵੀਂ ਸਦੀ ਵਿਚ ਔਰਤਾਂ ਨੇ ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰਾਂ ਵਿਚ ਪ੍ਰਵੇਸ਼ ਕੀਤਾ ਹੈ। ਅੱਜ ਵੀ ਰੂੜ੍ਹੀਵਾਦੀ ਸੋਚ ਵਾਲੇ ਸਮਾਜ ਵਿਚ, ਕੰਮਕਾਜੀ ਔਰਤਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚ ਕੰਮ ਦੀ ਥਾਂ 'ਤੇ ਭੇਦਭਾਵ, ਘਰੇਲੂ ਜ਼ਿੰਮੇਵਾਰੀਆਂ ਦਾ ਬੋਝ, ਅਤੇ ਸਮਾਜਿਕ ਦਬਾਅ ਸ਼ਾਮਲ ਹਨ।

ਇਤਿਹਾਸਕ ਤੌਰ 'ਤੇ, ਪੰਜਾਬ ਵਿਚ ਔਰਤਾਂ ਨੇ ਖੇਤੀਬਾੜੀ ਅਤੇ ਹੱਥ-ਕਾਰੀਗਰੀ ਵਰਗੇ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਪਰ ਉਨ੍ਹਾਂ ਦੇ ਇਸ ਕੰਮ ਨੂੰ ਅਕਸਰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਰਿਹਾ ਹੈ। ਪਰ ਹੁਣ ਸਿੱਖਿਆ ਦੇ ਪ੍ਰਸਾਰ ਨਾਲ, ਔਰਤਾਂ ਨੇ ਸਰਕਾਰੀ ਅਤੇ ਪ੍ਰਾਈਵੇਟ ਸੈਕਟਰਾਂ ਵਿਚ ਨੌਕਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਹਾਲਾਂਕਿ, ਇਹ ਸਫ਼ਰ ਅਸਾਨ ਨਹੀਂ ਰਿਹਾ। ਅੱਜ ਵੀ, ਪੰਜਾਬ ਵਿਚ ਕੰਮਕਾਜੀ ਔਰਤਾਂ ਦੀ ਗਿਣਤੀ ਰਾਸ਼ਟਰੀ ਔਸਤ ਤੋਂ ਘੱਟ ਹੈ। ਪੀਰੀਅਡਿਕ ਲੇਬਰ ਫੋਰਸ ਸਰਵੇ ਅਧਿਐਨ (PLFS) ਅਨੁਸਾਰ, ਪੰਜਾਬ ਵਿਚ ਸਿਰਫ਼ 20% ਔਰਤਾਂ ਹੀ ਸੰਗਠਿਤ ਕਰਮਚਾਰੀ ਵਰਗ ਵਿਚ ਸ਼ਾਮਲ ਹਨ, ਜਦੋਂ ਕਿ ਰਾਸ਼ਟਰੀ ਔਸਤ 25% ਹੈ।

ਕੰਮ ਦੀ ਥਾਂ 'ਤੇ ਔਰਤਾਂ ਨੂੰ ਲਿੰਗ ਭੇਦਭਾਵ, ਤਨਖ਼ਾਹ ਵਿਚ ਅਸਮਾਨਤਾ, ਅਤੇ ਛੇੜਛਾੜ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੀਆਂ ਔਰਤਾਂ ਨੂੰ ਪ੍ਰਮੋਸ਼ਨ ਜਾਂ ਲੀਡਰਸ਼ਿਪ ਰੋਲਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ 'ਘਰ ਸੰਭਾਲਣ ਵਾਲੀਆਂ' ਸਮਝ ਲਿਆ ਜਾਂਦਾ ਹੈ। ਕਈ ਵਾਰ ਔਰਤਾਂ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਨੌਕਰੀ ਛੱਡਣ ਲਈ ਦਬਾਅ ਪਾਇਆ ਜਾਂਦਾ ਹੈ, ਖਾਸ ਕਰਕੇ ਵਿਆਹ ਜਾਂ ਬੱਚੇ ਹੋਣ ਤੋਂ ਬਾਅਦ। ਇੱਕ ਉਦਾਹਰਣ ਦੇ ਤੌਰ 'ਤੇ ਪ੍ਰੀਤੀ (ਕਾਲਪਨਿਕ ਨਾਮ), ਜੋ ਇੱਕ ਆਈ.ਟੀ. ਕੰਪਨੀ ਵਿਚ ਕੰਮ ਕਰਦੀ ਸੀ, ਪਰ ਗਰਭਵਤੀ ਹੋਣ ਤੋਂ ਬਾਅਦ ਉਸਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ, ਕਿਉਂਕਿ ਮੈਨੇਜਮੈਂਟ ਨੇ ਮੰਨਿਆ ਕਿ ਉਹ 'ਕੰਮ ਵੱਲ ਪੂਰਾ ਧਿਆਨ ਨਹੀਂ ਦੇ ਸਕੇਗੀ'।

ਘਰੇਲੂ ਜ਼ਿੰਮੇਵਾਰੀਆਂ ਕੰਮਕਾਜੀ ਔਰਤਾਂ ਲਈ ਵੱਡੀ ਚੁਣੌਤੀ ਹਨ। ਸਮਾਜ ਵਿਚ, ਔਰਤਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਘਰ ਦਾ ਸਾਰਾ ਕੰਮ, ਬੱਚਿਆਂ ਦੀ ਦੇਖਭਾਲ, ਅਤੇ ਪਰਿਵਾਰ ਦੀ ਸੇਵਾ ਕਰਨ, ਭਾਵੇਂ ਉਹ ਨੌਕਰੀ ਕਰਦੀਆਂ ਹੋਣ ਜਾਂ ਨਾ। ਬਹੁਤੀਆਂ ਔਰਤਾਂ 'ਦੋਹਰੀ ਜ਼ਿੰਮੇਵਾਰੀ' ਨਿਭਾਉਂਦੀਆਂ ਹਨ – ਦਿਨ ਵਿਚ 8-10 ਘੰਟੇ ਦਫ਼ਤਰ ਵਿਚ ਕੰਮ ਕਰਨ ਤੋਂ ਬਾਅਦ, ਘਰ ਪਰਤ ਕੇ ਉਨ੍ਹਾਂ ਨੂੰ ਰਸੋਈ, ਸਫ਼ਾਈ, ਅਤੇ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਵੀ ਸੰਭਾਲਣੀ ਪੈਂਦੀ ਹੈ। ਇਸ ਦਾ ਨਤੀਜਾ ਅਕਸਰ ਤਣਾਅ, ਥਕਾਵਟ, ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਬੱਚਿਆਂ ਦੀ ਸਿੱਖਿਆ ਅਤੇ ਪਰਿਵਾਰਕ ਮਾਮਲੇ ਵੀ ਔਰਤਾਂ ਲਈ ਵੱਡੀ ਚਿੰਤਾ ਦਾ ਵਿਸ਼ਾ



ਹਨ। ਕੰਮਕਾਜੀ ਮਾਵਾਂ ਨੂੰ ਅਕਸਰ ਬੱਚਿਆਂ ਦੀ ਪੜ੍ਹਾਈ ਅਤੇ ਘਰੇਲੂ ਕੰਮ ਵਿਚਕਾਰ ਸੰਤੁਲਨ ਬਣਾਉਣ ਵਿਚ ਦਿੱਕਤ ਆਉਂਦੀ ਹੈ। ਜੇਕਰ ਬੱਚੇ ਦੀ ਪੜ੍ਹਾਈ ਵਿਚ ਕੋਈ ਕਮੀ ਰਹਿ ਜਾਵੇ, ਤਾਂ ਸਮਾਜ ਇਸ ਦਾ ਦੋਸ਼ ਵੀ ਮਾਂ 'ਤੇ ਹੀ ਮੜ੍ਹ ਦਿੰਦਾ ਹੈ। ਇਸ ਤੋਂ ਇਲਾਵਾ, ਪਰਿਵਾਰਕ ਝਗੜੇ ਜਾਂ ਬਜ਼ੁਰਗਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਜ਼ਿਆਦਾਤਰ ਔਰਤਾਂ 'ਤੇ ਹੀ ਆ ਜਾਂਦੀ ਹੈ।

ਕੰਮਕਾਜੀ ਔਰਤਾਂ ਨੂੰ ਸਮਾਜਿਕ ਦਬਾਅ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਰੂੜ੍ਹੀਵਾਦੀ ਸਮਾਜ ਵਿਚ, ਕੰਮ ਕਰਨ ਵਾਲੀਆਂ ਔਰਤਾਂ ਨੂੰ ਕਈ ਵਾਰ 'ਬਦਚਲਨ' ਜਾਂ 'ਪਰਿਵਾਰ ਨੂੰ ਨਜ਼ਰ-ਅੰਦਾਜ਼ ਕਰਨ ਵਾਲੀਆਂ' ਕਹਿ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਜੇਕਰ ਕੋਈ ਔਰਤ ਦੇਰ ਰਾਤ ਤੱਕ ਘਰ ਪਹੁੰਚਦੀ ਹੈ, ਤਾਂ ਉਸਦੀ ਨੈਤਿਕਤਾ 'ਤੇ ਸਵਾਲ ਉਠਾਏ ਜਾਂਦੇ ਹਨ, ਜਦੋਂ ਕਿ ਪੁਰਸ਼ਾਂ ਲਈ ਇਹ ਸਵੀਕਾਰ ਕਰ ਲਿਆ ਜਾਂਦਾ ਹੈ।

ਇਨ੍ਹਾਂ ਸਾਰੀਆਂ ਚੁਣੌਤੀਆਂ ਦੇ ਬਾਵਜੂਦ, ਕੰਮਕਾਜੀ ਔਰਤਾਂ ਹੌਂਸਲੇ ਅਤੇ ਲਗਨ ਨਾਲ ਆਪਣੇ ਨਿੱਜੀ ਅਤੇ ਪੇਸ਼ੇਵਰ ਜੀਵਨ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਬਹੁਤ ਸਾਰੀਆਂ ਔਰਤਾਂ ਟਾਈਮ ਮੈਨੇਜਮੈਂਟ, ਪਰਿਵਾਰ ਦੇ ਸਹਿਯੋਗ ਨਾਲ, ਅਤੇ ਤਕਨੀਕੀ ਸਹੂਲਤਾਂ ਦੀ ਵਰਤੋਂ ਕਰ ਕੇ ਇਸ ਦੋਹਰੇ ਬੋਝ ਨੂੰ ਹਲਕਾ ਕਰਦੀਆਂ ਹਨ। ਉਦਾਹਰਣ ਵਜੋਂ, ਰੀਮਾ (ਕਾਲਪਨਿਕ ਨਾਮ), ਜੋ ਇੱਕ ਸਕੂਲ ਅਧਿਆਪਕ ਹੈ, ਨੇ ਦੱਸਿਆ ਕਿ ਉਹ ਸਵੇਰੇ 4 ਵਜੇ ਉੱਠ ਕੇ ਘਰ ਦਾ ਕੰਮ ਨਿਪਟਾਉਂਦੀ ਹੈ, ਤਾਂ ਜੋ ਦਫ਼ਤਰ ਜਾਣ ਤੋਂ ਪਹਿਲਾਂ ਬੱਚਿਆਂ ਨੂੰ ਤਿਆਰ ਕਰ ਸਕੇ। ਉਸਦਾ ਪਤੀ ਉਸਦਾ ਸਾਥ ਦਿੰਦਾ ਹੈ, ਪਰੰਤੂ ਅਜੇ ਵੀ ਜ਼ਿਆਦਾਤਰ ਘਰੇਲੂ ਕੰਮ ਉਸੇ ਦੀ ਜ਼ਿੰਮੇਵਾਰੀ ਹੈ।

ਸਰਕਾਰਾਂ ਅਤੇ ਸਮਾਜ ਦੀ ਭੂਮਿਕਾ ਵੀ ਇਸ ਮੁੱਦੇ ਵਿਚ ਮਹੱਤਵਪੂਰਨ ਹੈ। ਕੁਝ ਥਾਵਾਂ 'ਤੇ ਕੰਮਕਾਜੀ ਔਰਤਾਂ ਲਈ ਕਰੈਚ ਸਹੂਲਤਾਂ ਅਤੇ ਲਚੀਲੇ ਕੰਮ ਦੇ ਸਮੇਂ ਜਿਹੇ ਕਦਮ ਚੁੱਕੇ ਗਏ ਹਨ, ਪਰੰਤੂ ਇਨ੍ਹਾਂ ਦੀ ਪਹੁੰਚ ਅਜੇ ਵੀ ਸੀਮਿਤ ਹੈ। ਸਮਾਜ ਨੂੰ ਵੀ ਔਰਤਾਂ ਦੇ ਕੰਮ ਨੂੰ ਸਨਮਾਨ ਦੇਣ ਅਤੇ ਪੁਰਸ਼ਾਂ ਨੂੰ ਘਰੇਲੂ ਜ਼ਿੰਮੇਵਾਰੀਆਂ ਵਿਚ ਬਰਾਬਰੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਦੀ ਲੋੜ ਹੈ।

ਅੰਤ ਵਿਚ, ਕੰਮਕਾਜੀ ਔਰਤਾਂ ਦੀ ਸਥਿਤੀ ਵਿਚ ਸੁਧਾਰ ਲਈ ਸਮਾਜਿਕ ਸੋਚ, ਨੀਤੀਗਤ ਬਦਲਾਅ, ਅਤੇ ਪਰਿਵਾਰਕ ਸਹਿਯੋਗ ਦੀ ਲੋੜ ਹੈ। ਔਰਤਾਂ ਨੇ ਸਾਬਤ ਕੀਤਾ ਹੈ ਕਿ ਉਹ ਹਰ ਖੇਤਰ ਵਿਚ ਪੁਰਸ਼ਾਂ ਦੇ ਬਰਾਬਰ ਕੰਮ ਕਰ ਸਕਦੀਆਂ ਹਨ, ਪਰ ਉਨ੍ਹਾਂ ਨੂੰ ਬਰਾਬਰ ਮੌਕੇ ਅਤੇ ਸਹਿਯੋਗ ਦੀ ਲੋੜ ਹੈ। ਜੇਕਰ ਇਨ੍ਹਾਂ ਚੁਣੌਤੀਆਂ ਨੂੰ ਦੂਰ ਕਰ ਦਿੱਤਾ ਜਾਵੇ, ਤਾਂ ਕੰਮਕਾਜੀ ਔਰਤਾਂ ਨਾ ਸਿਰਫ਼ ਆਪਣੇ, ਬਲਕਿ ਪੂਰੇ ਸਮਾਜ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ।

*– ਇੰਦਰਜੀਤ ਕੌਰ*

## 115ਵੇਂ ਜਨਮ ਦਿਨ 'ਤੇ

# ਵਡਉਮਰਾ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

1 ਅਪ੍ਰੈਲ 2025 ਬਾਬਾ ਫੌਜਾ ਸਿੰਘ ਦਾ 115ਵਾਂ ਜਨਮ ਦਿਨ ਹੈ/ਸੀ। ਇਹ ਅਪ੍ਰੈਲ ਫੂਲ ਵਾਲਾ ਮਖੌਲ ਨਹੀਂ। ਤੁਸੀਂ ਉਸ ਨੂੰ ਬਿਆਸ ਪਿੰਡ 'ਚ ਤੁਰਦਾ ਫਿਰਦਾ ਵੇਖ ਸਕਦੇ ਓ। ਉਹ ਬਜ਼ੁਰਗਾਂ ਦਾ ਰੋਲ ਮਾਡਲ ਹੈ ਜੋ 20ਵੀਂ ਸਦੀ ਦੇ ਆਰੰਭ 'ਚ ਜੰਮਿਆ ਸੀ। 20ਵੀਂ ਸਦੀ ਮੁੱਕਣ ਵੇਲੇ ਦੌੜਨ ਲੱਗਾ ਸੀ ਤੇ 21ਵੀਂ ਸਦੀ ਚੜ੍ਹਦਿਆਂ ਖ਼ਬਰਾਂ ਦਾ ਸ਼ਿੰਗਾਰ ਬਣਿਆ ਸੀ। ਮੈਰਾਥਨ ਦਾ ਮਹਾਂਰਥੀ, ਪਗੜੀਧਾਰੀ ਝੱਖੜ, ਬੁੱਢਿਆਂ ਦਾ ਰੋਲ ਮਾਡਲ, ਬੱਲੇ ਬਾਬਾ ਫੌਜਾ ਸਿੰਘ ਦੇ ਤੇ ਨਈਂ ਰੀਸਾਂ ਫੌਜਾ ਸਿੰਘ ਦੀਆਂ...!


ਉਹ ਰੌਣਕੀ ਬੰਦਾ ਹੈ। ਬੇਫਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਸ ਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਬੁੱਢੇਵਾਰੇ ਦੌੜਾਂ ਲਾ ਕੇ ਉਹਨੇ ਜੱਗ ਜਹਾਨ 'ਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਵਿਚ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਉਸ ਨੂੰ ਸੌ ਸਾਲ ਦਾ ਸਿਟੀਜ਼ਨ ਹੋਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ 'ਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ।

ਸੌ ਸਾਲ ਤੋਂ ਵਡੇਰੀ ਉਮਰ ਦਾ ਉਹ ਪਹਿਲਾ ਮਨੁੱਖ ਹੈ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ ਵਾਟਰ ਫਰੰਟ ਮੈਰਾਥਨ ਪੂਰੀ ਦੌੜੀ। ਉਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਮੁਕਾਇਆ। ਉਹਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਹੋ ਜਾਣਾ ਸੀ ਜੇ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਮਿਲ ਜਾਂਦਾ।

ਫੌਜਾ ਸਿੰਘ ਦੀ ਵਡਿਆਈ ਇਸ ਗੱਲ 'ਚ ਨਹੀਂ ਕਿ ਉਹ ਲੰਮੀਆਂ ਦੌੜਾਂ ਦੌੜਦਾ ਰਿਹਾ ਸਗੋਂ ਇਸ ਵਿਚ ਹੈ ਕਿ ਸੌ ਸਾਲਾਂ ਦਾ ਹੋ ਕੇ ਵੀ ਦੌੜੀ ਗਿਆ! 2000 ਵਿਚ ਲੰਡਨ ਦੀ ਫਲੋਰਾ ਮੈਰਾਥਨ ਲਾਉਂਦਿਆਂ ਉਹ 80 ਸਾਲ ਤੋਂ ਵਡੇਰੀ ਉਮਰ ਵਾਲਿਆਂ ਲਈ 6 ਘੰਟੇ 54 ਮਿੰਟ ਦਾ ਨਵਾਂ ਰਿਕਾਰਡ ਰੱਖ ਕੇ ਖ਼ਬਰਾਂ ਵਿਚ ਆਇਆ ਸੀ। ਉਦੋਂ ਪੱਗ 'ਤੇ ਖੰਡਾ ਲਾ ਕੇ ਝੂਲਦੀ ਦਾੜ੍ਹੀ ਨਾਲ ਦੌੜਦੇ ਦੀਆਂ ਤਸਵੀਰਾਂ ਲੰਡਨ ਦੀਆਂ ਸੜਕਾਂ 'ਤੇ ਲੱਗ ਗਈਆਂ ਸਨ। ਨਾਲ ਲਿਖਿਆ ਗਿਆ ਸੀ: ਕੁਝ ਵੀ ਅਸੰਭਵ ਨਹੀਂ। 2003 ਵਿਚ ਟੋਰਾਂਟੋ 'ਚ ਉਸ ਨੇ 42.2 ਕਿਲੋਮੀਟਰ ਦੀ ਦੌੜ 5 ਘੰਟੇ 40 ਮਿੰਟ 04 ਸਕਿੰਟ ਵਿਚ ਪੂਰੀ ਕੀਤੀ। 2004 'ਚ ਟੋਰਾਂਟੋ ਦੀ ਹਾਫ਼ ਮੈਰਾਥਨ ਦੌੜਦਿਆਂ ਉਸ ਨੇ 2 ਘੰਟੇ 29.59 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ ਸੀ। 2012 ਵਿਚ ਉਹ ਆਖ਼ਰੀ ਮੈਰਾਥਨ ਦੌੜ ਹੌਂਗਕਾਂਗ 'ਚ ਦੌੜਿਆ ਤਾਂ ਚੈਰਿਟੀ ਲਈ 25800 ਡਾਲਰ 'ਕੱਠੇ ਹੋਏ ਜੋ ਉਸ ਨੇ ਉਥੇ ਹੀ ਦਾਨ ਕਰ ਦਿੱਤੇ।

ਜੁਲਾਈ 1999 'ਚ ਮੈਂ ਉਸ ਨੂੰ ਪਹਿਲੀ ਵਾਰ ਈਰਥ-ਵੂਲਿਚ ਦੇ ਕਬੱਡੀ ਟੂਰਨਾਮੈਂਟ ਵਿਚ ਵੇਖਿਆ ਸੀ। ਉਹ ਕਬੱਡੀ ਦੇ ਦਾਇਰੇ ਦੁਆਲੇ ਦੌੜ ਰਿਹਾ ਸੀ। ਉਹਦੇ ਸਿਰ 'ਤੇ ਪੱਗ ਸੀ ਤੇ ਪੱਗ ਉਤੇ ਖੰਡਾ। ਤੇੜ ਟਰੈਕ ਸੂਟ ਤੇ ਪੈਰੀਂ ਦੌੜਨ ਵਾਲੇ ਬੂਟ। 2000 ਵਿਚ ਮੈਂ ਉਹਦੀਆਂ ਅੰਗਰੇਜ਼ੀ ਦੇ ਵੱਡੇ ਅਖ਼ਬਾਰਾਂ 'ਚ ਤਸਵੀਰਾਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਵਿਚ 80 ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ!

28 ਸਤੰਬਰ 2003 ਨੂੰ 'ਸਕੋਸ਼ੀਆ ਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ' ਲੱਗੀ। ਮੈਂ ਉਦੋਂ ਟੋਰਾਂਟੋ ਹੀ ਸਾਂ। ਫੌਜਾ ਸਿੰਘ ਇੰਗਲੈਂਡ ਤੋਂ ਪੁੱਜਾ ਸੀ। ਉਦੋਂ ਉਹਦਾ ਪੱਕਾ ਟਿਕਾਣਾ ਇਲਫੋਰਡ ਵਿਚ ਸੀ। ਟੋਰਾਂਟੋ ਦੇ ਬਿਆਸਪਿੰਡੀਆਂ ਨੇ ਆਪਣੇ ਪੇਂਡੂ ਦੌੜਾਕ ਨੂੰ ਪੂਰੀ ਹੱਲਾਸ਼ੇਰੀ ਦਿੱਤੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਬਿਆਸਪਿੰਡੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਉਹਦੀ ਵਿਲੱਖਣਤਾ ਇਹ ਸੀ ਕਿ ਉਹ ਝੂਲਦੀ ਦਾੜ੍ਹੀ ਨਾਲ ਕੇਸਰੀ ਦਸਤਾਰ ਬੰਨ੍ਹ



ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ।

ਫਿਰ ਟੋਰਾਂਟੋ ਦੇ ਇਕ ਬੈਂਕੁਅਟ ਹਾਲ ਵਿਚ ਪਾਰਟੀ ਹੋਈ ਜਿਥੇ ਉਹਦਾ ਮਿਸਾਲੀ ਮਾਣ ਸਨਮਾਨ ਹੋਇਆ। ਇਕ ਕਵੀ ਨੇ ਕਵਿਤਾ ਪੜ੍ਹੀ- ਅਧਰਕ ਦੀ ਤਰੀ ਦਾ ਕਮਾਲ! ਸਟੇਜ ਦੀ ਕਾਰਵਾਈ ਪਿੱਛੋਂ ਕੁਝ ਸੱਜਣ ਦਾਰੂ ਪੀਣ ਲੱਗੇ ਤਾਂ ਬਾਬੇ ਨੂੰ ਪੁੱਛਿਆ ਗਿਆ, "ਬਾਬਾ ਜੀ, ਦੁੱਧ ਪੀਓਗੇ ਜਾਂ ਚਾਹ?"

ਬਾਬੇ ਦਾ ਜੁਆਬ ਸੀ, "ਕਿਉਂ ਮੈਂ ਰੰਡੀ ਦਾ ਜੁਆਈ ਆਂ?" ਖੁਸ਼ੀ 'ਚ ਬਾਬਾ ਵੀ ਸਰਸ਼ਾਰ ਸੀ!

ਫਿਰ ਮੈਂ ਨਵੇਕਲੇ ਬਹਿ ਕੇ ਬਾਬੇ ਤੋਂ ਕੁਛ ਖ਼ਾਸ ਗੱਲਾਂ ਪੁੱਛੀਆਂ। ਉਸ ਨੇ ਆਪਣੀ ਜਨਮ ਤਾਰੀਖ਼ 1 ਅਪ੍ਰੈਲ 1911 ਲਿਖਾਈ ਜੋ ਉਸ ਦੇ ਪਾਸਪੋਰਟ ਉਤੇ ਦਰਜ ਸੀ। ਪਿਤਾ ਦਾ ਨਾਂ ਮਿਹਰ ਸਿੰਘ, ਮਾਤਾ ਦਾ ਭਾਗੋ ਤੇ ਪਤਨੀ ਦਾ ਗਿਆਨ ਕੌਰ ਲਿਖਾਇਆ। ਉਦੋਂ ਪਿੰਡ ਦੀ ਦਾਈ ਰਹਿਮੋ ਸੀ। ਪੰਜ ਸਾਲ ਉਹ ਰਿੜ੍ਹਨ ਤੇ ਖੜ੍ਹਨ ਜੋਗਾ ਨਾ ਹੋਇਆ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ। ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਉਹ ਨਾਲ ਜਾਣ ਦੀ ਜ਼ਿਦ ਕਰਦਾ ਪਰ ਉਹਤੋਂ ਤੁਰ ਨਾ ਹੁੰਦਾ। ਪੰਦਰਾਂ ਸਾਲ ਦੀ ਉਮਰ ਤਕ ਉਹ ਇਕ ਮੀਲ ਵੀ ਨਾ ਤੁਰ ਸਕਿਆ।

ਉਹਦਾ ਵਿਆਹ ਵੱਡੀ ਉਮਰ ਵਿਚ ਹੋਇਆ। ਬਰਾਤ ਗੱਡੇ ਉਤੇ ਪਿੰਡ ਕਾਲਘਟਾਂ ਗਈ। ਜਨੇਤ ਦੀ ਸੇਵਾ ਬੇਸਣੀ ਪਕੌੜਿਆਂ ਤੇ ਸ਼ੱਕਰ ਘਿਓ ਨਾਲ ਹੋਈ। ਲਾੜਾ ਹੋਣ ਕਰਕੇ ਉਹਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕਪੜੇ ਜੁੜੇ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਬਹੁਤਾ ਪੜ੍ਹਾ ਨਾ ਸਕਿਆ ਪਰ ਇਕ ਪੁੱਤਰ ਨੂੰ ਇੰਗਲੈਂਡ ਤੇ ਧੀ ਨੂੰ ਕੈਨੇਡਾ ਭੇਜਣ ਵਿਚ ਕਾਮਯਾਬ ਹੋ ਗਿਆ।

ਫੌਜਾ ਸਿੰਘ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੇ ਗਭਲੇ ਪੁੱਤਰ ਕੁਲਦੀਪ ਸਿੰਘ ਦੀ ਭਰ ਜੁਆਨੀ ਵਿਚ ਮੌਤ ਹੋ ਗਈ। ਪਤਨੀ 1992 ਵਿਚ ਪੂਰੀ ਹੋਈ ਤੇ ਪੁੱਤਰ 1994 ਵਿਚ। ਫਿਰ ਉਸ ਦਾ ਵੱਡਾ ਪੁੱਤਰ ਦਿਲ ਢਾਹੀ ਬੈਠੇ ਬਾਪ ਨੂੰ ਇੰਗਲੈਂਡ ਲੈ ਗਿਆ। ਇੰਗਲੈਂਡ ਵਿਚ ਉਸ ਨੂੰ ਹਰਮੰਦਰ ਸਿੰਘ ਮਿਲਿਆ ਜੋ 10000 ਮੀਟਰ ਦੌੜ ਦਾ ਦੌੜਾਕ ਸੀ। ਉਹ ਪਾਰਕ ਵਿਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਉਦਾਸ ਬੈਠਾ ਵੇਖਦਾ। ਇਕ ਦਿਨ ਉਸ ਨੇ ਉਦਾਸ ਬੈਠੇ ਫੌਜਾ ਸਿੰਘ ਨੂੰ ਕਿਹਾ, ਜੇ ਉਹ ਦੌੜਨ ਲੱਗ ਪਵੇ ਤਾਂ ਉਦਾਸੀ ਚੁੱਕੀ ਜਾਵੇਗੀ। ਉਹਦੀ ਪ੍ਰੇਰਨਾ ਨਾਲ ਉਹ ਦੌੜਨ ਲੱਗ ਪਿਆ। ਹਰਮੰਦਰ ਸਿੰਘ ਉਹਦਾ ਕੋਚ ਬਣ ਗਿਆ ਜਿਸ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਉਸ ਨੇ ਇਹ ਵੀ ਲਿਖਾਇਆ ਕਿ ਪਿੰਡ ਹਲ ਵਾਹੁੰਦਿਆਂ ਕੋਈ ਪਾਣੀ ਨੀ ਸੀ ਪੁੱਛਦਾ। ਹੁਣ ਮੇਮਾਂ ਕੋਕ ਚੁੱਕੀ ਪਿਛੇ-ਪਿਛੇ ਨੱਠੀਆਂ ਫਿਰਦੀਆਂ। ਪਿੰਡ ਵਾਲੇ ਫੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਹੁਣ ਬਾਬਾ ਫੌਜਾ ਸਿੰਘ ਲਿਖੀ ਜਾਂਦੇ ਆ। ਇਹ ਸਭ ਕੁਜਰਤ ਦੀ ਖੇਡ ਐ। ਕੁਦਰਤ ਨੂੰ ਉਹ ਕੁਜਰਤ ਕਹਿ ਰਿਹਾ ਸੀ!

6 ਮਾਰਚ 2025 ਨੂੰ ਅਸੀਂ ਬਿਆਸਪਿੰਡ ਪਹੁੰਚੇ ਤਾਂ ਉਹਦਾ ਮੰਜਾ ਬਾਹਰਲੇ ਬੂਹੇ ਕੋਲ ਡਾਹਿਆ ਹੋਇਆ ਸੀ। ਅਸੀਂ ਬਾਬੇ ਨੂੰ ਬੈਠੇ ਰਹਿਣ ਲਈ ਕਿਹਾ ਪਰ ਉਸ ਨੇ ਸਿਰ 'ਤੇ ਪੱਗ ਰੱਖੀ ਤੇ ਖੂੰਡੀ ਚੁੱਕ ਕੇ ਸਾਨੂੰ ਘਰ ਦੀ ਬੈਠਕ ਵੱਲ ਲੈ ਤੁਰਿਆ। ਮੈਨੂੰ ਲੱਗਾ ਜਿਵੇਂ ਉਸ ਨੂੰ ਕੁਝ ਉੱਚਾ ਸੁਣਦਾ ਹੋਵੇ। ਬੈਠਕ ਉਸ ਦੇ ਖੇਡ ਸਨਮਾਨਾਂ ਨਾਲ ਭਰੀ ਪਈ ਸੀ। ਇਕ ਅਲਮਾਰੀ 'ਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕ੍ਹਮ ਤੋਂ ਬਾਅਦ 2004 ਵਿਚ ਉਸ ਨੂੰ ਆਪਣਾ ਬਰਾਂਡ ਅੰਬੈਸਡਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇਕ ਬੂਟ ਉਤੇ 'ਫੌਜਾ' ਤੇ ਦੂਜੇ ਉਤੇ 'ਸਿੰਘ' ਦੇ ਸਟਿੱਕਰ ਲਾ ਦਿੱਤੇ ਸਨ।

ਚਾਹ ਪੀਂਦਿਆਂ ਪਤਾ ਲੱਗਾ ਕਿ ਉਹਦੀ ਮੁੱਖ ਖੁਰਾਕ ਦਾਲ ਫੁਲਕਾ ਹੈ। ਸਵੇਰੇ ਚਾਹ ਦੇ ਕੱਪ ਨਾਲ ਅਲਸੀ ਦੀ ਪਿੰਨੀ। ਦੁਪਹਿਰੇ ਦਾਲ/ਸਬਜ਼ੀ ਨਾਲ ਇਕੋ ਰੋਟੀ। ਰਾਤ ਦੀ ਰੋਟੀ ਪਿੱਛੋਂ ਦੁੱਧ ਦਾ ਗਲਾਸ। ਖ਼ਾਸ ਖੁਰਾਕ ਅਦਰਕ ਦੀ ਤਰੀ। ਦੂਜੀ ਖੁਰਾਕ ਹਾਸਾ ਮਜ਼ਾਕ ਜੀਹਦੇ 'ਚ ਉਹ ਆਪਣੇ ਆਪ ਨੂੰ ਵੀ ਨਹੀਂ ਬਖਸ਼ਦਾ। ਤੀਜੀ ਖੁਰਾਕ ਤੁਰਨਾ ਫਿਰਨਾ, ਪਰ੍ਹੇ 'ਚ ਜਾਣਾ ਤੇ ਪਿੰਡ ਤੋਂ ਦੀ ਗੇੜੀ ਦੇਣਾ। ਉਸ ਨੇ ਘਰਦਿਆਂ ਨੂੰ ਆਖ ਰੱਖਿਐ, "ਮੈਨੂੰ ਚੰਗੀ ਖ਼ਬਰ ਦੱਸਿਓ, ਮਾੜੀ ਨਾ ਦੱਸਿਓ। ਮੇਰੀ ਖ਼ੁਸ਼ੀ 'ਚ ਭੰਗਣਾ ਨਾ ਪਾਓ।"

ਫੌਜਾ ਸਿੰਘ ਨਾਲ ਮੇਰੀਆਂ ਪਹਿਲਾਂ ਵੀ ਮੁਲਾਕਾਤਾਂ ਹੋਈਆਂ ਸਨ ਤੇ ਇੰਟਰਵਿਊ ਛਪਦੇ ਰਹੇ ਸਨ। ਕਦੇ ਅਸੀਂ ਇੰਗਲੈਂਡ 'ਚ ਮਿਲਦੇ, ਕਦੇ ਕੈਨੇਡਾ ਵਿਚ ਟੋਰਾਂਟੋ ਤੇ ਵੈਨਕੂਵਰ, ਕਦੇ ਸਾਡੇ ਪਿੰਡ ਚਕਰ ਤੇ ਕਦੇ ਉਹਦੇ ਪਿੰਡ। ਅਸੀਂ ਉਸ ਨੂੰ ਚਕਰ ਦੀ ਮੌਰਗਨ ਝੀਲ 'ਚ ਕਿਸ਼ਤੀ 'ਤੇ ਝੂਟੇ ਦੁਆਏ ਸਨ ਤੇ ਪਿੰਡ ਦੀਆਂ ਮਾਡਰਨ ਸੱਥਾਂ ਵਿਖਾਈਆਂ ਸਨ। ਉਦੋਂ ਉਹ ਚਕਰ ਦੀ ਸਪੋਰਟਸ ਅਕੈਡਮੀ ਨੂੰ ਭਾਗ ਲਾਉਣ ਆਇਆ ਸੀ। ਮੈਂ ਪੁੱਛਿਆ ਸੀ, "ਇਸ ਉਮਰ 'ਚ ਕੀ ਚੰਗਾ ਲੱਗਦੈ?"

ਜਵਾਬ ਮਿਲਿਆ ਸੀ, "ਬੱਚੇ। ਬੱਚੇ ਰੱਬ ਦਾ ਰੂਪ ਹੁੰਦੇ ਨੇ। ਜਦੋਂ ਮੈਨੂੰ ਸਕੂਲਾਂ 'ਚ ਜਾਣ ਦਾ ਸੱਦਾ ਮਿਲਦੈ ਤਾਂ ਬੱਚਿਆਂ ਨੂੰ ਦੇਖ ਕੇ ਮੇਰੀ ਰੂਹ ਖਿੜ ਜਾਂਦੀ ਐ। ਉਨ੍ਹਾਂ ਦੀ ਸੰਗਤ ਮੈਨੂੰ ਖ਼ੁਸ਼ੀ ਬਖ਼ਸ਼ਦੀ ਐ। ਮੈਂ ਆਪ ਤਾਂ ਸਕੂਲੇ ਪੜ੍ਹਨੇ ਨੀ ਪਿਆ, ਪਰ ਕਿੰਨੇ ਚੰਗੇ ਭਾਗ ਆ ਮੇਰੇ ਕਿ ਹੁਣ ਮੈਨੂੰ ਸਕੂਲਾਂ 'ਚ ਜਾਣ ਦੇ ਸੱਦੇ ਮਿਲਦੇ ਆ। ਮੇਰੇ ਦਿਲ 'ਚ ਬੱਚਿਆਂ ਵਰਗੀ ਖ਼ੁਸ਼ੀ ਫੁੱਟਦੀ ਰਹਿੰਦੀ ਆ। ਮੈਂ ਨਵੀਆਂ ਜੰਮੀਆਂ ਬੱਚੀਆਂ ਲਈ ਚੈਰਿਟੀ ਦੌੜਾਂ ਦੌੜਦਾਂ। ਧੁਰ ਅੰਦਰੋਂ ਤਾਂ ਮੈਂ ਬੱਚਾ ਈ ਆਂ!"

ਇੰਟਰਵਿਊ ਦਿੰਦਿਆਂ ਉਹ ਖੁੱਲ੍ਹ ਕੇ ਗੱਲਾਂ ਕਰਦੈ। ਕਿਸੇ ਗੱਲ 'ਚ ਰਹੱਸ, ਕਿਸੇ 'ਚ ਅਟੱਲ ਸਚਾਈ ਤੇ ਕਿਸੇ 'ਚ ਹਾਸਾ ਮਜ਼ਾਕ। ਧਰਮਰਾਜ ਕੋਲ ਜਾਣ ਬਾਰੇ ਪੁੱਛੀਏ ਤਾਂ ਕਹਿੰਦਾ ਹੈ, "ਉਮਰ ਦੀਆਂ ਸਾਰੀਆਂ ਛੱਲੀਆਂ ਚੂੰਡ ਕੇ ਵਿਦਾ ਹੋਵਾਂਗਾ!"

ਟੋਰਾਂਟੋ ਦੀ ਇਕ ਪਾਰਟੀ 'ਚ ਬਰਾਂਡਿਡ ਸੂਟ 'ਚ ਸਜੇ ਬਾਬਾ ਫੌਜਾ ਸਿੰਘ ਨੂੰ ਮੈਂ ਹਾਸੇ ਭਾਣੇ ਪੁੱਛਿਆ ਸੀ, "ਤੁਸੀਂ ਕਪੜਾ ਲੱਤਾ ਬਰਾਂਡਿਡ ਪਾਉਂਦੇ ਓ, ਕਿਤੇ ਕਿਸੇ ਨੂੰ ਪੱਟਣਾ ਤਾਂ ਨੀ?"

ਬਾਬਾ ਮਿੰਨ੍ਹਾ-ਮਿੰਨ੍ਹਾ ਮੁਸਕਰਾਇਆ ਸੀ, "ਇਹ ਸੁਆਲ ਹੋਰ ਪੱਤਰਕਾਰ ਵੀ ਪੁੱਛਦੇ ਆ। ਪਹਿਲੀ ਗੱਲ ਤਾਂ ਇਹ ਆ, ਮੈਂ ਆਪਣੇ ਆਪ ਨੂੰ ਕਦੇ ਬਾਬਾ ਸਮਝਿਆ ਈ ਨੀ। ਰਹੀ ਗੱਲ ਕਿਸੇ ਨੂੰ ਪੱਟਣ ਦੀ। ਪੱਟਣਾ ਪੁੱਟਣਾ ਮੈਂ ਹੁਣ ਕੀਹਨੂੰ ਐਂ? ਜਦੋਂ ਤਕ ਸਾਹ ਚਲਦੇ ਆ, ਦੌੜਦੇ ਰਹਿਣ ਦੀ ਚਾਹ ਹੈ। ਰੱਬ ਮੇਰੇ ਉਤੇ ਦਿਆਲ ਐ। ਮੈਨੂੰ ਜੋ ਮਿਲ ਰਿਹੈ ਸਭ ਉਹਦੀ ਮਿਹਰ ਐ। ਮੇਰੀ ਔਕਾਤ ਈ ਕੀ ਸੀ? ਐਹੋ ਜੇ ਸੋਹਣੇ ਕਪੜੇ ਮੇਰੇ ਵਿਆਹ ਵੇਲੇ ਵੀ ਨਾ ਸੀ ਜੁੜੇ। ਨਾ ਚੱਜ ਦੀ ਪੱਗ ਜੁੜੀ ਸੀ ਨਾ ਚੱਜ ਦਾ ਝੱਗਾ।"

"ਜੀਵਨ ਜਿਥੇ ਲੈ ਆਇਆ, ਉਸ ਮੁਕਾਮ 'ਤੇ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕੌਣ ਆਂ ਦੌੜਨ ਵਾਲਾ? ਇਕ ਗੱਲ ਪੱਕੀ ਐ, ਮੈਂ ਕਦੇ ਲਾਲਚ ਲਈ ਨੀ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਲੇਖੇ ਲਾਤਾ। ਸੋਚਦਾਂ ਖੌਰੇ ਕਿਸੇ ਓਸ ਗ਼ਰੀਬ ਦਾ ਵੀ ਭਲਾ ਕੀਤਾ ਹੋਊ ਜੀਹਦੀਆਂ ਅਸੀਸਾਂ ਨਾਲ ਮੈਂ ਦੌੜੀ ਜਾ ਰਿਹਾਂ।"

"ਤੁਸੀਂ ਰੱਬ ਨੂੰ ਬਹੁਤ ਮੰਨਦੇ ਓ। ਰੱਬ ਨੂੰ ਪਾਉਣ ਲਈ ਕੀ ਕੀਤਾ ਜਾਵੇ?"

"ਸੱਚ ਦੇ ਨੇੜੇ ਰਹੋ ਤੇ ਕਿਸੇ ਦਾ ਦਿਲ ਨਾ ਦੁਖਾਓ। ਵਾਧੂ ਉਲਝੋ ਨਾ। ਜਦੋਂ ਗੱਲ ਬਹਿਸ 'ਚ ਪੈ ਜਾਂਦੀ ਆ ਤਾਂ ਮਾਮਲਾ ਖਰਾਬ ਹੋ ਜਾਂਦੈ। ਰੱਬ ਬਹਿਸ ਵਿਚ ਨਹੀਂ, ਰਜ਼ਾਮੰਦੀ 'ਚ ਐ।"

ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ!

ਜਿਸ ਦਿਨ ਉਹ ਲੰਡਨ ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਿਆ ਸੀ ਰਸਤੇ 'ਚ ਛਬੀਲਾਂ ਤੇ ਲੰਗਰ ਲੱਗ ਗਏ ਸਨ। ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ ਉਨੀ ਸ਼ਾਇਦ ਕਿਸੇ ਹੋਰ ਸਿੱਖ ਨੇ ਨਹੀਂ ਕਰਾਈ ਹੋਣੀ। ਫੌਜਾ ਸਿੰਘ ਆਪ ਕਹਿੰਦਾ ਹੈ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਉਹ ਸਿਰੜੀ ਹੈ ਤੇ ਲੋਭ ਲਾਲਚ ਤੋਂ ਪਰ੍ਹੇ ਹੈ। ਕਹਿੰਦਾ ਹੈ, "ਕਮਾਉਣ ਨੂੰ ਤਾਂ ਭਾਵੇਂ ਮੈਂ ਮਿਲੀਅਨ ਪੌਂਡ ਕਮਾ ਲੈਂਦਾ ਪਰ ਕਰਨੇ ਕੀ ਆ? ਲੋੜ ਜੋਗਾ ਰੱਬ ਦਾ ਦਿੱਤਾ ਬਹੁਤ ਕੁਝ ਹੈ। ਬੱਸ ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਸਾਰੀਆਂ ਦੌਲਤਾਂ।" ਉਹ ਸਰਬੱਤ ਦਾ ਭਲਾ ਲੋਚਦੈ ਤੇ ਹਰ ਇਕ ਨੂੰ ਸਿਹਤਯਾਬ ਵੇਖਣਾ ਚਾਹੁੰਦੈ।

ਐਤਕੀਂ ਉਸ ਨੇ ਭੇਤ ਦੀ ਗੱਲ ਦੱਸੀ ਕਿ ਘੱਟ ਖਾਣ ਵਾਲੇ ਬੰਦੇ ਘੱਟ ਮਰਦੇ ਆ ਤੇ ਵੱਧ ਖਾਣ ਵਾਲੇ ਵੱਧ। ਉਸ ਦੀ ਲੰਮੀ ਉਮਰ ਤੇ ਚੰਗੀ ਸਿਹਤ ਦਾ ਰਾਜ਼ ਵਾਧੂ ਖਾਣ-ਪੀਣ ਤੋਂ ਪ੍ਰਹੇਜ਼ ਕਰਨਾ ਹੈ।

ਉਸ ਨੇ ਲੰਡਨ ਦੀਆਂ ਪੰਜ, ਟੋਰਾਂਟੋ ਦੀਆਂ ਦੋ ਤੇ ਨਿਊ ਯੌਰਕ ਦੀ ਇਕ ਮੈਰਾਥਨ ਦੇ ਨਾਲ ਕਈ ਹਾਫ਼ ਮੈਰਾਥਨਾਂ ਤੇ ਹੋਰ ਦੌੜਾਂ ਵੀ ਜਿੱਤੀਆਂ ਹਨ। 94 ਮਿੰਟਾਂ ਵਿਚ ਯੂ.ਕੇ. ਦੇ 200, 400, 800 ਤੇ 3000 ਮੀਟਰ ਦੌੜਾਂ ਦੇ ਨਵੇਂ ਰਿਕਾਰਡ ਰੱਖੇ ਹਨ। ਸੌ ਸਾਲ ਦੀ ਉਮਰ ਟੱਪ ਕੇ ਟੋਰਾਂਟੋ ਵਿਚ ਦੌੜਦਿਆਂ ਉਸ ਨੇ ਇਕੋ ਦਿਨ ਅੱਠ ਦੌੜਾਂ ਲਾਈਆਂ ਤੇ ਪੰਜ ਵਿਸ਼ਵ ਰਿਕਾਰਡ ਰੱਖੇ।

ਉਨ੍ਹਾਂ ਦੇ 15 ਖੇਤ ਆਪਣੇ ਹਨ ਤੇ ਕੁਝ ਹੋਰ ਖੇਤ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਵਾਹੀ ਕਰ ਰਿਹੈ। ਵਿਹੜੇ 'ਚ ਟਰੈਕਟਰ ਟਰਾਲੀ ਵੀ ਸੀ ਤੇ ਮੱਝਾਂ ਗਾਈਆਂ ਵੀ ਸਨ। ਰੁੱਖ ਵੀ ਤੇ ਫਲਦਾਰ ਬੂਟੇ ਵੀ। ਵਿਦਾ ਹੁੰਦਿਆਂ ਮੈਂ ਪੁੱਛਿਆ, "ਤੁਸੀਂ ਦੁਨੀਆ ਦੇਖੀ ਹੈ, ਸਭ ਤੋਂ ਚੰਗੀ ਥਾਂ ਕਿਹੜੀ ਲੱਗੀ?"

ਮੈਰਾਥਨ ਦਾ ਮਹਾਂਰਥੀ ਮੁਸਕਰਾਇਆ, "ਜਿਥੇ ਤੁਸੀਂ ਵਸਦੇ ਓ, ਓਹੀ ਥਾਂ ਸਭ ਤੋਂ ਚੰਗੀ। ਮੇਰਾ ਮਨਭਾਉਂਦਾ ਗੀਤ ਐ, ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨੀ ਮੰਗੀਦਾ। ਸੱਚ ਇਹੋ ਈ ਐ। ਵੈਸੇ ਬੱਚੇ ਨੂੰ ਉਹ ਥਾਂ ਚੰਗੀ ਲੱਗਦੀ ਐ ਜਿਥੇ ਉਹਦੇ ਮਾਪੇ ਹੋਣ, ਬਾਲਗ ਨੂੰ ਉਹ ਥਾਂ ਚੰਗੀ ਜਿਥੇ ਉਹਨੂੰ ਰੁਜ਼ਗਾਰ ਮਿਲੇ ਤੇ ਪ੍ਰੇਮੀ ਨੂੰ ਉਹ ਥਾਂ ਪਿਆਰੀ ਜਿਥੇ ਉਹਦਾ ਪਿਆਰਾ ਵੱਸਦਾ ਹੋਵੇ।"

ਵਿਦਾ ਹੁੰਦਿਆਂ ਮੈਂ ਆਖ਼ਰੀ ਗੱਲ ਪੁੱਛੀ, "ਹੋਰ ਕਿੰਨੀ ਕੁ ਉਮਰ ਜਿਊਣ ਦਾ ਇਰਾਦੈ?"

ਬਾਬਾ ਰਊਂ ਵਿਚ ਸੀ, "ਦਿਲ ਹੋਣਾ ਚਾਹੀਦੈ ਜੁਆਨ ਉਮਰਾਂ 'ਚ ਕੀ ਰੱਖਿਐ?"

---

# ਉਸਤਾਦ ਵਲੋਂ ਦਿੱਤੀ ਸਿੱਖਿਆ

ਭੂਸ਼ਣ ਧਿਆਨਪੁਰੀ

ਘਰ ਵਿਚ ਗਰੀਬੀ ਸੀ। ਦਸਵੀਂ ਕਰ ਲਈ। ਮੈਨੂੰ ਕਾਗਜ਼ਾਂ ਉਤੇ ਮੂਰਤਾਂ ਵਾਹੁਣ ਦਾ ਸ਼ੌਕ ਸੀ, ਜਿਸ ਕਰਕੇ ਅਕਸਰ ਝਿੜਕਾਂ ਪੈਂਦੀਆਂ। ਪਿਤਾ ਜੀ ਨੇ ਦੇਖਿਆ, ਰਾਜਸਥਾਨ ਤੋਂ ਆਏ ਸ਼ਿਲਪਕਾਰ ਦੀ ਨਿਗਰਾਨੀ ਹੇਠ ਮੰਦਿਰ ਦੀ ਉਸਾਰੀ ਹੋ ਰਹੀ ਸੀ। ਮੂਰਤੀਆਂ ਤਿਆਰ ਹੋ ਰਹੀਆਂ ਸਨ।

ਮੈਨੂੰ ਲੈ ਕੇ ਪਿਤਾ ਜੀ ਪਹਿਲਾਂ ਦੁਕਾਨਦਾਰ ਕੋਲ, ਫਿਰ ਉਸਤਾਦ ਕੋਲ ਗਏ। ਦੁਕਾਨਦਾਰ ਤੋਂ ਦਸਤਾਰ, ਸਵਾ ਰੁਪਇਆ ਅਤੇ ਪਤਾਸੇ ਉਧਾਰ ਲਏ। ਮੰਦਿਰ ਜਾ ਕੇ ਉਸਤਾਦ ਦੇ ਚਰਨ ਛੂਹੇ ਤੇ ਕਿਹਾ, ਬਾਬਾ ਇਸ ਮੁੰਡੇ ਨੂੰ ਕੰਮ ਸਿਖਾ ਦਿਉ, ਰੋਟੀ ਜੋਗਾ ਹੋ ਜਾਊਗਾ, ਨੌਕਰੀ ਤਾਂ ਕਿਧਰੇ ਮਿਲਣੀ ਨਈਂ। ਉਸਤਾਦ ਨੇ ਪੁੱਛਿਆ, ਚਿਤਰਕਾਰੀ ਬਾਰੇ ਜਾਣਦੈਂ ਥੋੜ੍ਹਾ-ਬਹੁਤ? ਮੈਂ ਕਿਹਾ, ਹਾਂ ਜੀ, ਕਰ ਲੈਨਾਂ ਚਿਤਰਕਾਰੀ। ਉਸ ਨੇ ਇਕ ਪਿਆਲੀ ਫੜਾਈ, ਜਿਸ ਉਪਰ ਇੰਚ ਕੁ ਦੀ ਸ਼ਿਵ ਜੀ ਦੀ ਤਸਵੀਰ ਸੀ। ਇੱਕ ਵਰਕਾ 6 ਗੁਣਾ 8 ਇੰਚ ਦਾ ਦਿੱਤਾ, ਗਣੇਸ਼ ਦੀ ਤਸਵੀਰ ਵਾਲਾ, ਇੱਕ ਪੂਰਾ ਕੈਲੰਡਰ ਮਾਤਾ ਰਾਣੀ ਦਾ ਫੜਾ ਕੇ ਕਿਹਾ, ਇਨ੍ਹਾਂ ਤਿੰਨਾਂ ਨੂੰ 4 ਗੁਣਾ 6 ਕਰਕੇ ਲਿਆ, ਛੋਟੀ ਵੱਡੀ ਕਰਕੇ, ਵੱਡੀਆਂ ਛੋਟੀਆਂ ਕਰਕੇ। ਦੋ ਦਿਨਾਂ ਬਾਅਦ ਤਸਵੀਰਾਂ ਤਿਆਰ ਕਰਕੇ ਹਰੇਕ ਤਸਵੀਰ ਦੇ ਕੋਨੇ ਹੇਠ ਆਪਣਾ ਨਾਮ ਲਿਖ ਦਿੱਤਾ।

ਉਸ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਦਾਦ ਦਿੱਤੀ। ਫਿਰ ਪੁੱਛਿਆ, ਆਹ ਸ਼ਿਵ ਜੀ ਦੀ ਤਸਵੀਰ ਹੇਠ ਕੀ ਲਿਖਿਆ ਹੈ? ਮੈ ਕਿਹਾ, ਜੀ ਲਿਖਿਆ ਜੈ ਸ੍ਰੀ ਭੋਲੇ ਨਾਥ। ਦੂਜੀ ਹੇਠ ਕੀ ਲਿਖਿਆ? ਮੈਂ ਕਿਹਾ, ਜੀ ਲਿਖਿਆ, ਜੈ ਸ੍ਰੀ ਗਣੇਸ਼! ਤੀਜੀ ਹੇਠ? ਜੈ ਮਾਂ ਦੁਰਗਾ।

ਉਸਤਾਦ ਜੀ ਬੋਲੇ, ਮੈਨੂੰ ਅਨਪੜ੍ਹ ਨੂੰ ਕੋਈ ਬੋਲੀ ਪੜ੍ਹਨੀ ਨਹੀਂ ਆਉਂਦੀ। ਇਹ ਤਿੰਨੇ ਗੱਲਾਂ ਤੂੰ ਕਿਸ ਬੋਲੀ ਵਿਚ ਲਿਖੀਆ ਨੇ? ਮੈਂ ਕਿਹਾ, ਜੀ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ। ਉਸਤਾਦ ਨੇ ਕਿਹਾ, ਮੈਂ ਗਜਬ ਦੀ ਦੇਖੀ ਤੇਰੀ ਗੁਰਮੁਖੀ ਲਿਪੀ! ਲਕੀਰਾਂ ਦੇ ਨਿਸ਼ਾਨ, ਤਿੰਨੇ ਥਾਂ ਇੱਕੋ ਜਿਹੇ ਨੇ, ਪਰ ਇਹ ਗੱਲਾਂ ਤਿੰਨ ਤਰ੍ਹਾਂ ਦੀਆਂ ਕਰ ਰਹੇ ਨੇ! ਤੂੰ ਮੈਨੂੰ ਇਹ ਲਿਪੀ ਸਿਖਾ ਯਾਰ!

ਮੈਂ ਤੈਨੂੰ ਆਪਣੀ ਸਾਰੀ ਵਿਦਿਆ ਦੇ ਦਿਆਂਗਾ।

ਮੈਂ ਸ਼ਰਮਿੰਦਾ ਹੋਇਆ, ਚਰਨੀਂ ਹੱਥ ਲਾਏ, ਕਿਹਾ, ਜੀ ਮੈਂ ਝੂਠ ਬੋਲਿਆ ਹੈ। ਬਾਬਾ ਜੀ ਖਿਮਾ ਕਰ ਦਿਉ, ਤਿੰਨੇ ਥਾਂਈਂ ਇਹ ਤਾਂ ਮੇਰਾ ਨਾਮ ਹੈ।

ਹੱਸ ਕੇ ਬੋਲੇ, ਜੇ ਜੀਵਨ ਵਿਚ ਕੁਝ ਸਿੱਖਣਾ ਹੈ, ਆਪਣਾ ਨਾਮ ਭੁੱਲ ਜਾਹ ਪੁੱਤਰ। ਸਭ ਕੁਝ ਸਿੱਖ ਜਾਵੇਂਗਾ, ਜੇ ਆਪਣਾ ਨਾਮ ਭੁੱਲ ਜਾਵੇਂਗਾ। ਜੇ ਆਪਣਾ ਨਾਮ ਯਾਦ ਰੱਖੇਂਗਾ, ਇਸ ਤੋਂ ਬਾਅਦ ਹੋਰ ਕੁਝ ਯਾਦ ਨਹੀਂ ਕਰ ਸਕੇਂਗਾ ਤੂੰ।"

# ਡਾ. ਆਸਾ ਸਿੰਘ ਘੁੰਮਣ ਦੀ ਵਿਦਵਤਾ-ਭਰਪੂਰ ਲਿਖਤ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ

## ਪੁਸਤਕ ਚਰਚਾ

**ਲੇਖਕ: ਡਾ: ਆਸਾ ਸਿੰਘ ਘੁੰਮਣ**
**ਪ੍ਰਕਾਸ਼ਕ: ਯੂਰਪੀ ਪੰਜਾਬੀ ਸੱਥ, ਵਾਲਸਾਲ, ਬਰਤਾਨੀਆ' 2024**
**ਸਫੇ: 212**

'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' ਪ੍ਰਬੁੱਧ ਵਿਦਵਾਨ ਡਾ. ਆਸਾ ਸਿੰਘ ਘੁੰਮਣ ਦੀ ਤੇਰਹਵੀਂ ਕ੍ਰਿਤ ਹੈ। ਵਿਸ਼ੇ ਅਨੁਸਾਰ ਲੇਖਕ ਨੇ ਇਸ ਨੂੰ ਛੋਟੇ-ਵੱਡੇ 25 ਅਧਿਆਇਆਂ ਵਿਚ ਵੰਡਿਆ ਹੈ। ਇਸਦਾ ਕੇਂਦਰੀ ਵਿਸ਼ਾ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਵਿਖੇ ਕਿਆਮ ਦੌਰਾਨ ਉਨ੍ਹਾਂ ਨਾਲ ਵਾਪਰੀਆਂ ਘਟਨਾਵਾਂ ਹਨ। ਇਨ੍ਹਾਂ ਵਾਕਿਆਤ ਨੂੰ ਹਰ ਪਹਿਲੂ ਤੋਂ ਬੜੀ ਬਰੀਕਬੀਨੀ ਨਾਲ ਪੇਸ਼ ਕੀਤਾ ਗਿਆ ਹੈ। ਸੁਲਤਾਨਪੁਰ ਲੋਧੀ ਦੀ ਸਥਾਪਤੀ ਤੋਂ ਲੈ ਕੇ ਮੌਜੂਦਾ ਦੌਰ ਤੱਕ ਇਸ ਸ਼ਹਿਰ ਦੇ ਇਤਿਹਾਸ, ਸਭਿਆਚਾਰ, ਧਾਰਮਿਕ,

**ਡਾ: ਕੁਲਵਿੰਦਰ ਸਿੰਘ ਬਾਜਵਾ**
**ਫੋਨ: 96460-12422**

ਸਮਾਜਿਕ, ਆਰਥਿਕ ਗਤੀਵਿਧੀਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਗਈ ਹੈ। ਇਸ ਦੇ ਨਾਮਕਰਣ, ਸੰਭਾਵੀ ਸੰਸਥਾਪਕ, ਵੱਖ-ਵੱਖ ਸਮਿਆਂ ਦੇ ਹਾਕਮਾਂ ਦੇ ਅਹਿਦ ਦੌਰਾਨ ਹੋਈ ਰਾਜਸੀ, ਸਮਾਜਿਕ, ਸਭਿਆਚਾਰਕ ਉਥਲ-ਪੁਥਲ ਬਾਰੇ ਦਸਤਾਵੇਜ਼ੀ ਸਬੂਤ ਪੇਸ਼ ਕਰਦਿਆਂ ਤਰਕ-ਸੰਗਤ ਨਿਰਣਾਇਕ ਪਹੁੰਚ ਅਪਣਾਈ ਗਈ ਹੈ। ਆਪਣੇ ਵਿਚਾਰਾਂ ਨੂੰ ਪੁਖ਼ਤਗੀ ਪ੍ਰਦਾਨ ਕਰਨ ਹਿੱਤ ਇਸ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ, ਖੰਡਰਾਂ ਅਤੇ ਇਮਾਰਤਸਾਜ਼ੀ ਨਾਲ ਜੁੜੇ ਅਹਿਮ ਨੁਕਤਿਆਂ ਨੂੰ ਧਿਆਨ ਗੋਚਰ ਕਰਦਿਆਂ ਅਤਿ-ਸਾਵਧਾਨੀ ਨਾਲ ਲੇਖਾ-ਜੋਖਾ ਕੀਤਾ ਗਿਆ ਹੈ। ਹੋਰ ਤਾਂ ਹੋਰ, ਬਾਬਰਨਾਮੇ ਦੀਆਂ ਗਵਾਹੀਆਂ ਦੇ ਅਧਾਰ 'ਤੇ ਨਵਾਬ ਦੌਲਤ ਖਾਂ ਲੋਧੀ ਦੇ ਅੰਤਮ ਸਮੇਂ ਬਾਰੇ ਪਹਿਲੀ ਵਾਰ ਸਾਰਥਕ ਨਿਰਣਾ ਕੀਤਾ ਗਿਆ ਹੈ।


ਗੁਰੂ ਨਾਨਕ ਦੇਵ ਜੀ ਕਿਸ ਉਮਰ, ਕਿਸ ਸਾਲ/ਸੰਮਤ ਵਿਚ ਸੁਲਤਾਨਪੁਰ ਲੋਧੀ ਵਿਖੇ ਆਏ ਅਤੇ ਕਿੰਨਾ ਸਮਾਂ ਇਥੇ ਠਹਿਰੇ ਆਦਿ ਬਾਰੇ ਚਰਚਾ ਕਰਦਿਆਂ ਲੇਖਕ ਨੇ ਸੰਭਾਵੀ ਨਤੀਜੇ ਹੀ ਕੱਢੇ ਹਨ। ਹਾਂ, ਉਹ ਇਸ ਬਾਰੇ ਨਿਸ਼ਚਤ ਹੈ ਕਿ ਸੁਲਤਾਨਪੁਰ ਲੋਧੀ ਆਉਣ ਤੋਂ ਪਹਿਲਾਂ ਹੀ ਤਲਵੰਡੀ ਰਾਇ ਭੋਇ ਵਿਖੇ ਗੁਰੂ ਜੀ ਦਾ ਵਿਆਹ 18-19 ਸਾਲ ਦੀ ਉਮਰ ਵਿਚ ਹੀ ਹੋ ਗਿਆ ਸੀ ਅਤੇ ਉਨ੍ਹਾਂ ਦੀ ਸੰਤਾਨ ਦਾ ਜਨਮ-ਅਸਥਾਨ ਵੀ ਤਲਵੰਡੀ ਹੀ ਸੀ। ਇਹ ਦਰੁਸਤ ਵੀ ਹੈ ਕਿਉਂਕਿ ਜੋ ਲੇਖਕ ਇਨ੍ਹਾਂ ਵਾਕਿਆਤ ਨੂੰ ਸੁਲਤਾਨਪੁਰ ਲੋਧੀ ਵਿਖੇ ਵਾਪਰੇ ਦਸਦੇ ਹਨ ਉਨ੍ਹਾਂ ਦਾ ਜਾਣਕਾਰੀ-ਸ੍ਰੋਤ ਜਾਂ ਤਾਂ ਬਾਲੇ ਵਾਲੀ ਜਨਮ-ਸਾਖੀ ਹੈ ਜਾਂ ਇਸ 'ਤੇ ਅਧਾਰਿਤ ਲਿਖਤਾਂ ਅਤੇ ਪਰੰਪਰਾਵਾਂ। ਘੁੰਮਣ ਸਾਹਿਬ ਦਾ ਮਤ ਹੈ ਕਿ 'ਪਰੰਪਰਾ ਸੱਚ ਨਹੀਂ ਮੰਨਦੀ ਅਤੇ ਨਾ ਹੀ ਸੰਗਤਾਂ ਨੂੰ ਸੱਚ ਮੰਨਣ ਦੀ ਐਡੀ ਲੋੜ ਹੀ ਮਹਿਸੂਸ ਹੁੰਦੀ ਹੈ। ਪਰੰਪਰਾ ਕਈ ਧਾਰਨਾਵਾਂ 'ਤੇ ਅਧਾਰਤ ਹੁੰਦੀ ਹੈ। ਜੋ ਪਿਰਤ ਇਕ ਵਾਰੀ ਸਥਾਪਤ ਹੋ ਜਾਵੇ ਉਸਨੂੰ ਬਾਅਦ ਦੀਆਂ ਖੋਜਾਂ ਛੇਤੀ ਕੀਤੇ ਤੋੜ ਨਹੀਂ ਸਕਦੀਆਂ ਉਹ ਭਾਵੇਂ ਕਿੰਨੀਆਂ ਬਾ-ਦਲੀਲ ਅਤੇ ਤਰਕ-ਸੰਗਤ ਜਾਂ ਸੱਚ ਦੇ ਨੇੜੇ ਹੋਣ। ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨਾਲ ਕਈ ਪਿਰਤਾਂ ਐਸੀਆਂ ਜੁੜ ਗਈਆਂ ਹਨ ਜਿਨ੍ਹਾਂ ਨੂੰ ਬਦਲਣਾ ਲਗਭਗ ਅਸੰਭਵ ਹੈ। ਉਂਝ ਸਾਡੀ ਜਾਚੇ ਗੁਰੂ ਜੀ ਦੀ ਸ਼ਾਦੀ ਤਲਵੰਡੀ ਰਹਿੰਦਿਆਂ ਹੀ ਹੋਈ ਹੋਵੇਗੀ ਅਤੇ ਸ੍ਰੀ ਚੰਦ ਅਤੇ ਲਖਮੀ ਦਾਸ ਦਾ ਜਨਮ-ਅਸਥਾਨ ਵੀ ਤਲਵੰਡੀ ਸੰਭਵ ਹੈ। ਸੁਲਤਾਨਪੁਰ ਵਿਖੇ ਸ਼ਾਦੀ ਅਤੇ ਬੱਚਿਆਂ ਦੇ ਜਨਮ ਸਬੰਧੀ ਪਰੰਪਰਾ ਦੇ ਸਥਾਪਤ ਹੋ ਜਾਣ ਦਾ ਇਕ ਵੱਡਾ ਕਾਰਨ ਤਲਵੰਡੀ (ਨਨਕਾਣਾ ਸਾਹਿਬ) ਦਾ ਪਾਕਿਸਤਾਨ ਵਿਚ ਰਹਿ ਜਾਣਾ ਵੀ ਹੈ'।

ਲੇਖਕ ਅਨੁਸਾਰ ਦੌਲਤ ਖਾਨ ਦੀ ਮੁਲਾਜ਼ਮਤ ਦੌਰਾਨ ਗੁਰੂ ਸਾਹਿਬ ਦਾ ਰੁਤਬਾ ਨਾ ਤਾਂ ਦੁਕਾਨਦਾਰ ਵਾਲਾ ਸੀ ਅਤੇ ਨਾ ਹੀ ਮਮੂਲੀ ਤੁਲਾਵੇ ਵਾਲਾ। ਉਹ 'ਮੋਦੀ' ਦੀ ਅਸਾਮੀ 'ਤੇ ਤਾਇਨਾਤ ਸਨ ਜੋ ਕਿ ਪਰਗਨਾ ਸਦਰ-ਮੁਕਾਮ ਵਿਖੇ ਇਕ ਆਹਲਾ ਦਰਜੇ ਦੀ ਅਸਾਮੀ ਸੀ। ਵੇਈਂ ਪ੍ਰਵੇਸ਼ ਅਤੇ ਪ੍ਰਭੂ-ਮਿਲਾਪ ਵਾਲੀ ਘਟਨਾ ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਨਾਲ ਸੰਬੰਧਤ ਸਭ ਤੋਂ ਮਹੱਤਵਪੂਰਨ ਘਟਨਾ ਸੀ ਜਿਸ ਨੇ ਉਨ੍ਹਾਂ ਦੇ ਜੀਵਨ ਵਿਚ ਵੱਡਾ ਮੋੜ ਲੈ ਆਂਦਾ ਸੀ। ਲੇਖਕ ਨੇ ਇਸ ਘਟਨਾ ਦੇ ਘਟਣ ਦਾ ਸੰਨ/ਸੰਮਤ ਤੇ ਨਿਰਧਾਰਤ ਨਹੀਂ ਕੀਤਾ ਪਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵਾਕਿਆ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੀ ਵਾਪਰਿਆ ਸੀ। ਇਸ ਦਿਹਾੜੇ ਹੀ 'ਪਾਰਬ੍ਰਹਮ ਪਰਮੇਸਰ' ਨੇ ਖੁਦ 'ਅੰਮ੍ਰਿਤ ਦਾ ਕਟੋਰਾ', ਨਾਮ (ਸ਼ਬਦ) ਸਿਰਪਾਉ ਗੁਰੂ ਨਾਨਕ ਸਾਹਿਬ ਨੂੰ ਬਖ਼ਸ਼ਦਿਆਂ 'ਗੁਰ-ਪਰਮੇਸ਼ਰ'' ਦੀ ਪਦਵੀ ਬਖ਼ਸ਼ੀ ਸੀ ਅਤੇ ਜਗਤ-ਉਧਾਰਣ ਦਾ ਜ਼ਿੰਮਾ ਸੌਂਪ ਕੇ ਉਨ੍ਹਾਂ ਦਾ ਜੀਵਨ ਮਨੋਰਥ ਵੀ ਨਿਰਧਾਰਤ ਕੀਤਾ ਸੀ। ਗਿਆਤ ਸੋਮਿਆਂ ਦੀਆਂ ਗਵਾਹੀਆਂ ਦਾ ਮੁਤਾਲਿਆ ਕਰਦਿਆਂ ਲੇਖਕ ਲਿਖਦਾ ਹੈ, 'ਇਸ ਤਰ੍ਹਾਂ ਅਸੀਂ ਸਹਿਜ-ਸੁਭਾ ਹੀ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੱਤਕ ਦੀ ਪੂਰਨਮਾਸ਼ੀ ਗੁਰੂ ਜੀ ਦੇ ਜੀਵਨ ਵਿਚ ਬਹੁਤ ਮਹੱਤਵਪੂਰਨ ਦਿਹਾੜਾ ਹੈ। ਜਿਥੇ ਨਨਕਾਣਾ ਸਾਹਿਬ ਉਨ੍ਹਾਂ ਦਾ ਜਨਮ-ਅਸਥਾਨ ਹੈ ਉਥੇ ਸੁਲਤਾਨਪੁਰ ਲੋਧੀ ਵਿਖੇ ਉਨ੍ਹਾਂ ਦਾ ਪੁਨਰ-ਜਨਮ ਵੀ ਹੋਇਆ ਅਤੇ ਉਨ੍ਹਾਂ ਨੂੰ ਗੁਰ-ਉਪਾਧੀ ਦੀ ਬਖ਼ਸ਼ਿਸ਼ ਵੀ ਪਵਿੱਤਰ ਕਾਲੀ ਵੇਈਂ ਦੇ ਪਾਣੀਆਂ ਥੀਂ ਨਸੀਬ ਹੋਈ'।

ਸਿੱਖ ਸੰਸਥਾਵਾਂ, ਸਿੱਖ ਸਿਧਾਂਤ, ਗੁਰਮਤਿ ਵਿਚਾਰਧਾਰਾ/ਸਿੱਖ ਦਰਸ਼ਨ ਆਦਿ ਜੋ



*ਡਾ. ਆਸਾ ਸਿੰਘ ਘੁੰਮਣ*




*ਡਾ. ਆਸਾ ਸਿੰਘ ਘੁੰਮਣ ਦੀ ਕਿਤਾਬ 'ਸੁਲਤਾਨਪੁਰ ਲੋਧੀ ਦੂਜਾ ਨਨਕਾਣਾ ਸਾਹਿਬ' ਦਾ ਸਰਵਰਕ।*

ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਪ੍ਰਪੱਕ ਤੇ ਪ੍ਰਫੁੱਲਤ ਹੋਏ ਅਤੇ ਜਿਨ੍ਹਾਂ ਦਾ ਪਸਾਰਾ ਸੰਸਾਰ ਪੱਧਰ 'ਤੇ ਹੋਇਆ, ਦਾ ਪੁੰਗਰਾਵਾ ਵੀ ਸੁਲਤਾਨਪੁਰ ਲੋਧੀ ਵਿਖੇ ਹੀ ਹੋਇਆ ਸੀ। ਗੁਰੂ ਨਾਨਕ ਸਾਹਿਬ ਦੀਆਂ ਗਤੀਵਿਧੀਆਂ ਸਦਕਾ ਹੀ ਇਹ ਸ਼ਹਿਰ ਪ੍ਰਸ਼ਾਸਨਿਕ ਪ੍ਰਸਿੱਧੀ ਦੇ ਖ਼ੇਤਰ ਵਿਚੋਂ ਨਿਕਲ ਕੇ ਧਰਮ-ਜਗਤ ਦੇ ਖ਼ੇਤਰ ਵਿਚ ਪ੍ਰਸਿੱਧੀ ਹਾਸਲ ਕਰ ਸਕਿਆ ਹੈ। ਜੇ ਅੱਜ ਸੁਲਤਾਨਪੁਰ ਲੋਧੀ ਦਾ ਨਾਮ ਸੰਸਾਰ ਪੱਧਰ 'ਤੇ ਮਸ਼ਹੂਰ ਹੈ ਤਾਂ ਇਹ ਗੁਰੂ ਨਾਨਕ ਸਾਹਿਬ ਕਾਰਨ ਹੈ ਨਾ ਕਿ ਲੋਧੀਆਂ ਜਾਂ ਬੋਧੀਆਂ ਕਰਕੇ।

ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਲੋਧੀ ਵਿਖੇ ਬਤਾਇਆ ਸਮਾਂ ਉਨ੍ਹਾਂ ਦੀ ਜੀਵਨ ਯਾਤਰਾ ਦਾ ਅਹਿਮ ਪੜਾਅ ਸੀ। ਇਹ ਸਮਾਂ ਉਨ੍ਹਾਂ ਦੀ ਸ਼ਖ਼ਸੀ ਘਾੜਤ ਅਤੇ ਜੀਵਨ ਮਨੋਰਥ ਦਾ ਕੇਂਦਰ-ਬਿੰਦੂ ਸੀ ਜਿਸਦਾ ਇਕ ਸਿਰਾ ਤਲਵੰਡੀ ਰਾਇ-ਭੋਇ (ਨਨਕਾਣਾ ਸਾਹਿਬ) ਵਿਖੇ ਬਿਤਾਏ ਸਮੇਂ ਨਾਲ ਤੇ ਦੂਜਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਨਾਲ ਜੁੜਿਆ ਹੋਇਆ ਹੈ। ਸੁਲਤਾਨਪੁਰ ਲੋਧੀ ਵਿਖੇ ਬਿਤਾਏ ਗਏ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਸਮਝਣ ਤੋਂ ਬਿਨਾ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਅਤੇ ਜੀਵਨ-ਉਦੇਸ਼ ਨੂੰ ਸਮੁੱਚਤਾ ਵਿਚ ਨਹੀਂ ਸਮਝਿਆ ਜਾ ਸਕਦਾ। ਇਸ ਕੇਂਦਰ-ਬਿੰਦੂ ਨੂੰ ਖੋਜ ਦਾ ਵਿਸ਼ਾ ਬਣਾਉਣਾ ਅਤੇ ਦਸਤਾਵੇਜ਼ੀ ਸਬੂਤਾਂ ਦੇ ਅਧਾਰ 'ਤੇ ਸਾਰਥਕ ਨਤੀਜਿਆਂ ਨੂੰ ਪੇਸ਼ ਕਰਨਾ ਹੀ ਇਸ ਰਚਨਾ ਦੀ ਵਿਲੱਖਣਤਾ ਤੇ ਲੇਖਕ ਦੀ ਵਿਦਵਤਾ ਹੈ।

ਗੁਰੂ ਸਾਹਿਬ ਵਲੋਂ ਸੁਲਤਾਨਪੁਰ ਲੋਧੀ ਵਿਖੇ ਬਿਤਾਏ ਗਏ ਸਮੇਂ ਬਾਰੇ ਲੇਖਕ ਨੇ ਬਹੁਤ ਅਹਿਮ ਮੁੱਦਿਆਂ ਨੂੰ ਛੋਹਿਆ ਹੈ। ਮਸਲਨ, ਗੁਰੂ ਨਾਨਕ ਦੇਵ ਜੀ ਇਸ ਸ਼ਹਿਰ ਵਿਚ ਕਦੋਂ ਆਏ ਤੇ ਇਸ ਵਕਤ ਉਨ੍ਹਾਂ ਦੀ ਆਯੂ ਕਿਤਨੀ ਸੀ? ਕੀ ਇਥੋਂ ਆਉਣ ਤੋਂ ਪਹਿਲਾਂ ਉਹ ਗ੍ਰਹਿਸਥ ਧਾਰਨ ਕਰ ਚੁੱਕੇ ਸਨ? ਨਵਾਬ ਦੌਲਤ ਖਾਨ ਅਧੀਨ ਮੁਲਾਜ਼ਮਤ ਦੌਰਾਨ ਉਨ੍ਹਾਂ ਦਾ ਕੀ ਰੁਤਬਾ ਸੀ? ਇਸ ਸਮੇਂ ਦੌਰਾਨ ਗੁਰੂ ਸਾਹਿਬ ਦੀ ਜੀਵਨ-ਸ਼ੈਲੀ ਕਿਸ ਤਰ੍ਹਾਂ ਦੀ ਸੀ? ਕੀ ਉਨ੍ਹਾਂ ਨੂੰ ਮਨੁੱਖੀ ਜਾਮਾ ਧਾਰਨ ਕਰਨ ਸਮੇਂ ਤੋਂ ਹੀ ਗੁਰੂ-ਪਦ ਪ੍ਰਾਪਤ ਸੀ ਜਾਂ ਇਹ ਵੇਈਂ ਪ੍ਰਵੇਸ਼ ਸਮੇਂ ਪ੍ਰਭੂ-ਮਿਲਾਪ ਵਾਲੀ ਘਟਨਾ ਘਟਣ ਸਮੇਂ ਤੋਂ ਮੰਨਿਆ ਜਾ ਸਕਦਾ ਹੈ? ਇਸ ਦੇ ਨਾਲ ਜੁੜਦਾ ਸਵਾਲ ਕਿ ਕੀ ਗੁਰੂ ਸਾਹਿਬ ਨੇ ਮਨੁੱਖੀ ਜਾਮਾ ਕੱਤਕ ਮਹੀਨੇ ਵਿਚ ਧਾਰਨ ਕੀਤਾ ਜਾਂ ਵਿਸਾਖ ਵਿਚ? ਆਦਿ। ਘੁੰਮਣ ਸਾਹਿਬ ਤੋਂ ਪਹਿਲਾਂ ਦੇ ਲੇਖਕਾਂ ਨੇ ਵੀ ਇਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਹੈ। ਵੱਖ-ਵੱਖ ਗਿਆਤ ਸੋਮਿਆਂ ਦੀ ਵਰਤੋਂ ਵੀ ਕੀਤੀ ਹੈ। ਪਰ, ਇਨ੍ਹਾਂ ਮੁੱਦਿਆਂ ਬਾਰੇ ਦੋ-ਟੁਕ ਫੈਸਲਾ ਕਰਨ ਤੋਂ ਸੰਕੋਚ ਹੀ ਕੀਤਾ ਹੈ। ਘੁੰਮਣ ਸਾਹਿਬ ਨੇ ਸਮਕਾਲੀਨ, ਅਰਧ-ਸਮਕਾਲੀਨ ਅਤੇ ਆਧੁਨਿਕ ਲਿਖਤਾਂ ਵਿਚਲੀਆਂ ਗਵਾਹੀਆਂ ਦੇ ਅਧਾਰ 'ਤੇ ਉਪਰੋਕਤ ਮੁੱਦਿਆਂ ਬਾਰੇ ਬਾ-ਦਲੀਲ ਵਿਚਾਰ ਪੇਸ਼ ਕਰਦਿਆਂ ਇਨ੍ਹਾਂ ਸਰੋਤਾਂ ਵਿਚਲੇ ਅੰਤਰ-ਵਿਰੋਧੀ ਕਥਨਾਂ ਬਾਰੇ ਵਿਦਵਤਾ ਭਰਪੂਰ ਟਿਪਣੀਆਂ ਵੀ ਕੀਤੀਆਂ ਹਨ।

ਥੋੜ੍ਹੇ ਵਿਚ ਅਸੀਂ ਕਹਿ ਸਕਦੇ ਹਾਂ ਕਿ ਡਾ. ਆਸਾ ਸਿੰਘ ਘੁੰਮਣ ਦੀ ਇਹ ਕ੍ਰਿਤ ਬਹੁਤ ਵਿਦਵਤਾ-ਭਰਪੂਰ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ ਨਾਲ ਸੰਬੰਧਤ ਜਿਨ੍ਹਾਂ ਮੁੱਦਿਆਂ ਨੂੰ ਇਥੇ ਛੋਹਿਆ ਗਿਆ ਹੈ ਅਤੇ ਦਸਤਾਵੇਜ਼ੀ ਸਬੂਤਾਂ ਦੇ ਅਧਾਰ 'ਤੇ ਉਨ੍ਹਾਂ ਨੂੰ ਸੰਬੋਧਤ ਕੀਤਾ ਗਿਆ ਹੈ, ਉਹ ਬਹੁਤ ਹੀ ਮਹੱਤਵਪੂਰਨ ਸਨ/ਹਨ ਅਤੇ ਇਨ੍ਹਾਂ ਨੂੰ ਸੰਬੋਧਤ ਹੋਣ ਦੀ ਚਿਰੋਕਵੀਂ ਲੋੜ ਵੀ ਸੀ। 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' ਜਿਥੇ ਆਮ ਪਾਠਕ ਦੇ ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ ਨਾਲ ਸੰਬੰਧਤ ਭੁਲੇਖਿਆਂ ਨੂੰ ਦੂਰ ਕਰੇਗੀ, ਉਥੇ ਵਿਦਵਾਨਾਂ, ਵਿਦਿਆਰਥੀਆਂ ਤੇ ਖੋਜਾਰਥੀਆਂ ਵਾਸਤੇ ਰਾਹ-ਦਸੇਰੇ ਦਾ ਕੰਮ ਵੀ ਕਰੇਗੀ। ਇਸ ਸਾਰਥਕ ਯਤਨ ਲਈ ਡਾ. ਘੁੰਮਣ ਵਧਾਈ ਦੇ ਪਤਾਰ ਹਨ।

# ਮੇਰਾ ਜਲੂਸ ਨਿਕਲਣੋਂ ਬਚਾਇਆ ਇਕ ਬੀਬੀ ਨੇ !

ਬੀਤੇ 24 ਮਾਰਚ ਦੀ ਹੀ ਗੱਲ ਹੈ। ਮੈਂ ਸਵੇਰੇ ਗਿਆਰਾਂ ਕੁ ਵਜੇ ਘਰੋਂ ਤਿਆਰ ਹੋ ਕੇ ਮੈਂ ਆਪਣੇ ਗਵਾਂਢ ਪਿੰਡ ਸਜਾਵਲ ਪੁਰ (ਜ਼ਿਲ੍ਹਾ ਨਵਾਂ ਸ਼ਹਿਰ) ਜਾ ਪਹੁੰਚਿਆ, ਜਿੱਥੇ ਇੰਗਲੈਂਡ ਤੋਂ ਆਪਣੇ ਪਿੰਡ ਆਏ ਹੋਏ ਮੇਰੇ ਦੋਸਤ ਸਰਦਾਰ ਓਂਕਾਰ ਸਿੰਘ ਵਲੋਂ ਰਖਾਏ ਅਖੰਡ ਪਾਠ ਦੇ ਭੋਗ ਉਪਰੰਤ ਢਾਡੀ ਸਿੰਘ ਵਾਰਾਂ ਗਾ

**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 78146-92724**

ਰਹੇ ਸਨ। ਗੁਰਦੁਆਰਾ ਸਾਹਿਬ ਦੀ ਛੱਤ ਉੱਪਰ ਸਮਾਗਮ ਚੱਲ ਰਿਹਾ ਸੀ ਹੇਠਾਂ ਚਾਹ-ਪਾਣੀ ਦਾ ਇੰਤਜ਼ਾਮ।

>ਗੇਟ ਵੜਦਿਆਂ ਹੀ ਇਕ ਸੱਜਣ ਨੇ ਮੈਨੂੰ ਪਹਿਲਾਂ ਚਾਹ ਛਕਣ ਲਈ ਕਿਹਾ। ਜਦ ਮੈਂ ਟੇਬਲ ਤੋਂ ਪਲੇਟ ਚੁੱਕਣ ਲੱਗਾ ਤਾਂ ਇਕ ਬੀਬੀ ਮੇਰੇ ਵੱਲ ਦੇਖ ਕੇ ਮਿੰਨ੍ਹਾ ਜਿਹਾ ਹੱਸੀ ਤੇ ਪਰੇ ਨੂੰ ਚਲੇ ਗਈ! ਮੈਂ ਸੋਚਾਂ ਕਿ ਜਿਸ ਦੋਸਤ ਦਾ ਇਹ ਸਮਾਗਮ ਹੈ, ਇਹ ਬੀਬੀ ਉਹਦੀ ਘਰ ਵਾਲ਼ੀ ਤਾਂ ਹੈ ਨਹੀਂ, ਕਿਉਂਕਿ ਅਸੀਂ ਇਕ ਦੂਜੇ ਦੇ ਪਰਿਵਾਰਾਂ ਤੋਂ ਵਾਕਫ ਹਾਂ। ਫਿਰ ਇਹ ਬੀਬਾ ਜੀ ਕੌਣ ਹੋਣਗੇ ਤੇ ਮੇਰੇ ਵੱਲ ਨਜ਼ਰ ਜਿਹੀ ਮਾਰ ਕੇ ਹੱਸੇ ਕਿਉਂ ਹੋਣਗੇ?

>ਇਵੇਂ ਹੀ ਇਕ ਵਾਰ ਫਿਰ ਉਸ ਨੇ ਮੇਰੇ ਵੱਲ੍ਹ ਆਉਣ ਦੀ ਕੋਸ਼ਿਸ਼ ਕੀਤੀ ਪਰ ਫਿਰ ਸ਼ੱਕੀ ਜਿਹੀਆਂ ਨਜ਼ਰਾਂ ਮਾਰ ਕੇ ਪਿੱਛੇ ਨੂੰ ਪਰਤ ਗਈ...!

>ਉਲਝਣ ਜਿਹੀ 'ਚ ਪਿਆ ਹੋਇਆ ਪਲੇਟ 'ਚ ਪਕੌੜੇ ਰੱਖ ਕੇ ਜਦ ਮੈਂ ਚਾਹ ਦਾ ਕੱਪ ਭਰ ਰਿਹਾ ਸਾਂ ਤਾਂ ਉਸੇ ਬੀਬੀ ਨੇ ਪਿੱਛਿਉਂ ਆ ਕੇ



ਮੇਰੀ ਕੂਹਣੀ 'ਤੇ ਪੋਲਾ ਜਿਹਾ ਹੱਥ ਮਾਰਿਆ!

>'ਸਤਿ ਸ੍ਰੀ ਅਕਾਲ ਭੈਣ ਜੀ'! ਮੇਰੀ ਬੁਲਾਈ ਫਤਹਿ ਨੂੰ ਅਣਗੌਲ਼ਿਆ ਜਿਹਾ ਕਰਕੇ ਉਹ ਬੀਬੀ ਕਹਿੰਦੀ-

>'ਭਾਅ ਜੀ ਮਾਈਂਡ ਨਾ ਕਰਿਉ... ਆਪਣੀ ਕਮੀਜ਼ ਦੇ ਬਟਨ ਠੀਕ ਕਰੋ!'

>ਸ਼ਰਮਿੰਦਾ ਹੁੰਦਿਆਂ ਮੈਂ ਫਟਾ-ਫਟ ਇਕ ਖੂੰਜੇ ਜਿਹੇ 'ਚ ਜਾ ਕੇ ਆਪਣੀ ਪੈਂਟ ਦੀ ਜ਼ਿੱਪ ਦੇਖੀ! ਇਹ ਸੋਚਦਿਆਂ ਕਿ ਉਸ ਬੀਬੀ ਨੇ 'ਲੇਡੀ' ਹੋਣ ਨਾਤੇ ਮੈਨੂੰ ਜ਼ਿੱਪ ਦੀ ਜਗਾਹ 'ਸੱਭਿਅਕ ਇਸ਼ਾਰੇ' ਨਾਲ 'ਬਟਨ ਠੀਕ' ਕਰਨ ਲਈ ਕਿਹਾ ਹੋਣਾ ਐਂ!

>ਪਰ ਜ਼ਿੱਪ ਠੀਕ-ਠਾਕ ਦੇਖ ਕੇ ਜਦ ਮੈਂ ਆਪਣੀ ਕਮੀਜ਼ ਦੇ ਬਟਨਾਂ ਵੱਲ ਧਿਆਨ ਮਾਰਿਆ ਤਾਂ ਮੈਂ ਕਾਲਰ ਹੇਠਲਾ ਪਹਿਲਾ ਇਕ 'ਕਾਜ਼' ਛੱਡ ਕੇ ਬਟਨ ਉਸ ਤੋਂ ਹੇਠਲੇ ਦੂਜੇ ਕਾਜ਼ ਨੂੰ ਲਾਇਆ ਹੋਇਆ ਸੀ!

>ਇੰਜ ਕਮੀਜ਼ ਦਾ ਬਟਨਾਂ ਵਾਲਾ ਇੱਕ ਪੱਲਾ, ਦੂਜੇ ਪੱਲੇ ਨਾਲੋਂ ਚੱਪਾ ਭਰ ਹੇਠਾਂ ਨੂੰ ਜੁਦਾ ਹੀ ਲਮਕ ਰਿਹਾ ਸੀ!!

>ਉਸ ਵੇਲੇ ਮੈਂ ਏਨਾ ਭੌਂਚਲ਼ਿਆ ਕਿ ਉਸ ਅਣਪਛਾਤੀ ਬੀਬੀ ਦਾ ਧੰਨਵਾਦ ਕਰੇ ਬਗੈਰ, ਲਾਗਲੇ ਕਮਰੇ 'ਚ ਵੜ ਕੇ ਕਮੀਜ਼ ਦੇ ਸਾਰੇ ਬਟਨ ਖੋਲ੍ਹ ਕੇ ਲਾਏ! ਫੇਰ ਉੱਤੇ ਸਮਾਗਮ ਵਿਚ ਗਿਆ! ਸਟੇਜ 'ਤੇ ਬੋਲਦਿਆਂ ਵੀ ਮੈਂ ਇਹ ਚੇਤੇ ਕਰ ਕੇ 'ਥੋੜ੍ਹਾ ਉੱਖੜਿਆ' ਜਿਹਾ ਰਿਹਾ ਕਿ ਸੰਗਤ ਵਿਚ ਬੈਠੀ ਉਹ ਬੀਬੀ ਮਨ ਵਿਚ ਜ਼ਰੂਰ ਹੱਸਦੀ ਹੋਵੇ ਗੀ!!

>ਸਮਾਪਤੀ ਉਪਰੰਤ ਘਰੇ ਵਾਪਸ ਮੁੜਦਿਆਂ ਮੈਨੂੰ ਅਮਰੀਕਾ ਬੈਠੀ ਆਪਣੀ ਘਰ ਵਾਲ਼ੀ ਦੀ ਬੜੀ ਯਾਦ ਆਈ, ਜੋ ਘਰੋਂ ਤੁਰਨ ਵੇਲੇ ਅਕਸਰ ਮੇਰੀ ਪੱਗ ਦੇ ਕੋਈ ਢਿੱਲੇ ਲੜ ਜਾਂ ਮੇਰੇ ਪਹਿਰਾਵੇ ਵਿਚ ਕੋਈ ਹੋਰ ਦਿਸਦੀ ਊਣਤਾਈ ਝੱਟ ਦਰੁਸਤ ਕਰਵਾਉਂਦੀ ਹੁੰਦੀ ਹੈ!!

## ਕਾਵਿ-ਕਿਆਰੀ

### ਡਰਾਮੇ

ਮਰਨ ਵਰਤ ਦੇ ਮਰਨ ਡਰਾਮੇ ਮੁੱਕ ਗਏ
ਜਿਨ੍ਹਾਂ ਲਗਵਾਏ ਧਰਨੇ ਓਹੀ ਚੁੱਕ ਗਏ।
ਜਿਨ੍ਹਾਂ ਦੀ ਸ਼ਹਿ 'ਤੇ ਆਕੜਦੇ ਸੀ ਆਕੜ ਖਾਂ
ਬਦਲੇ ਉਨ੍ਹਾਂ ਨੇ ਪਾਸੇ ਨਾਲ਼ੇ ਕੁੱਟ ਗਏ।
ਪਾਟੋ-ਧਾੜ ਅਤੇ ਖਹਿਬਾਜ਼ੀ ਦਾ ਨਤੀਜਾ ਜੋ
ਪ੍ਰਧਾਨਗੀਆਂ ਦੀ ਦੌੜ ਕਰਮ ਨੇ ਫੁੱਟ ਗਏ।
ਮੈਂ ਤੇ ਤੂੰ ਤੇ ਤੂੰ ਤੇ ਮੈਂ ਸਭ ਭੀੜਾਂ ਨੇ
ਚਮਚੇ ਖੀਰਾਂ ਖਾਂਦੇ ਵਕਤ ਪਿਆ ਲੁਕ ਗਏ।
ਵਾਹ ਮਾਲਕਾ ਵਾਹ ਗਰੀਬ ਦੀ ਕੀ ਕਿਸਮਤ
ਮਰ ਗਈ ਇੱਕ ਦਿਹਾੜੀ ਬੱਚਿਆਂ ਦੇ ਟੁੱਕ ਗਏ।
ਬੋਦਲ਼ਾਂ ਦਾ ਸੁੱਖਵਿੰਦਰ ਸੱਚੋ-ਸੱਚ ਲਿਖਦਾ ਹੈ
ਇਨ੍ਹਾਂ ਡਰਾਮਿਆਂ ਤੋਂ ਹੁਣ ਲੋਕੀਂ ਉੱਕ ਗਏ।

***-ਸੁੱਖਵਿੰਦਰ ਸਿੰਘ ਬੋਦਲ਼ਾਂਵਾਲਾ***

---

### ਸੰਭਾਲ਼ ਕੇ ਰੱਖ

ਜਵਾਨੀ ਚੜ੍ਹੀ ਹੈ ਇੱਕ ਦਿਨ ਲਹਿ ਜਾਣੀ,
ਗਰੂਰ ਝੂਠੇ ਨੂੰ ਜ਼ਰਾ ਸੰਭਾਲ਼ ਕੇ ਰੱਖ।

ਮਦਹੋਸ਼ ਹਿਰਨ ਹੈ ਧੁੰਨ ਵਿਚ ਕਸਤੂਰੀ,
ਸਰੂਰ ਐਸੇ ਨੂੰ ਜ਼ਰਾ ਸੰਭਾਲ਼ ਕੇ ਰੱਖ।

ਚੀਰ ਸੱਧਰਾਂ ਵਾਲ਼ਾ ਦੇਖ ਪਿਆ ਹੈ ਸੱਖਣਾ,
ਸੰਧੂਰ ਚਾਵਾਂ ਦਾ ਜ਼ਰਾ ਸੰਭਾਲ਼ ਕੇ ਰੱਖ।

ਗਹਿਰਾ ਫ਼ੱਟ ਇਸ਼ਕ ਦਾ ਹੈ ਵਿਗੜ ਜਾਂਦਾ,
ਨਸੂਰ ਬਣੇ ਨ ਜ਼ਰਾ ਸੰਭਾਲ਼ ਕੇ ਰੱਖ।

ਅੱਗ ਹਿਜ਼ਰ ਦੀ ਆਸ਼ਕ ਨੂੰ ਹੈ ਰਾੜ੍ਹ ਦਿੰਦੀ,
ਮਨੂਰ ਨ ਬਣੇ ਦਿਲ ਜ਼ਰਾ ਸੰਭਾਲ਼ ਕੇ ਰੱਖ।


ਡਿੱਗ ਕੇ ਅਕਾਸ਼ ਤੋਂ ਲਟਕਿਆ ਹੈ ਖਜੂਰ ਉੱਤੇ,
ਬੇਕਸੂਰ ਜਿੰਦ ਨੂੰ ਜ਼ਰਾ ਸੰਭਾਲ਼ ਕੇ ਰੱਖ।

ਬਾਜ਼ੀ ਜਿੱਤਣੀ ਚਾਹੁੰਦੈਂ ਮਨਾਂ ਜੇ ਜੱਗ ਉੱਤੇ,
ਬੇਕਸੂਰ ਦਿਲ ਨੂੰ ਜ਼ਰਾ ਸੰਭਾਲ਼ ਕੇ ਰੱਖ।

ਰਾਤ ਹਨ੍ਹੇਰੀ ਹੈ ਆਖਰ ਨੂੰ ਆ ਢੁਕਣੀ,
ਫ਼ਤੂਰ ਖੋਪੜੇ ਦਾ ਜ਼ਰਾ ਸੰਭਾਲ਼ ਕੇ ਰੱਖ।

***-ਸੇਵਾ ਸਿੰਘ 'ਨੂਰਪੁਰੀ'***

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਤਕੀਆ-ਕਲਾਮ

ਉਮਰ ਭਰ ਵੋ ਕਹਿਤੇ ਰਹੇ ਹਮ ਤੁਮਹਾਰੇ ਹੈਂ,
ਆਜ ਮਾਲੂਮ ਹੁਆ ਯੇ ਤੋ ਉਨਕਾ ਤਕੀਆ ਕਲਾਮ ਹੈ।

ਰੋਜ਼ਾਨਾ ਗੱਲਬਾਤ ਵਿਚ ਅਸੀਂ ਕਈ ਐਸੇ ਸ਼ਬਦਾਂ, ਵਾਕੰਸ਼ਾਂ ਜਾਂ ਵਾਕਾਂ ਦਾ ਵਰਤੋਂ ਕਰਦੇ ਹਾਂ ਜੋ ਆਦਤਨ ਬਾਰ-ਬਾਰ ਦੁਹਰਾਏ ਜਾਂਦੇ ਹਨ ਜਦ ਕਿ ਅਜਿਹੇ ਬੋਲ ਬੋਲਣ ਦੀ ਕੋਈ ਜਰੂਰਤ ਨਹੀਂ ਹੁੰਦੀ। ਕੁਝ ਬਹੁਤ ਵਰਤੇ ਜਾਣ ਵਾਲੇ ਪੰਜਾਬੀ ਭਾਸ਼ਾ ਦੇ ਅਜਿਹੇ ਬੋਲਾਂ ਦੀਆਂ ਵੰਨਗੀਆਂ ਪੇਸ਼ ਕਰਦੇ ਹਾਂ, 'ਮਖ, ਗੁਰੂ, ਕੀ ਦੱਸਾਂ, ਯਾਰ, ਸਮਝੇ?, ਨਹੀਂ ਸਮਝੇ?, ਜਮ੍ਹਾਂ ਹੀ, ਅਸਲ ਗੱਲ ਇਹ ਹੈ, ਮਤਲਬ ਕਿ, ਹੱਦ ਹੋ ਗਈ।' ਕਈ ਤਾਂ ਗੱਲ-ਗੱਲ 'ਤੇ ਗਾਲ੍ਹ ਹੀ ਕੱਢੀ ਜਾਣਗੇ। ਅਜਿਹੇ ਉਚਾਰਾਂ ਨੂੰ 'ਤਕੀਆ-ਕਲਾਮ' ਕਿਹਾ ਜਾਂਦਾ ਹੈ। ਵੱਧ-ਘੱਟ ਹਰ ਵਿਅਕਤੀ ਇਸ ਭਾਸ਼ਾਈ ਆਦਤ ਦਾ ਸ਼ਿਕਾਰ ਹੈ। ਇਹ ਬੋਲ ਗੱਲ-ਬਾਤ ਵਿਚ ਇੱਕ ਤਰ੍ਹਾਂ ਨਾਲ ਨਿਰਰਥਕ ਭਰਤੀ ਹੁੰਦੇ ਹਨ ਤੇ ਇਸ ਭਰਤੀ ਦੀ ਪ੍ਰਵਿਰਤੀ ਹਰ ਭਾਸ਼ਾ ਦੇ ਬੋਲਣਹਾਰਾਂ ਵਿਚ ਦੇਖੀ ਗਈ ਹੈ। ਜਿਵੇਂ ਅੰਗਰੇਜ਼ੀ ਵਿਚ, You see, I mean , the thing is ਵਗੈਰਾ ਵਗੈਰਾ। ਕਈ ਲੋਕ ਤਾਂ ਆਪਣੇ ਤਕੀਆ-ਕਲਾਮ ਵਿਚ ਇਸ ਹੱਦ ਤੱਕ ਕੈਦ ਹੋ ਜਾਂਦੇ ਹਨ ਕਿ ਉਹ ਇਕੋ ਫਿਕਰੇ ਵਿਚ ਇੱਕ ਤੋਂ ਵੱਧ ਵਾਰ ਇਸ ਨੂੰ ਦੁਹਰਾ ਦਿੰਦੇ ਹਨ। ਅਜਿਹਾ ਤਕੀਆ-ਕਲਾਮ ਅਕਸਰ ਸਰੋਤਿਆਂ ਨੂੰ ਚੁੱਭਣ ਵੀ ਲਗਦਾ ਹੈ। ਕੁਝ ਲੋਕ ਰਾਜਸੀ, ਧਾਰਮਕ ਜਾਂ ਕਲਾ ਖੇਤਰ ਦੇ ਆਪਣੇ ਨਾਇਕਾਂ 'ਤੇ ਏਨੇ ਫਿਦਾ ਹੁੰਦੇ ਹਨ ਕਿ ਉਹ ਉਨ੍ਹਾਂ ਦੇ ਤਕੀਆ ਕਲਾਮਾਂ ਦੀ ਨਕਲ ਕਰਕੇ ਖੁਦ ਅਪਨਾ ਲੈਂਦੇ ਹਨ। ਮਰਹੂਮ ਕਮਿਊਨਿਸਟ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਆਪਣੇ ਲੈਕਚਰਾਂ ਜਾਂ ਗੱਲਬਾਤ ਵਿਚ ਅਕਸਰ 'ਦੂਜੇ ਤੀਜੇ' ਸ਼ਬਦ ਦੀ ਦੁਹਰਾਈ ਕਰਦੇ ਸਨ। ਦਹਾਕਿਆਂ ਤੱਕ ਰਹੇ ਉਨ੍ਹਾਂ ਦੇ ਸਾਥੀ ਤੇ ਅਨੁਆਈ ਨੇਤਾ ਮੰਗਤ ਰਾਮ ਪਾਸਲਾ ਨੇ ਵੀ ਰੀਸੋ-ਰੀਸੀ ਜਾਂ ਅਚੇਤ ਹੀ ਇਹੋ ਤਕੀਆ-ਕਲਾਮ ਆਪਣਾ ਲਿਆ। ਬਾਅਦ ਵਿਚ ਪਾਸਲਾ ਸੁਰਜੀਤ ਦੇ ਨਾ ਸਿਰਫ ਵਿਰੁਧ ਹੀ ਹੋ ਗਿਆ ਬਲਕਿ ਉਸ ਨੇ ਬਰਾਬਰ ਨਵੀਂ ਪਾਰਟੀ ਵੀ ਬਣਾ ਲਈ ਪਰ ਉਸ ਦਾ ਤਕੀਆ ਕਲਾਮ ਅੱਜ ਤੱਕ ਉਹੋ ਹੈ।

ਦੇਖਿਆ ਗਿਆ ਹੈ ਕਿ ਕਈ ਵਾਰ ਤਕੀਆ ਕਲਾਮ ਬੰਦੇ ਦੀ ਅੱਲ ਜਾਂ ਛੇੜ ਵੀ ਬਣ ਜਾਂਦਾ ਹੈ। ਸਾਡੇ ਇੱਕ ਅਧਿਆਪਕ ਦਾ ਤਕੀਆ-ਕਲਾਮ 'ਸਮਝੇ' ਸੀ ਤੇ ਅਸੀਂ ਉਸ ਦਾ ਕੁਨਾਂ ਪਾ ਦਿੱਤਾ 'ਸਮਝਦਾਰ'। ਫਿਲਮਾਂ, ਟੀਵੀ ਦੇ ਲੜੀਵਾਰ ਨਾਟਕਾਂ, ਸਕਿੱਟਾਂ ਇਥੋਂ ਤੱਕ ਕਿ ਗਲਪ ਸਾਹਿਤ ਵਿਚ ਕਿਸੇ ਕਿਰਦਾਰ, ਖਾਸ ਤੌਰ 'ਤੇ ਖਲਨਾਇਕ ਜਾਂ ਕਾਮੇਡੀਅਨ ਨੂੰ ਨਿਵੇਕਲਾ ਦਿਖਾਉਣ ਲਈ ਉਸ ਦੇ ਸੰਵਾਦਾਂ ਵਿਚ ਤਕੀਆ ਕਲਾਮ ਫਿੱਟ ਕੀਤੇ ਜਾਂਦੇ ਹਨ। ਇਹ ਇਕ ਪੁਰਾਣੀ ਸਾਹਿਤਕ ਜੁਗਤ ਵੀ ਹੈ। ਜਸਵਿੰਦਰ ਭੱਲਾ ਆਪਣੀਆਂ ਫਿਲਮਾਂ ਅਤੇ ਹੋਰ ਪ੍ਰੋਗਰਾਮਾਂ ਵਿਚ ਇਸ ਦੀ ਬਹੁਤ ਵਰਤੋਂ ਕਰਦੇ ਹਨ ਜੋ ਕਈ ਵਾਰੀ ਕੰਨਾਂ ਨੂੰ ਖਟਕਦਾ ਵੀ ਹੈ। ਇਕ ਫਿਲਮ ਵਿਚ ਉਹ ਹਰ ਦੂਜੇ-ਚੌਥੇ ਫਿਕਰੇ ਵਿਚ 'ਮੈਂ ਤਾਂ ਭੰਨ ਦਊਂ ਬੂਲਾਂ ਨਾਲ ਖਰੋਟ' ਦੀ ਰੱਟ ਲਾਈ ਰੱਖਦਾ ਹੈ। ਹਿੰਦੀ ਫਿਲਮਾਂ ਵਿਚ ਵੀ ਇਸ ਦੀ ਖੂਬ ਵਰਤੋਂ ਹੋਈ ਹੈ। ਇੱਕ ਲੜੀਵਾਰ ਨਾਟਕ ਦੇ ਪਹਿਲੇ ਇੱਕ-ਦੋ ਸ਼ੋਆਂ ਵਿਚ ਤਾਂ ਪਟਕਥਾ ਲੇਖਕ ਨੇ ਆਪਣੇ ਪਾਤਰਾਂ 'ਤੋਂ ਕੋਈ ਤਕੀਆ ਕਲਾਮ ਨਹੀਂ ਬੁਲਵਾਇਆ ਪਰ ਬਾਅਦ ਦੀਆਂ ਕਿਸ਼ਤਾਂ ਵਿਚ ਇਸ ਦੀ ਵਰਤੋਂ ਵਧਦੀ ਹੀ ਗਈ ਜੋ ਪੰਜ ਹਜ਼ਾਰ ਤੱਕ ਪੁੱਜ ਗਈ। ਨਿਸਚੇ ਹੀ ਸ੍ਰੋਤੇ ਇਸ ਨੂੰ ਪਸੰਦ ਕਰਦੇ ਹੋਣਗੇ, ਜੋ ਲੇਖਕ ਨੇ ਇਹ ਜੁਗਤ ਅਪਣਾਈ। 'ਮਿਸਟਰ ਇੰਡੀਆ' ਵਿਚ ਅਮਰੀਸ਼ ਪੁਰੀ ਦਾ 'ਮਗੈਂਬੋ ਖੁਸ਼ ਹੂਆ' ਤਾਂ ਹਰ ਇਕ ਦੇ ਮੂੰਹ ਚੜ੍ਹ ਗਿਆ। ਸ਼ਤਰੂਘਨ ਸਿਨਹਾ ਲਗ-ਭਗ ਹਰ ਫਿਲਮ ਵਿਚ 'ਖਾਮੋਸ਼' ਬਹੁਤ ਵਾਰੀ ਬੋਲਦਾ ਹੈ। ਜੇ ਇੱਕ ਪਾਸੇ ਤਕੀਆ-ਕਲਾਮ ਬੋਲਣਹਾਰੇ ਦੇ ਆਲਸ ਵੱਲ ਸੰਕੇਤ ਕਰਦਾ ਹੈ ਤਾਂ ਦੂਜੇ ਪਾਸੇ ਉਸ ਨੂੰ ਸੋਚਣ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਸ੍ਰੋਤਿਆਂ ਪ੍ਰਤੀ ਸੰਚਾਰ ਨੂੰ ਸੁਗਮ, ਪ੍ਰਭਾਵਸ਼ਾਲੀ ਤੇ ਪ੍ਰਵਾਹਮਈ ਬਣਾਉਂਦਾ ਹੈ। ਤਕੀਆ ਕਲਾਮ ਨੂੰ ਨਿਰਾ ਤਕੀਆ ਵੀ ਕਿਹਾ ਜਾਂਦਾ ਹੈ ਤੇ ਸੁਖਨ-ਤਕੀਆ ਵੀ। ਪੰਜਾਬੀ ਵਿਚ ਇਸ ਨੂੰ 'ਮੂੰਹ ਚੜ੍ਹਿਆ ਸ਼ਬਦ' ਵੀ ਕਹਿ ਸਕਦੇ ਹਾਂ।




ਇੱਕ ਥਾਣੇਦਾਰ ਦਾ ਤਕੀਆ ਕਲਾਮ ਸੀ 'ਸ਼ੁਕਰੀਆ ਜੀ'। ਫਰਿਆਦੀ ਚਾਹੇ ਕਿਸੇ ਵੀ ਗੰਭੀਰ ਤੋਂ ਗੰਭੀਰ ਸ਼ਿਕਾਇਤ ਯਾਨੀ ਚੋਰੀ ਡਕੈਤੀ, ਕਤਲ ਤੱਕ ਦੀ ਰਿਪੋਰਟ ਲਿਖਾਉਣ ਆਇਆ ਹੋਵੇ, ਥਾਣੇਦਾਰ ਗੱਲ ਸੁਣ ਕੇ ਆਖ ਦਿੰਦਾ ਸੀ, 'ਸ਼ੁਕਰੀਆ ਜੀ'। ਇੱਕ ਦਿਨ ਇਕ ਬੰਦਾ ਆਪਣੇ ਕੰਮ ਤੋਂ ਪਹਿਲਾਂ ਹੀ ਰੁਖਸਤ ਹੋ ਕੇ ਘਰ ਗਿਆ ਤਾਂ ਉਸ ਨੇ ਦੇਖਿਆ ਕਿ ਘਰ ਵਿਚ ਉਸ ਦੀ ਪਤਨੀ ਕਿਸੇ ਹੋਰ ਬੰਦੇ ਨਾਲ ਹਮ-ਬਿਸਤਰ ਹੋਈ ਪਈ ਹੈ। ਉਸ ਨੂੰ ਏਨਾ ਗੁੱਸਾ ਆਇਆ ਕਿ ਉਸ ਨੇ ਗੋਲੀ ਮਾਰ ਕੇ ਦੋਵਾਂ ਦੀ ਹੱਤਿਆ ਕਰ ਦਿੱਤੀ ਤੇ ਖੁਦ ਥਾਣੇ ਪੇਸ਼ ਹੋ ਗਿਆ। ਉਸ ਨੇ ਥਾਣੇਦਾਰ ਨੂੰ ਸਾਰਾ ਵਾਕਿਆ ਸੱਚੋ-ਸੱਚ ਬਿਆਨ ਦਿੱਤਾ ਤਾਂ ਥਾਣੇਦਾਰ ਨੇ ਬੜੇ ਠਰ੍ਹੰਮੇ ਨਾਲ ਜਵਾਬ ਦਿੱਤਾ, 'ਸ਼ੁਕਰੀਆ ਜੀ'। ਹੈਰਾਨ ਹੋਏ ਮੁਲਜ਼ਿਮ ਨੇ ਪੁੱਛਿਆ ਕਿ ਮੈਂ ਏਨਾ ਗੰਭੀਰ ਜੁਰਮ ਕੀਤਾ ਹੈ, ਜਿਸ 'ਤੇ ਮੈਨੂੰ ਫਾਂਸੀ ਹੋ ਸਕਦੀ ਹੈ, ਪਰ ਤੁਸੀਂ ਕਹਿ ਰਹੇ ਹੋ 'ਸ਼ੁਕਰੀਆ ਜੀ' ਇਹ ਕੀ ਮਾਜਰਾ ਹੋਇਆ? ਥਾਣੇਦਾਰ ਦਾ ਜਵਾਬ ਸੀ ਕਿ ਭਾਵੇਂ 'ਸ਼ੁਕਰੀਆ ਜੀ' ਮੇਰਾ ਤਕੀਆ ਕਲਾਮ ਹੈ ਪਰ ਇਸ ਵਾਰੀ ਮੈਂ ਸੱਚ-ਮੁੱਚ ਸ਼ੁਕਰੀਆ ਕਹਿ ਰਿਹਾ ਹਾਂ, ਮੇਰਾ ਮਤਲਬ ਹੈ ਕਿ ਸ਼ੁਕਰ ਹੈ ਮੈਂ ਅੱਜ ਤੁਹਾਡੇ ਘਰ ਵਿਚ ਨਹੀਂ ਸੀ।

'ਤਕੀਆ-ਕਲਾਮ' ਸ਼ਬਦ-ਜੁੱਟ ਅਰਬੀ ਦੇ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। ਮੇਰੇ ਗਿਆਨ ਅਨੁਸਾਰ 'ਤਕੀਆ' ਅਰਬੀ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਸਹਾਰਾ ਅਤੇ ਸਿਰਹਾਣਾ ਹੈ ਤੇ 'ਕਲਾਮ' ਵੀ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਬੋਲ, ਵਚਨ, ਕਥਨ। ਇਸ ਤਰ੍ਹਾਂ, 'ਤਕੀਆ-ਕਲਾਮ' ਦਾ ਸ਼ਾਬਦਿਕ ਅਰਥ ਹੈ ਉਹ ਸ਼ਬਦ ਜਾਂ ਵਾਕ, ਜਿਸ ਦਾ ਵਿਅਕਤੀ ਬੋਲਦੇ ਸਮੇਂ ਸਹਾਰਾ ਲੈਂਦਾ ਹੈ। ਗੱਲ-ਬਾਤ ਜਾਂ ਭਾਸ਼ਣ ਦੌਰਾਨ ਆਮ ਤੌਰ 'ਤੇ ਸਾਨੂੰ ਲਗਾਤਾਰ ਗੱਲ ਨਹੀਂ ਔੜਦੀ ਇਸ ਲਈ ਆਦਤ ਬਣ ਚੁੱਕੇ ਸ਼ਬਦ ਵਿਚ ਵਾੜ ਕੇ ਆਪਣੀ ਕਮਜ਼ੋਰੀ ਲਈ ਸਹਾਰਾ ਲੈ ਲੈਂਦੇ ਹਾਂ। ਐਨ ਉਸੇ ਤਰਾਂ ਜਿਵੇਂ ਅਸੀਂ ਬਿਸਤਰ 'ਤੇ ਪਏ ਹੋਏ ਸਿਰ ਨੂੰ ਸਹਾਰਾ ਦੇਣ ਲਈ ਤਕੀਏ ਮਤਲਬ ਸਿਰਹਾਣੇ ਦਾ ਸਹਾਰਾ ਲੈਂਦੇ ਹਾਂ। ਅੱਜ ਕਲ੍ਹ ਆਮ ਤੌਰ 'ਤੇ ਪੰਜਾਬੀ ਵਿਚ ਤਕੀਆ ਸ਼ਬਦ ਸਿਰਹਾਣੇ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ ਪਰ ਗੁਰੂ ਅਰਜਨ ਦੇਵ ਨੇ ਇਹ ਸ਼ਬਦ ਸਹਾਰਾ ਦੇ ਅਰਥਾਂ ਵਿਚ ਵਰਤਿਆ ਹੈ, 'ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ'। 'ਮਹਾਨ ਕੋਸ਼' ਨੇ ਵੀ ਇਸ ਸ਼ਬਦ ਨੂੰ ਅਰਬੀ ਮੂਲ ਦਾ ਦੱਸਿਆ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ ਇਹ ਸ਼ਬਦ ਫਾਰਸੀ ਰਾਹੀਂ ਹੀ ਸਾਡੀਆਂ ਭਾਸ਼ਾਵਾਂ ਵਿਚ ਆਇਆ। ਸ਼ਾਇਦ ਇਸ ਦਾ ਸਿਰਹਾਣਾ ਅਰਥ ਫਾਰਸੀ ਵਿਚ ਹੀ ਵਿਕਸਿਤ ਹੋਇਆ। ਸੂਫੀ ਫਕੀਰਾਂ ਦੇ ਆਸ਼ਰਮ ਜਾਂ ਡੇਰੇ ਨੂੰ ਵੀ ਤਕੀਆ ਕਹਿੰਦੇ ਹਨ ਤੇ ਕਬਰਿਸਤਾਨ ਨੂੰ ਵੀ। ਕਾਨੂੰਨੀ ਤੌਰ ਤੇ ਇਹ ਵਕਫ਼ ਬੋਰਡ ਦੀ ਜਾਇਦਾਦ ਹੁੰਦੇ ਹਨ। ਪੰਜਾਬ ਦੇ ਅਨੇਕਾਂ ਪਿੰਡਾਂ ਵਿਚ ਤਕੀਏ ਮਿਲ ਜਾਂਦੇ ਹਨ। ਕਪੂਰਥਲਾ ਜ਼ਿਲੇ ਦੇ ਇੱਕ ਪਿੰਡ ਦਾ ਨਾਂ ਤਕੀਆ ਹੈ। ਤਕੀਆ ਸ਼ਬਦ ਦੇ ਮੂਲ ਵਿਚ ਅਰਬੀ ਧਾਤੂ ਵਾ-ਕਾਫ਼-ਯੇ ਹੈ ਜਿਸ ਵਿਚ ਝੁਕਣ, ਸਹਾਰਾ ਦੇਣ, ਢੋਅ ਲੈਣ, ਪੈਣ ਦੇ ਭਾਵ ਹਨ। ਇਸ ਦੇ ਅੱਗੇ ਤ ਅਗੇਤਰ ਲੱਗ ਕੇ ਤਕੀਆ ਸ਼ਬਦ ਬਣਦਾ ਹੈ ਅਤੇ 'ਮ' ਅਗੇਤਰ ਲੱਗ ਕੇ ਮੁਤੱਕਾ ਸ਼ਬਦ ਬਣਦਾ ਹੈ। ਅਰਬੀ ਵਿਚ 'ਮੁਤੱਕਾ' ਸ਼ਬਦ ਦੇ ਅਰਥ ਹਨ ਦੀਵਾਨ, ਓਟ, ਢੋਅ, ਸੋਫ਼ਾ, ਗੱਦੀ। ਕਿਧਰੇ ਕਿਧਰੇ ਸਿਰਹਾਣਾ ਵੀ ਮਿਲਦੇ ਹਨ। ਹਿੰਦੀ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਇਸ ਸ਼ਬਦ ਨੂੰ ਫਾਰਸੀ ਮੂਲ ਦਾ ਦੱਸ ਕੇ ਅੱਗੇ ਇਸ ਨੂੰ ਹਿੰਦ-ਇਰਾਨੀ ਤੇ ਹੋਰ ਅੱਗੇ ਭਾਰੋਪੀ ਮੂਲ ਦਾ ਸ਼ਬਦ ਦਰਸਾਇਆ ਹੈ। ਉਸ ਅਨੁਸਾਰ ਇਸ ਦਾ ਮੂਲ *ਤਕਸ਼ ਹੈ ਜਿਸ ਵਿਚ ਕੱਟਣ, ਤਰਾਸ਼ਣ ਦੇ ਭਾਵ ਹਨ। ਵਡਨੇਰਕਰ ਅਨੁਸਾਰ ਕੱਟ ਤਰਾਸ਼ ਕੇ ਬਣਾਈ ਜਾਂਦੀ ਡਾਟ, ਮਹਿਰਾਬ ਦੇ ਅਰਥਾਂ ਵਾਲਾ ਤਾਕ ਸ਼ਬਦ ਇਸੇ ਮੂਲ 'ਤੋਂ ਬਣਦਾ ਹੈ। ਇਹ ਆਲਾ, ਖਿੜਕੀ ਆਦਿ ਦੇ ਅਰਥਾਂ ਵਾਲਾ ਪੰਜਾਬੀ ਸ਼ਬਦ ਤਾਕ/ਤਾਕੀ ਹੀ ਹੈ। ਪਰ ਅਰਬੀ ਸ੍ਰੋਤ ਇਸ ਨੂੰ ਅਰਬੀ ਪਿਛੋਕੜ ਦਾ ਸ਼ਬਦ ਬਿਆਨਦੇ ਹਨ। ਇਸ ਲਈ ਮੇਰੀ ਵੋਟ ਇਸ ਦੇ ਅਰਬੀ ਪਿਛੋਕੜ ਵਾਲਾ ਸ਼ਬਦ ਹੋਣ ਦੇ ਪੱਖ ਵਿਚ ਹੈ। ਨਾਲ ਲਗਦੇ ਪੰਜਾਬੀ ਸਿਰਹਾਣਾ ਸ਼ਬਦ ਬਾਰੇ ਵੀ ਥੋੜੀ ਗੱਲ ਕਰ ਲੈਂਦੇ ਹਾਂ। ਇਸ ਦਾ ਸੰਸਕ੍ਰਿਤ ਰੂਪ ਹੈ 'ਸ਼ਿਰਆਧਾਨ' ਜੋ ਸ਼ਿਰਸ+ਆਧਾਨ ਤੋਂ ਬਣਿਆ। ਸ਼ਿਰਸ ਤਾਂ ਸਿਰ ਹੀ ਹੈ ਤੇ ਆਧਾਨ ਦਾ ਅਰਥ ਹੈ ਰੱਖਣ ਵਾਲਾ। ਅਸੀਂ ਇਸ ਸ਼ਬਦ ਨੂੰ ਇਸ ਦੇ ਇਕ ਹੋਰ ਰੂਪ 'ਦਾਨੀ/ਦਾਨ' ਦੇ ਰੂਪ ਵਿਚ ਦੇਖ ਸਕਦੇ ਹਾਂ। ਕੁਝ ਸ਼ਬਦ ਗਿਣਾਉਂਦੇ ਹਾਂ, ਮਸਾਲੇਦਾਨੀ, ਮੱਛਰਦਾਨੀ, ਕਲਮਦਾਨ, ਦਧੂਨਾ। ਸੋ ਸਿਰਹਾਣਾ ਦਾ ਸ਼ਾਬਦਿਕ ਅਰਥ ਹੋਇਆ ਜਿਸ ਤੇ ਸਿਰ ਰੱਖਿਆ ਜਾਵੇ।

'ਤਕੀਆ ਕਲਾਮ' ਦਾ ਦੂਸਰਾ ਸ਼ਬਦ 'ਕਲਾਮ' ਨਿਸਚੇ ਹੀ ਅਰਬੀ ਮੂਲ ਦਾ ਹੈ ਜਿਸ ਦਾ ਅਰਥ ਹੈ ਕਥਨ, ਬੋਲ, ਵਚਨ ਆਦਿ। ਇਸ ਦਾ ਸੈਮਿਟਿਕ ਮੂਲ ਕ-ਲ-ਮ ਹੈ ਜਿਸ ਵਿਚ ਕਥਨ ਦਾ ਭਾਵ ਹੈ। ਪੰਜਾਬੀ ਵਿਚ ਇਹ ਸ਼ਬਦ ਖੂਬ ਚਲਦਾ ਹੈ ਖਾਸ ਤੌਰ ਤੇ ਸਾਹਿਤਕ ਸੰਦਰਭ ਵਿਚ। ਏਥੇ ਅਸੀਂ ਇਸ ਦਾ ਅਰਥ ਕਿਸੇ ਕਵੀ ਆਦਿ ਦੇ ਕਹੇ ਹੋਏ ਕਾਵਿ-ਬੋਲਾਂ 'ਤੋਂ ਲੈਂਦੇ ਹਾਂ। ਕਿਸੇ ਦੀ ਪੂਰੀ ਲਿਖਤ ਨੂੰ ਵੀ ਕਲਾਮ ਕਹਿ ਦਿੱਤਾ ਜਾਂਦਾ ਹੈ ਜਿਵੇਂ ਸੁਲਤਾਨ ਬਾਹੂ ਦਾ ਕਲਾਮ, ਬੁੱਲੇ ਸ਼ਾਹ ਦਾ ਕਲਾਮ। ਕਿੱਸਿਆਂ ਵਿਚ ਕਿਸੇ ਪਾਤਰ ਦੀ ਗੁਫਤਗੂ ਨੂੰ ਕਲਾਮ ਕਿਹਾ ਜਾਂਦਾ ਹੈ ਜਿਵੇਂ 'ਕਲਾਮ ਕਾਜ਼ੀ', 'ਕਲਾਮ ਹੀਰ' ਆਦਿ। ਜਪੁਜੀ ਵਿਚ ਗੁਰੂ ਨਾਨਕ ਦੀ ਬਾਣੀ 'ਸਭਨਾ ਲਿਖਿਆ ਵੁੜੀ ਕਲਾਮ' ਵਿਚ ਰੱਬ ਵਲੋਂ ਲਿਖੇ ਕਥਨ ਦਾ ਹੀ ਭਾਵ ਹੈ। ਪਰ ਧਿਆਨ ਰਹੇ, ਇਸ ਸ਼ਬਦ ਦਾ ਕਾਨੀ, ਲੇਖਣੀ ਪੈਨ ਲਈ ਵਰਤੇ ਜਾਂਦੇ ਸ਼ਬਦ 'ਕਲਮ' ਨਾਲ ਕੋਈ ਸਬੰਧ ਨਹੀਂ ਜੋ ਕਿ ਪੈਰੀਂ ਬਿੰਦੀ ਵਾਲੇ ਕ (ਕ਼) ਨਾਲ ਸ਼ੁਰੂ ਹੁੰਦਾ ਹੈ। ਕਲਾਮ ਸ਼ਬਦ ਵਿਚ ਗੱਲ-ਬਾਤ ਦੇ ਭਾਵਾਂ ਤੋਂ ਬਹਿਸ, ਤਰਕ, ਦਲੀਲ, ਵਿਵਾਦ, ਬੋਲ-ਕੁਬੋਲ ਦੇ ਭਾਵ ਵੀ ਆ ਗਏ ਹਨ। ਕਲਾਮ ਤੋਂ ਬਦਕਲਾਮੀ ਸ਼ਬਦ ਬਣਦਾ ਹੈ ਜਿਸ ਦਾ ਅਰਥ ਗਾਲੀ-ਗਲੋਚ ਹੈ, ਮੰਦੇ ਬੋਲ, ਕੁਬੋਲ। ਕਈ ਮੁਸਲਮਾਨ ਨਾਵਾਂ ਵਿਚ ਵੀ ਕਲਾਮ ਸ਼ਬਦ ਆਉਂਦਾ ਹੈ ਜਿਵੇਂ ਭਾਰਤ ਦੇ ਪੁਰਾਣੇ ਸਿੱਖਿਆ ਮੰਤਰੀ ਅਬੁਲ ਕਲਾਮ ਅਜ਼ਾਦ ਅਤੇ ਇੱਕ ਰਹਿ ਚੁੱਕੇ ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਲਾਮ। ਅਸਲ ਵਿਚ ਕਲਾਮ ਅਰਬੀ ਕਲਮਾ ਦਾ ਬਹੁਵਚਨ ਹੈ ਜਿਸ ਵਿਚ ਕਥਨ, ਵਚਨ, ਸੁਖਨ ਦੇ ਭਾਵ ਹਨ। ਇਸਲਾਮ ਦੇ ਮੂਲ ਮੰਤਰ 'ਲਾ ਇਲਾਹ ਇੱਲਲਾਹੁ ਮੁਹੰਮਦੁੱਰਸੂਲੱਲਾਹ' ਨੂੰ ਕਲਿਮਾ ਕਿਹਾ ਜਾਂਦਾ ਹੈ ਜਿਸ ਦਾ ਪੰਜਾਬੀ ਵਿਚ ਅਨੁਵਾਦ ਹੋਵੇਗਾ 'ਰੱਬ ਬਿਨਾ ਕੋਈ ਪੂਜਣਯੋਗ ਨਹੀਂ, ਮੁਹੰਮਦ ਉਸ ਦਾ ਭੇਜਿਆ ਪੈਗੰਬਰ ਹੈ'। ਗੁਰੂ ਨਾਨਕ ਨੇ ਕਲਮਾ ਲਫ਼ਜ਼ ਵਰਤਿਆ ਹੈ, 'ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ'। ਏਥੇ ਸੱਚੇ ਮੁਸਲਮਾਨ ਬਣਨ ਦੀ ਨਸੀਹਤ ਦਿੱਤੀ ਹੈ। ਪਦ ਦਾ ਭਾਵ ਹੈ ਆਚਰਣ ਕਾਬਾ ਹੋਵੇ, ਸਚਾਈ ਤੇ ਟਿਕੇ ਰਹਿਣਾ ਪੀਰ ਹੋਵੇ ਤੇ ਨੇਕ ਅਮਲ ਕਲਮਾ ਬਣੇ। ਅਸਲ ਵਿਚ ਤਾਂ ਕਲਮਾ ਲਫ਼ਜ਼ ਵਿਚ ਇਸਲਾਮ ਪ੍ਰਤੀ ਪੂਰਨ ਨਿਸਚਾ ਰੱਖਣ ਦਾ ਭਾਵ ਹੈ। ਇਹ ਇਸਲਾਮ ਦੇ ਪੰਜ ਅਕੀਦਿਆਂ ਵਿਚੋਂ ਪਹਿਲਾ ਹੈ। ਇਸੇ ਨਾਲ ਸਬੰਧਤ ਇਕ ਹੋਰ ਸ਼ਬਦ ਹੈ ਕਲੀਮ ਜਿਸ ਦਾ ਅਰਥ ਹੈ ਕਲਾਮ ਕਰਨ ਵਾਲਾ, ਬੋਲਣਹਾਰਾ, ਵਕਤਾ। ਜਾਪੁ ਸਾਹਿਬ ਵਿਚ ਇਹ ਸ਼ਬਦ ਆਇਆ ਹੈ, 'ਕਿ ਸਰਬੰ ਕਲੀਮੈ'। ਕਈ ਮੁਸਲਮਾਨ ਨਾਵਾਂ ਵਿਚ ਕਲੀਮਾ ਸ਼ਬਦ ਆਉਂਦਾ ਹੈ ਜਿਵੇਂ ਪਾਕਿਸਤਾਨ ਦੇ ਇੱਕ ਮਸ਼ਹੂਰ ਸ਼ਾਇਰ ਤਜੱਮੁਲ ਕਲੀਮ, ਕਲੀਮੁਦੀਨ ਆਦਿ।

# ਜਦੋਂ ਸ਼ੱਕੀ ਪਤਨੀ ਨੇ ਅੰਨ੍ਹਾ ਕੇਸ ਹੱਲ ਕਰਵਾਇਆ

ਕਈ ਔਰਤਾਂ ਨੂੰ ਆਪਣੇ ਪਤੀ ਨੂੰ ਹਮੇਸ਼ਾਂ ਸ਼ੱਕ ਦੀ ਨਜ਼ਰ ਨਾਲ ਵੇਖਣ ਦੀ ਆਦਤ ਹੁੰਦੀ ਹੈ ਚਾਹੇ ਉਹ 100 ਸਾਲ ਦਾ ਬੁੱਢਾ ਹੀ ਕਿਉਂ ਨਾ ਹੋਵੇ। ਮੇਰੀ ਨੌਕਰੀ ਦੌਰਾਨ ਹੋਈ ਸਭ ਤੋਂ ਵੱਡੀ ਚੋਰੀ ਅਜਿਹੀ ਹੀ ਇੱਕ ਸ਼ੱਕੀ ਔਰਤ ਦੇ ਕਾਰਨ ਹੱਲ ਹੋਈ ਸੀ। ਮੈਂ ਇੱਕ ਸਬ-ਡਿਵੀਜ਼ਨ ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ ਕਿ ਇੱਕ ਦਿਨ ਸਵੇਰੇ 10 ਕੁ ਵਜੇ ਇੱਕ ਐਸ.ਐਚ.ਓ. ਦਾ ਫੋਨ ਆਇਆ, ਜੋ ਕਾਫੀ ਘਬਰਾਇਆ ਹੋਇਆ ਸੀ। ਉਸ ਨੇ ਦੱਸਿਆ ਕਿ ਉਸ ਦੇ



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਫੋਨ:95011-00062

ਇਲਾਕੇ ਦੇ ਇੱਕ ਬੈਂਕ ਵਿਚ ਚੋਰੀ ਹੋ ਗਈ ਹੈ। ਕੁਦਰਤੀ ਘਟਨਾ ਮੇਰੇ ਦਫਤਰ ਦੇ ਨਜ਼ਦੀਕ ਹੀ ਘਟੀ ਸੀ ਜਿਸ ਕਾਰਨ ਮੈਂ 10-15 ਮਿੰਟਾਂ ਵਿਚ ਹੀ ਮੌਕੇ 'ਤੇ ਪਹੁੰਚ ਗਿਆ। ਜਿਸ ਬੈਂਕ ਦੀ ਸ਼ਾਖਾ ਵਿਚ ਡਾਕਾ ਪਿਆ ਸੀ, ਉਹ ਸੋਨਾ ਗਿਰਵੀ ਰੱਖ ਕੇ ਕਰਜ਼ਾ ਦੇਣ ਵਾਲੀ ਇੱਕ ਪ੍ਰਸਿੱਧ ਬੈਂਕ ਸੀ ਜਿਸ ਦੀਆਂ ਭਾਰਤ ਭਰ ਵਿਚ ਸ਼ਾਖਾਵਾਂ ਸਨ। ਜਦੋਂ ਮੈਨੇਜਰ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਬੈਂਕ ਦੀਆਂ ਚਾਬੀਆਂ ਉਸ ਕੋਲ ਹੁੰਦੀਆਂ ਹਨ। ਅੱਜ ਸਵੇਰੇ ਜਦੋਂ ਉਸ ਨੇ ਬੈਂਕ ਖੋਲ੍ਹਿਆ ਤਾਂ ਪਤਾ ਲੱਗਾ ਕਿ ਲਾਕਰ ਰੂਮ ਦਾ ਦਰਵਾਜ਼ਾ ਗੈਸ ਕਟਰ ਨਾਲ ਕੱਟ ਕੇ ਚੋਰਾਂ ਨੇ 18 ਕਿੱਲੋ ਸੋਨਾ ਚੋਰੀ ਕਰ ਲਿਆ ਹੈ।

ਉਸ ਬੈਂਕ ਵਿਚ ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਰਹਿੰਦੀ ਸੀ ਇਸ ਕਾਰਨ ਲੱਗਦਾ ਸੀ ਕਿ ਚੋਰਾਂ ਨੇ ਸ਼ਨੀਵਾਰ ਨੂੰ ਬੈਂਕ ਵਿਚ ਘੁਸਪੈਠ ਕੀਤੀ ਸੀ ਤੇ ਅਰਾਮ ਨਾਲ ਦੋ ਦਿਨ ਲਾਕਰ ਦਾ ਦਰਵਾਜ਼ਾ ਕੱਟਦੇ ਰਹੇ ਸਨ। 18 ਕਿੱਲੋ ਸੋਨਾ ਅੱਜ ਦੇ ਹਿਸਾਬ ਨਾਲ 15-16 ਕਰੋੜ ਦੇ ਬਰਾਬਰ ਹੈ। ਵਾਰਦਾਤ ਵੱਡੀ ਹੋਣ ਕਾਰਨ ਜ਼ਿਲ੍ਹੇ ਦਾ ਐਸ.ਐਸ.ਪੀ. ਮੌਕੇ 'ਤੇ ਪਹੁੰਚ ਗਿਆ ਤੇ ਹਰ ਹਾਲਤ ਵਿਚ ਕੇਸ ਟਰੇਸ ਕਰਨ ਦੀ ਹਦਾਇਤ ਕੀਤੀ। ਉਸ ਦੇ ਜਾਣ ਤੋਂ ਬਾਅਦ ਮੈਂ ਸਿਆਣੇ ਮੁਲਾਜ਼ਮਾਂ ਦੀ ਇੱਕ ਟੀਮ ਗਠਿਤ ਕੀਤੀ ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਦੋ ਕੁ ਦਿਨਾਂ ਬਾਅਦ ਇੱਕ ਸਿਆਣੇ ਹੌਲਦਾਰ ਨੇ ਦੱਸਿਆ ਕਿ ਬਜ਼ਾਰ ਵਿਚ ਚਰਚਾ ਹੈ ਕਿ ਜਿਸ ਦਿਨ ਦਾ ਡਾਕਾ ਪਿਆ ਹੈ, ਬੈਂਕ ਦੇ ਸਾਹਮਣੇ ਵਾਲੀ ਦੁਕਾਨ ਬੰਦ ਹੈ। ਜਦੋਂ ਅਸੀਂ ਉਸ ਦੁਕਾਨ 'ਤੇ ਪਹੁੰਚੇ ਤਾਂ ਉਥੇ ਜਿੰਦਰਾ ਵੱਜਾ ਹੋਇਆ ਸੀ। ਗੁਆਂਢੀ ਦੁਕਾਨਦਾਰਾਂ ਤੋਂ ਪਤਾ ਲੱਗਾ ਕਿ ਇਹ ਦੁਕਾਨ ਚੰਪਕ ਲਾਲ (ਕਾਲਪਨਿਕ ਨਾਮ) ਦੀ ਹੈ, ਜੋ ਉਸ ਨੇ ਡੇਢ-ਦੋ ਮਹੀਨੇ ਪਹਿਲਾਂ ਕੁਝ ਵਿਅਕਤੀਆਂ ਨੂੰ ਕਿਰਾਏ 'ਤੇ ਦਿੱਤੀ ਸੀ। ਚੰਪਕ ਲਾਲ ਨੂੰ ਥਾਣੇ ਬੁਲਾਇਆ ਗਿਆ ਤਾਂ ਉਸ ਨੇ ਦੱਸਿਆ ਕਿ ਇਹ ਦੁਕਾਨ ਉਸ ਨੇ ਦਸ ਹਜ਼ਾਰ ਮਹੀਨਾ ਕਿਰਾਏ 'ਤੇ ਗੇਜਾ ਸਿੰਘ (ਕਾਲਪਨਿਕ ਨਾਮ) ਨੂੰ ਦਿੱਤੀ ਸੀ। ਉਸ ਨੂੰ ਨਾਲ ਲਿਜਾ ਕੇ ਜਦੋਂ ਦੁਕਾਨ ਦਾ ਤਾਲਾ ਤੋੜਿਆ ਗਿਆ ਤਾਂ ਅੰਦਰ ਕੁਝ ਵੀ ਨਹੀਂ ਸੀ।

ਮਜੀਦ ਪੁੱਛ ਪੜਤਾਲ ਕਰਨ 'ਤੇ ਚੰਪਕ ਲਾਲ ਨੇ ਦੱਸਿਆ ਕਿ ਉਸ ਨੇ ਦੁਕਾਨ ਕਿਰਾਏ 'ਤੇ ਦੇਣ ਸਮੇਂ ਗੇਜਾ ਸਿੰਘ ਦੇ ਅਧਾਰ ਕਾਰਡ ਦੀ ਕਾਪੀ ਲਈ ਸੀ, ਜੋ ਉਸ ਨੇ ਸਾਨੂੰ ਦੇ ਦਿੱਤੀ। ਜਿਵੇਂ ਕਿ ਉਮੀਦ ਸੀ, ਉਹ ਜਾਅਲੀ ਨਿਕਲੀ ਤੇ ਉਸ 'ਤੇ ਲੱਗੀ ਫੋਟੋ ਬਹੁਤ ਹੀ ਖਰਾਬ ਹਾਲਤ ਵਿਚ ਸੀ। ਦੋ ਚਾਰ ਦਿਨਾਂ ਬਾਅਦ ਮੈਂ ਚੰਪਕ ਲਾਲ ਨੂੰ ਫਿਰ ਆਪਣੇ ਦਫਤਰ ਬੁਲਾਇਆ ਤੇ ਪੁੱਛਿਆ ਕਿ ਉਹ ਕੋਈ ਅਜਿਹੀ ਗੱਲ ਬਾਰੇ ਸੋਚੇ ਜੋ ਅਸੀਂ ਪੁੱਛਣਾ ਜਾਂ ਉਹ ਦੱਸਣਾ ਭੁੱਲ ਗਿਆ ਹੋਵੇ। ਉਹ ਦਸ ਪੰਦਰਾਂ ਮਿੰਟ ਸੋਚ ਕੇ ਬੋਲਿਆ ਕਿ ਗੇਜਾ ਸਿੰਘ ਨੇ ਸੰਪਰਕ ਕਰਨ 'ਤੇ ਉਸ ਨੂੰ ਆਪਣਾ ਇੱਕ ਮੋਬਾਈਲ ਨੰਬਰ ਵੀ ਦਿੱਤਾ ਸੀ। ਮੈਂ ਫੌਰਨ ਉਸ ਮੋਬਾਈਲ 'ਤੇ ਕਾਲ ਕੀਤੀ ਤਾਂ ਉਹ ਅੱਗੋਂ ਬੰਦ ਮਿਲਿਆ। ਮੈਂ ਉਸੇ ਵੇਲੇ ਸਬੰਧਿਤ ਥਾਣੇ ਦੇ ਐਸ.ਐਚ.ਉ. ਨੂੰ ਬੁਲਾਇਆ ਤੇ ਉਸ ਨੰਬਰ ਦੀ ਕਾਲ ਡਿਟੇਲ ਕਢਵਾਉਣ ਲਈ ਕਿਹਾ। ਕੇਸ ਬਹੁਤ ਹਾਈ ਪ੍ਰੋਫਾਈਲ ਸੀ, ਸੋ ਦੋ ਦਿਨ ਵਿਚ ਹੀ ਕਾਲ ਡਿਟੇਲ ਆ ਗਈ। ਉਸ ਨੰਬਰ ਤੋਂ ਸਿਰਫ ਤਿੰਨ ਬੰਦਿਆਂ ਨੂੰ, ਜੋ ਕਿ ਉਸ ਦੇ ਸਾਥੀ ਸਨ, ਫੋਨ ਹੁੰਦਾ ਸੀ। ਜਦੋਂ ਉਨ੍ਹਾਂ ਦੇ ਨੰਬਰਾਂ 'ਤੇ ਕਾਲ ਕੀਤੀ ਗਈ ਤਾਂ ਉਹ ਵੀ ਬੰਦ ਮਿਲੇ। ਜਿਸ ਦੁਕਾਨਦਾਰ ਤੋਂ ਦੋ ਕੁ ਮਹੀਨੇ ਪਹਿਲਾਂ ਸਿਮ ਨੰਬਰ ਅਤੇ ਮੋਬਾਈਲ ਖਰੀਦੇ ਗਏ ਸਨ, ਉਸ ਦੀ ਪੁੱਛ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਉਥੇ ਵੀ ਚੰਪਕ ਲਾਲ ਵਾਲਾ ਹੀ ਅਧਾਰ ਕਾਰਡ ਦਿੱਤਾ ਗਿਆ ਸੀ।

ਤਫਤੀਸ਼ ਮੁੜ-ਘਿੜ ਕੇ ਫਿਰ ਜ਼ੀਰੋ 'ਤੇ ਪਹੁੰਚ ਗਈ। ਮੈਂ ਕਾਲ ਡਿਟੇਲ ਐਸ.ਐਚ.ਓ. ਤੋਂ ਲੈ ਕੇ ਦੁਬਾਰਾ ਘੋਖਣ ਲੱਗ ਗਿਆ ਤਾਂ ਵੇਖਿਆ ਕਿ ਡਾਕੇ ਤੋਂ ਹਫਤਾ ਕੁ ਪਹਿਲਾਂ ਗੇਜੇ ਦੇ ਨੰਬਰ ਤੋਂ ਕਿਸੇ ਨੰਬਰ 'ਤੇ ਦੋ - ਤਿੰਨ ਸਕਿੰਟ ਦੀ ਕਾਲ ਹੋਈ ਸੀ। ਮੈਂ ਉਸ ਨੰਬਰ 'ਤੇ ਕਾਲ ਕੀਤੀ ਤਾਂ ਉਹ ਫੋਨ ਚੱਲ ਰਿਹਾ ਸੀ। ਅੱਗੋਂ ਇੱਕ ਔਰਤ ਦੀ ਅਵਾਜ਼ ਆਈ ਤਾਂ ਮੈਂ ਉਸ ਨੂੰ ਝੂਠ ਮਾਰ ਦਿੱਤਾ ਕਿ ਕੀ ਇਹ ਸੁੱਚਾ ਸਿੰਘ ਦਾ ਨੰਬਰ ਹੈ? ਉਸ ਨੇ ਕਿਹਾ ਨਹੀਂ ਜੀ, ਇਹ ਸੁੱਚਾ ਸਿੰਘ ਦਾ ਨੰਬਰ ਨਹੀਂ ਹੈ। ਮੈਂ ਇਹ ਕਹਿ ਕੇ ਸੌਰੀ ਰੌਂਗ ਨੰਬਰ ਲੱਗ ਗਿਆ ਹੈ, ਫੋਨ ਕੱਟ ਦਿੱਤਾ। ਜਦੋਂ ਉਸ ਨੰਬਰ ਦਾ ਐਡਰੈਸ ਅਤੇ ਕਾਲ ਡਿਟੇਲ ਕਢਵਾਈ ਗਈ ਤਾਂ ਪਤਾ ਲੱਗਾ ਕਿ ਉਹ ਪਿੰਡ ਸਮਾਣੇ ਤੋਂ 8-10 ਕਿ.ਮੀ. ਦੂਰ ਹਰਿਆਣੇ ਵਿਚ ਪੈਂਦਾ ਹੈ।

ਅਸੀਂ ਅਗਲੇ ਦਿਨ ਤੜਕੇ ਚਾਰ ਵਜੇ ਹੀ ਉਸ ਘਰ 'ਤੇ ਰੇਡ ਕਰ ਦਿੱਤੀ ਤੇ ਗੇਜਾ ਸਿੰਘ ਕਾਬੂ ਆ ਗਿਆ। ਉਸ ਵਿਅਕਤੀ ਦਾ ਅਸਲ ਨਾਮ ਗੇਜਾ ਸਿੰਘ ਨਹੀਂ ਬਲਕਿ ਹਰੀ ਰਾਮ (ਕਾਲਪਨਿਕ ਨਾਮ) ਸੀ। ਥਾਣਾ ਸਮਾਣਾ ਲਿਆ ਕੇ ਜਦੋਂ ਉਸ ਦੀ ਟਹਿਲ ਸੇਵਾ ਕੀਤੀ ਗਈ ਤਾਂ ਉਹ ਤੋਤੇ ਵਾਂਗ ਬੋਲਣ ਲੱਗ ਪਿਆ। ਉਸ ਨੇ ਆਪਣੇ ਖੇਤਾਂ ਵਿਚ ਦਬਾ ਕੇ ਰੱਖਿਆ ਹੋਇਆ ਸਾਰਾ ਸੋਨਾ ਵੀ ਬਰਾਮਦ ਕਰਵਾ ਦਿੱਤਾ ਤੇ ਤਿੰਨੇ ਸਾਥੀ ਵੀ ਗ੍ਰਿਫਤਾਰ ਕਰਵਾ ਦਿੱਤੇ। ਹਰੀ ਰਾਮ 'ਤੇ ਹਰਿਆਣੇ ਦੇ ਵੱਖ ਵੱਖ ਥਾਣਿਆਂ ਵਿਚ ਚੋਰੀ, ਖੋਹ ਆਦਿ ਦੇ ਦਰਜਨਾਂ ਮੁਕੱਦਮੇ ਦਰਜ ਸਨ ਤੇ ਉਸ ਵੇਲੇ ਉਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ।

ਹੁਣ ਗੱਲ ਕਰਦੇ ਹਾਂ ਉਸ ਦੋ ਸਕਿੰਟ ਦੀ ਮਿੱਸ ਕਾਲ ਦੀ ਜਿਸ ਨੇ ਸਾਰਾ ਮਾਮਲਾ ਹੱਲ ਕਰਵਾਇਆ ਸੀ। ਹਰੀ ਰਾਮ ਦੀ ਪਤਨੀ ਸੁਨੀਤਾ ਰਾਣੀ (ਕਾਲਪਨਿਕ ਨਾਮ) ਬਹੁਤ ਹੀ ਸ਼ੱਕੀ ਕਿਸਮ ਦੀ ਔਰਤ ਸੀ। ਇੱਕ ਦਿਨ ਉਸ ਨੇ ਵੇਖਿਆ ਕਿ ਹਰੀ ਰਾਮ ਦੇ ਸਿਰਹਾਣੇ ਥੱਲੇ ਇੱਕ ਹੋਰ ਮੋਬਾਈਲ ਫੋਨ ਪਿਆ ਹੈ। ਉਸ ਦਾ ਸ਼ੱਕ ਹੋਰ ਗਹਿਰਾ ਹੋ ਗਿਆ ਕਿ ਇਹ ਨਵਾਂ ਮੋਬਾਈਲ ਹਰੀ ਰਾਮ ਨੇ ਆਪਣੀਆਂ ਗਰਲ ਫਰੈਂਡਾਂ ਨਾਲ ਗੱਲਾਂ ਬਾਤਾਂ ਮਾਰਨ ਲਈ ਲਿਆ ਹੋਣਾ ਹੈ। ਉਸ ਵੇਲੇ ਹਰੀ ਰਾਮ ਨਹਾ ਰਿਹਾ ਸੀ, ਸੋ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਉਸ ਨੇ ਮੋਬਾਈਲ ਨੂੰ ਔਨ ਕਰ ਕੇ ਆਪਣੇ ਫੋਨ 'ਤੇ ਮਿੱਸ ਕਾਲ ਮਾਰ ਕੇ ਨੰਬਰ ਸੇਵ ਕਰ ਲਿਆ। ਜਦੋਂ ਹਰੀ ਰਾਮ ਨਹਾ ਕੇ ਬਾਹਰ ਨਿਕਲਿਆ ਤਾਂ ਉਸ ਨੇ ਉਸ ਨਾਲ ਨਵੇਂ ਮੋਬਾਈਲ ਕਾਰਨ ਰੱਜ ਕੇ ਲੜਾਈ ਝਗੜਾ ਕੀਤਾ। ਪਰ ਉਸ ਦੀ ਮਿੱਸ ਕਾਲ ਤੇ ਸ਼ੱਕੀ ਤਬੀਅਤ ਕਾਰਨ ਸਾਡਾ ਕੇਸ ਟਰੇਸ ਹੋ ਗਿਆ ਤੇ ਸਿਰਦਰਦੀ ਖਤਮ ਹੋਈ।

# ਕੌਣ ਚੁੱਕਦੇ ਨੇ ਡੀ.ਸੀ. ਦੀ ਰਸੋਈ ਦਾ ਖਰਚਾ?

## ਸਾਬਕਾ ਡੀ.ਸੀ. ਹਰਕੇਸ਼ ਸਿੱਧੂ ਦੀ ਆਤਮਕਥਾ 'ਚ ਵੱਡੇ ਖੁਲਾਸੇ

ਅਕਸਰ ਕਿਹਾ ਜਾਂਦਾ ਹੈ ਕਿ ਜੱਟ ਤਾਂ ਸੁਹਾਗੇ 'ਤੇ ਚੜ੍ਹਿਆ ਮਾਨ ਨਹੀਂ ਹੁੰਦਾ, ਜੇਕਰ ਡੀ.ਸੀ. ਲੱਗ'ਜੇ ਫਿਰ ਤਾਂ ਕਹਿਣਾ ਹੀ ਕੀ। ਹਰਕੇਸ਼ ਸਿੱਧੂ ਜੱਟਾਂ ਦਾ ਮੁੰਡਾ ਵੀ ਹੈ। ਉਹ ਸੁਹਾਗੇ 'ਤੇ ਵੀ ਚੜ੍ਹਿਆ ਤੇ ਸੁਹਾਗਾ ਫੇਰਿਆ ਵੀ ਹੈ। ਉਹ ਸਰਪੰਚ ਵੀ ਰਿਹਾ ਹੈ ਤੇ ਡੀ.ਸੀ. ਵੀ। ਪਰ ਉਸਨੂੰ ਇਹ ਸਭ ਕੁਝ ਦਾ ਕਦੇ ਘਮੰਡ ਨਹੀਂ ਰਿਹਾ, ਕਿਉਂਕਿ ਉਹ ਗੁਰੂ ਦੇ ਭਾਣੇ 'ਚ ਵਿਚਰਨ ਵਾਲਾ ਸ਼ਖਸ ਹੈ। ਗੁਰਬਾਣੀ ਉਸਦਾ ਓਟ-ਆਸਰਾ ਰਹੀ ਹੈ ਤੇ ਹੁਣ ਵੀ ਹੈ। ਗੁਰੂ ਦਾ ਭੈਅ ਉਸਦੇ ਅੰਗ-ਸੰਗ ਰਿਹਾ ਹੈ।



**ਸਰਬਜੀਤ ਧਾਲੀਵਾਲ**
**ਫੋਨ: 98141-23338**

ਇਸ ਭੈਅ ਅਧੀਨ ਵਿਚਰਦਿਆਂ ਹੋਇਆ ਹੀ ਉਸਨੇ ਆਪਣੀ ਸਰਪੰਚੀ, ਸਰਕਾਰੀ ਵਕੀਲ ਤੇ ਡੀ.ਸੀ. ਦੇ ਕਾਰਜ ਨੂੰ ਨਿਭਾਇਆ ਹੈ। ਆਪਣੀ ਅਣਖ ਤੇ ਜ਼ਮੀਰ ਨਾਲ ਸਮਝੌਤਾ ਨਹੀਂ ਕੀਤਾ ਤੇ ਕਿਸੇ ਨਾਢੂਖਾਨ ਨੂੰ ਆਪਣੇ ਸਾਹਮਣੇ ਖੰਗਣ ਨਹੀਂ ਦਿੱਤਾ।


ਸੰਗਰੂਰ ਜਿਲ੍ਹੇ ਦੇ ਆਪਣੇ ਪਿੰਡ ਲਾਡਬਣਜਾਰੇ ਜਨਮਿਆ ਹਰਕੇਸ਼ ਸਿੰਘ ਸਿੱਧੂ ਦਾ ਬਚਪਨ ਕਠਿਨਾਈਆਂ, ਮੁਸ਼ਕਿਲਾਂ ਤੇ ਹਾਦਸਿਆਂ ਭਰਿਆ ਰਿਹਾ। ਉਸਨੇ ਆਪਣਾ ਜ਼ਿੰਦਗੀਨਾਮਾ ਆਪੇ ਲਿਖੀ ਕਿਤਾਬ 'ਸਰਪੰਚ ਤੋਂ ਡੀ. ਸੀ ਤਕ' ਵਿਚ ਵਡੀ ਇਮਾਨਦਾਰੀ ਨਾਲ ਕਲਮਬੰਦ ਕੀਤਾ ਹੈ। ਉਹ ਹਾਲੇ ਬਚਪਨ ਦੀ ਦਹਿਲੀਜ 'ਤੇ ਖੇਡ ਹੀ ਰਿਹਾ ਸੀ ਕਿ ਉਸਦੇ ਪਿਤਾ ਤੇ ਦਾਦਾ ਦਾ ਕਤਲ ਹੋ ਗਿਆ। ਜਿਥੇ ਉਹ ਆਪਣੇ ਪਿਉ-ਦਾਦੇ ਦੀ ਵਿਰਾਸਤ ਦਾ ਵਾਰਿਸ ਬਣਿਆ, ਉਥੇ ਉਸਨੂੰ ਬਚਪਨ 'ਚ ਹੀ ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਦਰਦ ਹੰਢਾਉਣਾ ਪਿਆ। ਉਸਦੇ ਨਾਨਾ ਉਸਨੂੰ ਤੇ ਉਸਦੀ ਮਾਤਾ ਨੂੰ ਆਪਣੇ ਪਿੰਡ ਸੰਗਤੀਵਾਲਾ ਲੈ ਗਏ ਤੇ ਉਨ੍ਹਾਂ ਦੀ ਪਰਵਰਿਸ਼ ਆਪਣੇ ਨਾਨਾ ਸ. ਹਰੀ ਨੰਦ ਸਿੰਘ ਦੀ ਦੇਖ ਰੇਖ 'ਚ ਹੋਈ। ਨਾਨਾ ਜੀ ਧਾਰਮਿਕ ਬਿਰਤੀ ਵਾਲੇ ਸਨ ਤੇ ਇਸ ਦਾ ਹਰਕੇਸ਼ ਸਿੰਘ ਸਿੱਧੂ ਦੇ ਜੀਵਨ 'ਤੇ ਗਹਿਰਾ ਅਸਰ ਪਿਆ। ਇਸ ਕਰਕੇ ਉਹ ਮੀਟ ਤੇ ਸ਼ਰਾਬ ਵਰਗੀਆਂ ਅਲਾਮਤਾਂ 'ਤੋਂ ਬਚਿਆ ਰਿਹਾ।

ਉਸਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਵਿਚਰਣ ਦਾ ਮੌਕਾ ਮਿਲਿਆ। ਉਹ ਨਾਨਕੇ ਘਰ ਵੱਡਾ ਹੋਇਆ, ਸਰਕਾਰੀ ਸਕੂਲ 'ਚ ਪੜ੍ਹਿਆ, ਫਿਰ ਪ੍ਰਾਈਵੇਟ ਵੀ ਪੜ੍ਹਿਆ, ਨੌਕਰੀ ਕਰਦਿਆਂ ਵੀ ਪੜ੍ਹਦਾ ਰਿਹਾ, ਪੜ੍ਹਦੇ ਸਮੇਂ ਸ਼ਰਾਰਤਾਂ ਕੀਤੀਆਂ, ਸੱਟਾਂ ਖਾਧੀਆਂ, ਸੱਟ ਖਾ ਕੇ ਸਬਕ ਸਿਖਿਆ ਤੇ ਮਿਹਨਤ ਕਰਨ ਵੱਲ ਮੋੜਾ ਕੱਟਿਆ, ਅਨੇਕਾਂ ਨੌਕਰੀਆਂ ਕੀਤੀਆਂ ਤੇ ਛੱਡੀਆਂ, ਵਕੀਲ ਬਣਿਆ, ਸਰਕਾਰੀ ਵਕੀਲ ਬਣਿਆ ਤੇ ਫਿਰ ਨੌਕਰੀ ਛੱਡ ਕੇ ਸਰਪੰਚੀ ਕੀਤੀ, ਸਿਆਸਤ ਕੀਤੀ, ਨੌਕਰੀ ਤੋਂ ਛੁੱਟੀ ਲੈ ਕੇ ਐਸ.ਜੀ.ਪੀ.ਸੀ ਦੀ ਚੋਣ ਲੜੀ, ਪੱਤਰਕਾਰੀ ਚ ਡਿਗਰੀ ਹਾਸਿਲ ਕੀਤੀ ਤੇ ਧਰਮ ਅਧਿਆਇਨ ਦੀ ਐਮ.ਏ. ਤੇ ਪੀਐਚਡੀ ਕੀਤੀ। ਫਿਰ ਪੀ.ਸੀ.ਐਸ. ਅਧਿਕਾਰੀ ਬਣਿਆ ਤੇ ਮੈਜਿਸਟ੍ਰੇਟ, ਐਸ.ਡੀ.ਐਮ. ਵੀ ਲੱਗਿਆ। ਫਿਰ ਆਈ.ਏ.ਐਸ. ਵਜੋਂ ਤਰੱਕੀ ਹੋਈ ਤੇ ਡੀ.ਸੀ ਬਣਿਆ ਤੇ ਕਈ ਮਹਿਕਮਿਆਂ ਦਾ ਮੁਖੀ ਬਣਨ ਦਾ ਮੁਕਾਮ ਹਾਸਿਲ ਕੀਤਾ।

ਅਫ਼ਸਰੀ ਕਰਦੇ ਸਮੇਂ ਉਹ ਕਿਸਤਰ੍ਹਾਂ ਦੇ ਟਿੱਬਿਆਂ-ਟੋਇਆ ਵਿਚ ਦੀ ਗੁਜਰਿਆ, ਇਸ ਦਾ ਦਿਲਚਸਪ ਬਿਰਤਾਂਤ ਉਸਦੀ ਆਪਣੀ ਆਤਮ ਕਥਾ ਨੂੰ ਇਕ ਨਿਰਾਲਾਪਣ ਬਖਸ਼ਦਾ ਹੈ। ਅਫ਼ਸਰੀ ਨਾਲ ਜਿੱਥੇ ਠਾਠ-ਬਾਠ ਜੁੜੀ ਹੋਈ ਹੈ ਜਾਂ ਸਾਨੂੰ ਦਿਸਦੀ ਹੈ, ਉਹ ਅਸਲੀਅਤ ਵੀ ਹੈ ਤੇ ਛਲਾਵਾ ਵੀ। ਅਫ਼ਸਰੀ ਇਕ ਅਜਿਹੀ ਕੰਡਿਆਲੀ ਥੋਰ ਹੈ, ਜਿਸਦੇ ਕੰਡੇ ਬਹੁਤ ਕਟੀਲੇ ਤੇ ਫੁੱਲ ਬਹੁਤ ਹੀ ਦੁਰਲੱਭ ਤੇ ਖੂਬਸੂਰਤ ਹੁੰਦੇ ਨੇ। ਸ਼ੁਰੂ ਚ ਹਰਕੇਸ਼ ਨੇ ਬੈਂਕ 'ਚ ਨੌਕਰੀ ਕੀਤੀ। ਉਸ ਬੈਂਕ ਦਾ ਮੈਨੇਜਰ ਸ਼ਰਾਬੀ ਤੇ ਭ੍ਰਿਸ਼ਟ ਸੀ। ਹਰ ਜਿਮੀਂਦਾਰ ਕੋਲੋਂ ਟਾਊਟ ਰਾਹੀਂ ਰਿਸ਼ਵਤ ਲੈਂਦਾ ਸੀ। ਇਹ ਗੱਲ ਹਰਕੇਸ਼ ਨੂੰ ਬਹੁਤ ਰੜਕਦੀ ਸੀ। ਇਕ ਵਾਰੀ ਸਾਰੇ ਸਟਾਫ ਨੂੰ ਸਹੁੰ ਪੁਆ ਦਿਤੀ ਕਿ ਕੋਈ ਰਿਸ਼ਵਤ ਨਹੀਂ ਲਵੇਗਾ, ਪਰ ਮੈਨੇਜਰ ਨਾ ਹਟਿਆ। ਹਰਕੇਸ਼ ਨੇ ਉਸਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ। ਮੈਨੇਜਰ ਨੇ ਆਪਣੀ ਕਲਾ ਵਰਤੀ ਤੇ ਹਰਕੇਸ਼ ਹੋਰਾਂ ਨੂੰ ਨੌਕਰੀਓਂ ਵਿਹਲੇ ਕਰ ਦਿੱਤਾ ਤੇ ਆਪ ਮੈਨਜਮੈਂਟ ਦੀਆਂ ਨਜਰਾਂ ਵਿਚ ਇਹ ਦਲੀਲ ਦੇ ਕੇ ਚੰਗਾ ਬਣ ਗਿਆ ਕਿ ਬੈਂਕ ਦਾ ਖਰਚਾ ਘਟਾ ਦਿੱਤਾ ਹੈ। ਹਰਕੇਸ਼ ਨੇ ਲੇਬਰ ਕੋਰਟ 'ਚ ਕੇਸ ਕਰ ਦਿੱਤਾ। ਲੇਬਰ ਕੋਰਟ ਦਾ ਜੱਜ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਈਵਨਿੰਗ ਲਾਅ ਕੋਰਸ 'ਚ ਪਾਰਟ ਟਾਈਮ ਲੈਕਚਰਾਰ ਵੀ ਸੀ। ਉਥੇ ਹਰਕੇਸ਼ ਈਵਨਿੰਗ ਕੋਰਸ ਵਿਚ ਕਾਨੂੰਨ ਵਿਭਾਗ ਦਾ ਵਿਦਿਆਰਥੀ ਸੀ ਤੇ ਉਸ ਲੈਕਚਰਾਰ ਨਾਲ ਕੁੱਝ ਕਾਰਨਾਂ ਕਰਕੇ ਪੰਗਾ ਚਲਦਾ ਸੀ।

ਪੇਸ਼ੀ ਸਮੇ ਜੱਜ ਹਰਕੇਸ਼ ਸਿੰਘ ਨੂੰ ਘੂਰਨ ਲੱਗ ਪਿਆ। ਬੇਇਜਤੀ ਕਰਨ ਦੇ ਮਨੋਰਥ ਨਾਲ ਰੋਹਬ ਝਾੜਨ ਲਗ ਪਿਆ। ਹਰਕੇਸ਼ ਸਿੰਘ ਨੇ ਅਦਬ ਨਾਲ ਜੱਜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ 'ਸਰ ਤੁਸੀਂ ਮੇਰੇ ਟੀਚਰ ਵੀ ਹੋ ਤੇ ਜੱਜ ਵੀ, ਤੁਸੀਂ ਜੋ ਮਰਜੀ ਫੈਸਲਾ ਕਰ ਦਿਓ, ਪਰ ਮੇਰੀ ਬੇਇਜਤੀ ਕਰਨ ਦਾ ਥੋੜ੍ਹੇ ਕੋਲ ਕੋਈ ਅਧਿਕਾਰ ਨਹੀਂ। ਇੱਜਤ ਤੇ ਅੱਣਖ ਲਈ ਬੰਦਾ ਕੁਝ ਵੀ ਕਰ ਸਕਦਾ ਹੈ। ਮੈਂ ਅਗੇ ਤੋਂ ਤੁਹਾਡੀ ਕਲਾਸ ਤੇ ਅਦਾਲਤ 'ਚ ਨਹੀਂ ਆਊਣਾ। ਮੈਂ ਤੁਹਾਡੀ ਸਾਰੀ ਕਾਰਵਾਈ ਦੀ ਹਾਈ ਕੋਰਟ ਤੇ ਯੂਨੀਵਰਸਿਟੀ ਕੋਲ ਸ਼ਿਕਾਇਤ ਕਰੂੰਗਾ।' ਹਰਕੇਸ਼ ਸਿੰਘ ਨੇ ਸਾਰੀ ਗੱਲ ਆਪਣੇ ਕਾਨੂੰਨ ਵਿਭਾਗ ਦੇ ਹੈਡ ਨੂੰ ਦੱਸ ਦਿਤੀ।

ਹੈਡ ਨੇ ਜੱਜ ਨੂੰ ਅਜਿਹਾ ਡਰਾਇਆ ਕੇ ਉਹ ਹਰਕੇਸ਼ ਸਿੰਘ ਨਾਲ ਸੁਲਾਹ ਕਰ ਗਿਆ




ਤੇ ਮਾਮਲਾ ਰਫ਼ਾ-ਦਫ਼ਾ ਹੋ ਗਿਆ। ਅਗਲੇ ਸਾਲ ਹਰਕੇਸ਼ ਸਿੰਘ ਕਾਨੂੰਨ ਵਿਭਾਗ ਦੀ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਬਣ ਗਿਆ ਤੇ ਜੱਜ ਉਸਦਾ ਹੋਰ ਵੀ ਅਸਰ ਮੰਨਣ ਲੱਗ ਪਿਆ। ਬੈਂਕ ਵਾਲਾ ਹਰਕੇਸ਼ ਸਿੰਘ ਦਾ ਕੇਸ ਪਹਿਲਾਂ ਹੀ ਮਜ਼ਬੂਤ ਸੀ। ਨਤੀਜਾ ਇਹ ਹੋਇਆ ਕਿ ਫੈਸਲਾ ਹਰਕੇਸ਼ ਸਿੰਘ ਦੇ ਹੱਕ 'ਚ ਹੋ ਗਿਆ। ਤਨਖਾਹ ਬਹਾਲ ਹੋ ਗਈ। ਪੁਰਾਣਾ ਦਸਵੀਂ ਪਾਸ ਮੈਨੇਜਰ ਬਦਲ ਗਿਆ ਸੀ ਤੇ ਨਵਾਂ ਭਾਵੇਂ ਪੂਰਾ ਪੜ੍ਹਿਆ-ਲਿਖਿਆ ਸੀ ਪਰ ਕੁਰਪਟ ਸੀ। ਤਨਖਾਹ ਦਾ ਬਕਾਇਆ ਦੇਣ ਲਈ ਹਰਕੇਸ਼ ਸਿੰਘ 'ਤੋਂ ਪੈਸੇ ਭਾਲਦਾ ਸੀ। ਹਰਕੇਸ਼ ਸਿੰਘ ਅੜ੍ਹ ਗਿਆ। ਉਸਨੇ ਸਹਾਇਕ ਕਿਰਤ ਕਮਿਸ਼ਨਰ ਦੇ ਅਗੇ ਬੈਂਕ 'ਤੇ ਕੁਰਕੀ ਦਾ ਕੇਸ ਪਾ ਦਿੱਤਾ। ਹਰਕੇਸ਼ ਸਿੰਘ ਇਥੇ ਵੀ ਕੇਸ ਜਿੱਤ ਗਿਆ ਤੇ ਸੁਨਾਮ ਦੀ ਤਹਿਸੀਲਦਾਰ ਦੀ ਅਦਾਲਤ 'ਚ ਬੈਂਕ ਦੇ ਖਿਲਾਫ ਕੁਰਕੀ ਦੇ ਵਾਰੰਟ ਲੈ ਲਏ। ਤਹਿਸੀਲ 'ਚੋਂ ਕਾਨੂੰਨਗੋ ਨੂੰ ਨਾਲ ਲੈ ਕੇ ਬੈਂਕ ਦੀ ਜੀਪ, ਮੈਨੇਜਰ ਦੇ ਕਮਰੇ ਦਾ ਟੇਬਲ, ਮੇਜ਼, ਕੁਰਸੀਆਂ ਅਤੇ ਸੋਫਾ ਚੁਕਵਾ ਕੇ ਤਹਿਸੀਲ ਲੈ ਗਿਆ। ਬੈਂਕ ਨੇ ਮਸਾਂ ਖਹਿੜਾ ਛੁਡਵਾਇਆ ਤੇ ਉਸਦਾ ਬਕਾਇਆ ਦੇ ਦਿੱਤਾ।

ਹਰਕੇਸ਼ ਸਿੰਘ ਸਿੱਧੂ ਨੇ ਆਪਣੀ ਆਤਮ ਕਥਾ ਲਿਖਦੇ ਸਮੇਂ ਡੀਸੀਆਂ ਦਾ ਵੀ ਲਿਹਾਜ਼ ਨਹੀਂ ਕੀਤਾ। ਉਹ ਖੁਦ ਬਰਨਾਲੇ, ਸੰਗਰੂਰ ਤੇ ਕਪੂਰਥਲੇ ਦਾ ਡੀ.ਸੀ. ਰਿਹਾ। ਡੀਸੀਆਂ ਦੀ ਰਸੋਈ ਦਾ ਖਰਚਾ ਕਿਵੇਂ ਚਲਦਾ ਹੈ। ਜਦੋਂ ਇਕ ਡੀ.ਸੀ. ਬਦਲ ਜਾਵੇ ਤੇ ਦੂਜਾ ਆਵੇ ਤਾਂ ਡੀ.ਸੀ. ਦੀ ਕੋਠੀ ਖਾਲੀ ਹੋਣ ਤੇ ਨਵਾਂ ਰੰਗ-ਰੋਗਣ ਕਰਦੇ ਹੋਏ ਕਈ ਵਾਰੀ ਮਹੀਨੇ ਲੱਗ ਜਾਂਦੇ ਨੇ। ਹਰਕੇਸ਼ ਸਿੱਧੂ ਲਿਖਦਾ ਹੈ, 'ਡੀਸੀ ਨੂੰ ਕੋਠੀ ਨਾ ਮਿਲਣ ਤੱਕ ਰੈਸਟ ਹਾਊਸ ਵਿਚ ਰਹਿਣਾ ਪੈਂਦਾ ਹੈ। ਚੰਦ ਕੁ ਗਿਣਤੀ ਦੇ ਅਫਸਰ ਛੱਡ ਕੇ ਬਾਕੀਆਂ ਲਈ ਰਸੋਈ ਦੇ ਖਰਚੇ ਝੱਲਣ ਲਈ ਮਾਲ ਮਹਿਕਮੇ ਦੇ ਬੰਦੇ ਸੇਵਾ ਪੰਥੀਏ ਤਾਇਨਾਤ ਕਰ ਦਿੱਤੇ ਜਾਂਦੇ ਹਨ। ਲਉ ਜੀ ਤੁਸੀਂ ਹੈਰਾਨ ਹੋਵੋਂਗੇ, ਇਹ ਖਰਚਾ ਕੋਈ ਰਿਸ਼ਵਤ ਨਹੀਂ ਸਮਝਿਆ ਜਾਂਦਾ। ਡੀਸੀ ਜਿਹੜੇ ਪਹਿਲਾਂ ਜਿਲੇ ਦੇ ਅੱਖ, ਕੰਨ ਤੇ ਮੂੰਹ ਜਾਣੇ ਜਾਂਦੇ ਸੀ, ਫੇਰ ਮਾਈ-ਬਾਪ ਤੇ ਹੌਲੀ ਹੌਲੀ ਪ੍ਰੋਹਿਤ ਬਣ ਬੈਠੇ ਨੇ।'

ਉਹ ਅਗੇ ਲਿਖਦੇ ਨੇ, 'ਸੋ ਮੇਰੇ ਨਾਲ ਇੰਝ ਹੋਇਆ। ਮੈਂ ਕੁਝ ਫਾਲਤੂ ਬੰਦੇ ਜੋ ਰੈਸਟ ਹਾਊਸ ਵਿਚ ਡੀਸੀ ਦੀ ਰਸੋਈ ਦਾ ਖਰਚਾ ਝੱਲਣ ਲਈ ਬੈਠੇ ਸੀ ਵਾਪਿਸ ਭੇਜ ਦਿੱਤੇ। ਸੱਭ ਨੂੰ ਸੰਕੇਤ ਮਿਲ ਗਿਆ ਕੇ ਡੀਸੀ ਇਮਾਨਦਾਰ ਹੈ ਤੇ ਵਗਾਰ ਨੂੰ ਲੱਤ ਮਾਰਦਾ ਹੈ। ਮੇਰੇ ਨਾਲ ਸੰਗਰੂਰ ਵੀ ਇੰਝ ਹੀ ਹੋਇਆ। ਮੈਂ ਕੋਠੀ ਵਿਚ ਜਾਣ ਤੋਂ ਪਹਿਲਾਂ ਗੁਰੂ ਦੀ ਅਪਾਰ ਕਿਰਪਾ ਹਾਸਿਲ ਕਰਨ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਭੋਗ ਪਾਉਣ ਦਾ ਫੈਸਲਾ ਕਰ ਲਿਆ। ਸਿਰਫ ਜਿਲਾ ਪੱਧਰ ਦੇ ਅਫਸਰ ਬੁਲਾਏ। ਉਪਕਾਰ ਸਿੰਘ ਪੀ.ਸੀ.ਐਸ. ਅਫਸਰ ਨੂੰ ਸਾਰੇ ਪ੍ਰਬੰਧ ਕਰਨ ਲਈ ਅਡਵਾਂਸ ਪੈਸੇ ਦੇ ਦਿੱਤੇ। ਪਾਠ ਪ੍ਰਕਾਸ਼ ਕਰਨ ਵਾਲੇ ਦਿਨ ਧੂਰੀ ਸ਼ੂਗਰ ਮਿਲ 'ਤੋਂ ਦੋ ਚੀਨੀ ਦੀਆਂ ਬੋਰੀਆਂ ਡੀ.ਸੀ. ਦੇ ਕੋਠੀ ਹੋਣ ਵਾਲੇ ਪਾਠ ਦੇ ਖਰਚੇ ਲਈ ਨਿਸ਼ਕਾਮ ਭੰਡਾਰਾ ਆ ਗਿਆ। ਜਦੋਂ ਮੈਨੂੰ ਪਤਾ ਲਗਾ ਤਾਂ ਮੈਂ ਉਨ੍ਹੀਂ ਪੈਰੀਂ ਹੀ ਆਟੋ ਰਿਕਸ਼ਾ ਵਾਪਿਸ ਕਰ ਦਿੱਤਾ।

ਡੀ.ਸੀ. ਦੀ ਕੋਠੀ ਦਾ ਖਰਚਾ ਆਮ ਤੌਰ ਤੇ ਲੋਕਲ ਤਹਿਸੀਲਦਾਰ, ਲੋਕਲ ਪਟਵਾਰੀ, ਖੁਰਾਕ ਤੇ ਸਪਲਾਈ ਮਹਿਕਮੇ ਬਰਦਾਸ਼ਤ ਕਰਦੇ ਨੇ। ਇਹ ਰਵਾਇਤ ਬਣੀ ਹੋਈ ਹੈ। ਇਕ ਮੱਝ ਜਾਂ ਗਊ, ਪੱਠੇ, ਚਾਰਾ ਤੇ ਦਾਣਾ ਆਦਿ, ਇਹ ਸਭ ਕੁੱਝ ਲੋਕਲ ਪਟਵਾਰੀ ਵੱਲ ਹੁੰਦਾ ਹੈ। ਸ਼ਾਇਦ ਕੋਈ ਟਾਵੀਂ-ਟਾਵੀਂ ਛੋਟ ਹੋਵੇ ਪਰ ਆਸਾਰ ਬੜੇ ਘੱਟ ਨੇ। ਇਸ ਅਲਾਮਤ ਤੋਂ ਬਚਣਾ ਸੌਖਾ ਨਹੀਂ। ਫੇਰ ਦੂਜਾ ਖਰਚਾ ਰੈਡ ਕਰਾਸ ਦੇ ਫੰਡਜ਼ ਵਿਚੋਂ ਹੁੰਦਾ ਹੈ। ਡੀ.ਸੀ. ਦੀ ਕੋਠੀ ਵਿਚ ਕੋਠੀ ਦੇ ਆਕਾਰ ਦੇ ਅਨੁਸਾਰ ਤਕਰੀਬਨ ਵੀਹ ਬਾਈ ਬੰਦੇ ਵੱਖਰੇ ਵੱਖਰੇ ਮਹਿਕਮਿਆਂ ਦੇ ਤਾਇਨਾਤ ਹੁੰਦੇ ਨੇ।' ਹਰਕੇਸ਼ ਸਿੰਘ ਸਿੱਧੂ ਲਿਖਦੇ ਨੇ ਮੇਰੇ ਤੇ ਗੁਰੂ ਦੀ ਬਖਸ਼ਿਸ਼ ਰਹੀ ਤੇ ਮੈਂ ਇਸ ਭ੍ਰਿਸ਼ਟ ਕੋਹੜ 'ਤੋਂ ਬਚਿਆ ਰਿਹਾ।

ਵਕਾਲਤ ਦੀ ਪੜ੍ਹਾਈ ਕਰਨ ਤੋਂ ਬਾਅਦ ਹਰਕੇਸ਼ ਸਿੰਘ ਸਿੱਧੂ ਕੁੱਝ ਦੇਰ ਵਕੀਲ ਦੇ ਤੌਰ 'ਤੇ ਪ੍ਰੈਕਟਿਸ ਕਰਦਾ ਰਿਹਾ ਤੇ ਫਿਰ ਸਰਕਾਰੀ ਵਕੀਲ ਸਿਲੈਕਟ ਹੋ ਗਿਆ। ਪਹਿਲੀ ਪੋਸਟਿੰਗ ਫਰੀਦਕੋਟ ਹੋਈ, ਤੇ ਉਸਦਾ ਆਰਜ਼ੀ ਤੌਰ ਤੇ ਹੈਡਕੁਆਰਟਰ ਮੋਗੇ ਬਣਾ ਦਿੱਤਾ ਗਿਆ। ਉਸ ਸਮੇਂ ਮੋਗਾ ਫਰੀਦਕੋਟ ਜਿਲ੍ਹੇ ਦਾ ਹਿੱਸਾ ਸੀ। ਮੋਗੇ ਜਾ ਕੇ ਹਰਕੇਸ਼ ਸਿੰਘ ਸਿੱਧੂ ਦਾ ਜੱਜ ਨਾਲ ਪੰਗਾ ਪੈ ਗਿਆ। ਹਰਕੇਸ਼ ਸਿੰਘ ਸਿੱਧੂ ਮੁਤਾਬਿਕ ਉਹ ਜੱਜ ਘਟੀਆ ਦਰਜੇ ਦਾ ਭ੍ਰਿਸ਼ਟ ਤੇ ਭੁੱਖੀ ਨੀਅਤ ਦਾ ਸੀ। ਉਹ ਹਰ ਐਸ.ਐਚ.ਓ. ਤੋਂ ਮਹੀਨੇ ਵਗਾਰ 'ਚ ਕਾਰ, ਮੱਛੀ ਤੇ ਹੋਰ ਜੋ ਵੀ ਮਿਲੇ ਮੰਗਦਾ ਸੀ। ਮੈਂ ਇੱਕ ਐਸ.ਐਚ.ਓ. ਨੂੰ ਚੁੱਕ ਦੇ ਕੇ ਜੱਜ ਦੇ ਖਿਲਾਫ ਉਸਦੀਆਂ ਵਗਾਰਾਂ ਬਾਰੇ ਰੋਜਨਾਮਚੇ 'ਚ ਰਪਟ ਦਰਜ ਕਰਵਾ ਦਿਤੀ। ਬਾਅਦ ਵਿਚ ਉਹ ਜੱਜ ਜਬਰੀ ਰਿਟਾਇਰ ਕਰ ਦਿੱਤਾ ਗਿਆ। ਉਸ ਜੱਜ ਨੇ ਮੇਰੀ ਬਦਲੀ ਬਾਰੇ ਜਿਲਾ ਅਟਾਰਨੀ ਨੂੰ ਕਿਹਾ। ਮੇਰੇ ਜਿਲਾ ਅਟਾਰਨੀ ਨੇ ਮੇਰੀ ਸਾਲਾਨਾ ਗੁਪਤ ਰਿਪੋਰਟ ਵਿਚ ਇਹ ਕਥਨ ਲਿਖੇ: 'ਇਮਾਨਦਾਰ ਅਤੇ ਮਿਹਨਤੀ ਹੈ ਪਰ ਇਸਦਾ ਝੁਕਾਅ ਟ੍ਰੇਡ ਯੂਨੀਅਨ ਦੀਆਂ ਗਤੀਵਿਧੀਆਂ ਵੱਲ ਹੈ। ਇਸ 'ਤੇ ਨਿਰੰਤਰ ਚੌਕਸੀ ਰੱਖਣ ਦੀ ਲੋੜ ਹੈ।' ਇਸ ਕਾਰਨ ਤੇ ਕੁਝ ਹੋਰ ਗੱਲਾਂ ਜੋੜ ਕੇ ਹਰਕੇਸ਼ ਸਿੰਘ ਸਿੱਧੂ ਦੀ ਨੌਕਰੀ 'ਤੋਂ ਛੁੱਟੀ ਕਰ ਦਿਤੀ ਗਈ।

ਕੁੱਝ ਦੇਰ ਚਾਰਾਜੋਈ ਕਰਨ ਤੋਂ ਬਾਦ ਹਰਕੇਸ਼ ਸਿੰਘ ਸਿੱਧੂ ਪਿੰਡ ਸੰਗਤੀਵਾਲੇ ਆ ਗਿਆ। ਪਿੰਡ 'ਚ ਪੰਚਾਇਤ ਚੋਣਾਂ ਦੇ ਚਰਚੇ ਚਲ ਰਹੇ ਸਨ। ਸਰਬਸੰਮਤੀ ਨਾਲ ਪੰਚਾਇਤ ਚੁਣਨ ਲਈ ਪਿੰਡ ਦੇ ਦਰਵਾਜੇ 'ਚ ਹਰ ਰੋਜ ਇਕੱਠ ਹੁੰਦਾ। ਕੁਝ ਬੰਦਿਆਂ ਨੇ ਹਰਕੇਸ਼ ਸਿੰਘ ਦਾ ਨਾਮ ਤਜਵੀਜ ਕਰ ਦਿੱਤਾ। ਦਲੀਲ ਦਿਤੀ ਕਿ ਪਿੰਡ ਦਾ ਦੋਹਤਾ ਹੈ, ਵਕੀਲ ਹੈ ਤੇ ਅਸਰ ਰਸੂਖ ਰੱਖਦਾ ਹੈ। ਕੁਝ ਲੋਕਾਂ ਨੂੰ ਗੱਲ ਹਜ਼ਮ ਨਹੀਂ ਹੋਈ ਤੇ ਉਨ੍ਹਾਂ ਨੇ ਵਿਰੋਧ ਕੀਤਾ। ਪਰ ਆਖਰ ਸਰਬਸੰਮਤੀ ਹੋ ਗਈ ਤੇ ਹਰਕੇਸ਼ ਸਿੰਘ ਸਿੱਧੂ ਸਰਪੰਚ ਬਣ ਗਿਆ। ਉਹ ਸੁਨਾਮ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਵੀ ਬਣਿਆ ਤੇ ਮਾਲਵਾ ਮਿਲਕ ਯੂਨੀਅਨ ਸੰਗਰੂਰ ਦਾ ਸਰਬਸੰਮਤੀ ਨਾਲ ਡਾਇਰੈਕਟਰ ਵੀ ਬਣਿਆ।

ਡੀ.ਸੀ. ਹੁੰਦੇ ਸਮੇ ਉਸਦਾ ਕਿਵੇਂ ਕੁਝ ਰਾਜਨੀਤਕ ਲੋਕਾਂ ਨਾਲ ਪਾਲਾ ਪਿਆ। ਕਿਵੇਂ ਸਰਪੰਚੀ ਦੇ ਪੰਗੇ ਝੱਲੇ ਤੇ ਕਿਵੇਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਕਿਵੇਂ ਮੰਤਰੀਆਂ ਨਾਲ ਆਢੇ ਲੱਗੇ, ਕਿਵੇਂ ਘੱਗਰ ਦੇ ਬਨ੍ਹ ਦੀ ਰਾਖੀ ਕੀਤੀ, ਕਿਵੇਂ ਸਾਬਕਾ ਮੰਤਰੀ ਦਾ ਮੁੰਡਾ ਰਿਸ਼ਵਤ ਲੈਂਦਾ ਫੜ੍ਹਿਆ ਤੇ ਹੋਰ ਬੜਾ ਕੁਝ ਇਸ ਕਿਤਾਬ ਵਿਚ ਦਰਜ ਹੈ। ਪੜ੍ਹ ਕੇ ਪਤਾ ਲੱਗਦਾ ਹੈ ਕਿ ਕਿਵੇਂ ਸਿਸਟਮ ਦਾ ਉਪਰੋਂ ਲੈ ਕੇ ਥੱਲੇ ਤਕ ਬੇੜਾ ਗਰਕ ਹੋਇਆ ਪਿਆ।

# ਭਵਿੱਖ ਦੀ ਹੈਕਿੰਗ ਅਤੇ ਸਾਈਬਰ ਯੁੱਧ...?

ਅੱਜ ਦਾ ਯੁੱਗ ਡਿਜੀਟਲ ਤਕਨਾਲੋਜੀ ਦਾ ਹੈ, ਜਿੱਥੇ ਹਰ ਇੱਕ ਖੇਤਰ ਵਿਚ ਕੰਪਿਊਟਰ, ਇੰਟਰਨੈਟ, ਅਤੇ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਵਧਦੀ ਜਾ ਰਹੀ ਹੈ। ਇਸ ਤਕਨਾਲੋਜੀਕਰਣ ਨੇ ਜਿੱਥੇ ਇੱਕ ਨਵਾਂ ਆਧੁਨਿਕ ਯੁਗ ਸ਼ੁਰੂ ਕੀਤਾ ਹੈ, ਉੱਥੇ ਹੀ ਨਵੇਂ ਖਤਰੇ ਵੀ ਪੈਦਾ ਕਰ ਦਿੱਤੇ ਹਨ। ਇਨ੍ਹਾਂ ਵਿਚ ਸਭ ਤੋਂ ਵੱਡਾ ਖਤਰਾ ਹੈਕਿੰਗ ਅਤੇ ਸਾਈਬਰ ਯੁੱਧ ਦਾ ਹੈ। ਅੱਜ ਦੇ ਸਮੇਂ ਵਿਚ, ਜਿੱਥੇ ਦੇਸ਼ ਆਪਣੇ ਜੰਗੀ ਹਥਿਆਰਾਂ ਨੂੰ ਵਧਾ ਰਹੇ ਹਨ, ਉੱਥੇ ਹੀ ਉਨ੍ਹਾਂ ਨੇ ਸਾਈਬਰ ਹਥਿਆਰਾਂ 'ਤੇ ਵੀ ਧਿਆਨ



**ਸੰਦੀਪ ਕੁਮਾਰ**
**ਫੋਨ:70098-07121**

ਕੇਂਦਰਤ ਕਰ ਦਿੱਤਾ ਹੈ। ਹੈਕਿੰਗ ਪਿਛਲੇ ਕੁਝ ਦਹਾਕਿਆਂ ਵਿਚ ਬਹੁਤ ਵਧੀ ਹੈ। ਪਹਿਲਾਂ ਇਹ ਖੇਡ ਜਾਂ ਸਿਰਫ਼ ਨਿੱਜੀ ਜਾਣਕਾਰੀ ਚੋਰੀ ਕਰਨ ਤੱਕ ਸੀਮਤ ਸੀ, ਪਰ ਹੁਣ ਇਹ ਸਰਕਾਰੀ ਏਜੰਸੀਆਂ, ਫੌਜੀ ਸਥਾਪਨਾਵਾਂ, ਅਤੇ ਵੱਡੀਆਂ ਕੰਪਨੀਆਂ ਨੂੰ ਨੁਕਸਾਨ ਪਹੁੰਚਾਉਣ ਲਈ ਇੱਕ ਹਥਿਆਰ ਬਣ ਚੁੱਕੀ ਹੈ।

ਹੈਕਰਜ਼ ਦੀਆਂ ਵੱਖ-ਵੱਖ ਸ਼੍ਰੇਣੀਆਂ ਹੁੰਦੀਆਂ ਹਨ। ਕੁਝ 'ਐਥੀਕਲ ਹੈਕਰ' ਹੁੰਦੇ ਹਨ, ਜੋ ਕਿਸੇ ਕੰਪਨੀ ਜਾਂ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ ਤਾਂ ਜੋ ਉਨ੍ਹਾਂ ਦੇ ਡਾਟਾ ਦੀ ਸੁਰੱਖਿਆ ਕਰ ਸਕਣ। ਦੂਜੇ 'ਬਲੈਕ ਹੈਟ ਹੈਕਰ' ਹੁੰਦੇ ਹਨ, ਜੋ ਵਿਅਕਤੀਗਤ ਲਾਭ ਜਾਂ ਤਬਾਹੀ ਮਚਾਉਣ ਵਾਲੇ ਗਰੁੱਪ ਦੀਆਂ ਸਾਜ਼ੀਆਂ ਕਾਰਵਾਈਆਂ ਲਈ ਕੰਮ ਕਰਦੇ ਹਨ। ਪਰ ਸਭ ਤੋਂ ਵੱਡਾ ਖਤਰਾ 'ਸਟੇਟ-ਸਪਾਂਸਰਡ ਹੈਕਰ' ਹਨ, ਜੋ ਕਿਸੇ ਦੇਸ਼ ਵੱਲੋਂ ਵਿਰੋਧੀ ਦੇਸ਼ ਦੀ ਸਾਈਬਰ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਲਈ ਵਰਤੇ ਜਾਂਦੇ ਹਨ। ਸਾਈਬਰ ਯੁੱਧ ਕਿਸੇ ਵੀ ਦੇਸ਼ ਦੇ ਆਰਥਿਕ, ਫੌਜੀ, ਜਾਂ ਪ੍ਰਸ਼ਾਸਨਿਕ ਢਾਂਚੇ ਨੂੰ ਢਾਹੁਣ ਲਈ ਵਰਤੀ ਜਾਣ ਵਾਲੀ ਇੱਕ ਨਵੀਂ ਤਕਨੀਕ ਬਣ ਚੁੱਕੀ ਹੈ। ਹੁਣ ਜੰਗ ਸਿਰਫ਼ ਬੰਬਾਂ ਅਤੇ ਗੋਲੀਆਂ ਨਾਲ ਨਹੀਂ ਲੜੀਆਂ ਜਾਂਦੀਆਂ, ਬਲਕਿ ਕੰਪਿਊਟਰ ਦੀ ਸਕ੍ਰੀਨ ਦੇ ਪਿੱਛੇ ਬੈਠੇ ਲੋਕ ਵੀ ਕਿਸੇ ਦੇਸ਼ ਦੀ ਬਿਜਲੀ, ਬੈਂਕਿੰਗ ਪ੍ਰਣਾਲੀ, ਜਾਂ ਫੌਜੀ ਸੰਚਾਰ ਤਕਨੀਕ ਨੂੰ ਢਹਾ ਸਕਦੇ ਹਨ। ਪਿਛਲੇ ਕੁਝ ਸਾਲਾਂ ਵਿਚ ਅਮਰੀਕਾ, ਰੂਸ, ਚੀਨ, ਉੱਤਰੀ ਕੋਰੀਆ, ਅਤੇ ਇਰਾਨ ਵਰਗੇ ਦੇਸ਼ਾਂ ਨੇ ਸਾਈਬਰ ਯੁੱਧ ਲਈ ਵਿਸ਼ੇਸ਼ ਟੀਮਾਂ ਬਣਾਈਆਂ ਹਨ। ਉਦਾਹਰਣ ਵਜੋਂ, 2010 ਵਿਚ 'ਸਟਕਸਨੈੱਟ' ਨਾਮੀ ਕੰਪਿਊਟਰ ਵਾਇਰਸ ਦੀ ਘਟਨਾ ਬਹੁਤ ਪ੍ਰਸਿੱਧ ਹੋਈ। ਇਸਨੂੰ ਅਮਰੀਕਾ ਅਤੇ ਇਸਰਾਈਲ ਨੇ ਮਿਲ ਕੇ ਬਣਾਇਆ ਸੀ, ਜਿਸਦਾ ਉਦੇਸ਼ ਇਰਾਨ ਦੇ ਨਿਊਕਲਿਅਰ ਪ੍ਰੋਗਰਾਮ ਨੂੰ ਨੁਕਸਾਨ ਪਹੁੰਚਾਉਣਾ ਸੀ।

ਸਾਈਬਰ ਯੁੱਧ ਸਿਰਫ਼ ਸਰਕਾਰੀ ਸੰਸਥਾਵਾਂ ਜਾਂ ਫੌਜ ਤੱਕ ਹੀ ਸੀਮਤ ਨਹੀਂ, ਬਲਕਿ ਇਸਦਾ ਪ੍ਰਭਾਵ ਆਮ ਨਾਗਰਿਕਾਂ 'ਤੇ ਵੀ ਪੈਂਦਾ ਹੈ। ਬਹੁਤ ਸਾਰੇ ਹੈਕਰ ਆਮ ਲੋਕਾਂ ਦੀ ਨਿੱਜੀ ਜਾਣਕਾਰੀ ਚੋਰੀ ਕਰਕੇ, ਉਨ੍ਹਾਂ ਦੇ ਬੈਂਕ ਅਕਾਊਂਟ ਖਾਲੀ ਕਰ ਦਿੰਦੇ ਹਨ ਜਾਂ ਉਨ੍ਹਾਂ ਦੀ ਨਿੱਜੀ ਤਸਵੀਰਾਂ ਅਤੇ ਡਾਟਾ ਨੂੰ ਮਿਲੀਅਨ-ਡਾਲਰ ਹੈਕਿੰਗ ਗਰੁੱਪਾਂ ਨੂੰ ਵੇਚ ਦਿੰਦੇ ਹਨ। ਫਿਸ਼ਿੰਗ, ਰੈਂਸਮਵੇਅਰ, ਅਤੇ ਡੀਡੋਸ ਹਮਲੇ ਅੱਜ ਸਭ ਤੋਂ ਵੱਧ ਵਰਤੇ ਜਾਣ ਵਾਲੇ ਸਾਈਬਰ ਅਪਰਾਧ ਹਨ। ਫਿਸ਼ਿੰਗ ਰਾਹੀਂ ਲੋਕਾਂ ਨੂੰ ਝੂਠੀ ਈਮੇਲਾਂ ਜਾਂ ਵੇਬਸਾਈਟਾਂ ਰਾਹੀਂ ਲੁਭਾ ਕੇ ਉਨ੍ਹਾਂ ਦੀ ਲਾਗਇਨ ਜਾਣਕਾਰੀ ਚੋਰੀ ਕੀਤੀ ਜਾਂਦੀ ਹੈ। ਰੈਂਸਮਵੇਅਰ ਵਿਚ, ਹੈਕਰ ਤੁਹਾਡੇ ਕੰਪਿਊਟਰ ਜਾਂ ਸਰਵਰ ਨੂੰ ਲੌਕ ਕਰ ਦਿੰਦੇ ਹਨ ਅਤੇ ਮੁਆਵਜ਼ੇ ਦੇ ਬਦਲੇ ਹੀ ਡਾਟਾ ਵਾਪਸ ਕਰਦੇ ਹਨ। ਭਵਿੱਖ ਵਿਚ, ਜਿਵੇਂ-ਜਿਵੇਂ ਤਕਨਾਲੋਜੀ ਅੱਗੇ ਵਧੇਗੀ, ਸਾਈਬਰ ਹਮਲੇ ਵੀ ਹੋਰ ਬੇਹੱਦ ਤੇਜ਼ ਅਤੇ ਖਤਰਨਾਕ ਹੋਣਗੇ। ਇਸ ਤਰ੍ਹਾਂ, ਹਰ ਦੇਸ਼ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਆਪਣੀ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਬਣਾਵੇ।

ਹਰ ਦੇਸ਼ ਨੂੰ ਇੱਕ ਮਜ਼ਬੂਤ ਸਾਈਬਰ ਫੌਜ ਬਣਾਣੀ ਪਵੇਗੀ, ਜੋ ਵਿਦੇਸ਼ੀ ਹਮਲਿਆਂ ਤੋਂ ਆਪਣੀ ਡਿਜੀਟਲ ਸੰਪਤੀ ਦੀ ਰੱਖਿਆ ਕਰ ਸਕੇ। ਲੋਕਾਂ ਨੂੰ ਆਨਲਾਈਨ ਜੋਖਮਾਂ 'ਤੋਂ ਬਚਣ ਦੀ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੋ ਚੁੱਕੀ ਹੈ। ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ 'ਸਾਈਬਰ ਸੁਰੱਖਿਆ' ਨੂੰ ਇੱਕ ਵਿਸ਼ਾ ਬਣਾਇਆ ਜਾਣਾ ਚਾਹੀਦਾ ਹੈ। ਹੇਠਲੀ ਪੱਧਰ 'ਤੇ ਹੈਕਰ ਸਰਗਰਮੀਆਂ ਤੋਂ ਬਚਣ ਲਈ, ਸਰਕਾਰਾਂ ਨੂੰ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ, ਤਾਂ ਜੋ ਹੈਕਰ ਅਤੇ ਸਾਈਬਰ ਅਪਰਾਧੀਆਂ ਨੂੰ ਕਾਬੂ ਕੀਤਾ ਜਾ ਸਕੇ। ਹਰ ਵਿਅਕਤੀ ਨੂੰ ਆਪਣੇ ਆਨਲਾਈਨ ਖਾਤਿਆਂ ਲਈ ਮਜ਼ਬੂਤ ਪਾਸਵਰਡ ਵਰਤਣੇ ਚਾਹੀਦੇ ਹਨ, ਦੋ-ਪੜਾਵਾਂ ਤਸਦੀਕ (2 ਐਫ.ਏ) ਵਰਤਣੀ ਚਾਹੀਦੀ ਹੈ, ਅਤੇ ਕਿਸੇ ਵੀ ਅਣਜਾਣੀ ਲਿੰਕ 'ਤੇ ਕਲਿੱਕ ਕਰਨ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਸਾਈਬਰ ਯੁੱਧ ਇੱਕ ਅਜਿਹੀ ਹਕੀਕਤ ਬਣ ਚੁੱਕੀ ਹੈ, ਜਿਸਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਜਿਵੇਂ-ਜਿਵੇਂ ਸੰਸਾਰ ਹੋਰ ਡਿਜੀਟਲ ਹੋ ਰਿਹਾ ਹੈ, ਇਹ ਖਤਰੇ ਵੀ ਵਧ ਰਹੇ ਹਨ। ਆਉਣ ਵਾਲੇ ਸਮੇਂ ਵਿਚ, ਇੱਕ ਦੇਸ਼ ਦੀ ਤਾਕਤ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਨ੍ਹਾਂ ਦੀ ਸਾਈਬਰ ਸੁਰੱਖਿਆ ਕਿੰਨੀ ਮਜ਼ਬੂਤ ਹੈ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਤਕਨਾਲੋਜੀਕ ਭਵਿੱਖ ਲਈ ਤਿਆਰ ਕਰੀਏ, ਤਾਂ ਜੋ ਨਾ ਸਿਰਫ਼ ਦੇਸ਼, ਬਲਕਿ ਆਮ ਨਾਗਰਿਕ ਵੀ ਸੁਰੱਖਿਅਤ ਰਹਿਣ।

# ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸੰਗੀਤਕ ਤੇ ਅਕਾਦਮਿਕ ਸਾਂਝ

ਮੈਂ ਆਪਣੀ ਉਮਰ ਦੇ ਪਹਿਲੇ ਚੌਦਾਂ ਸਾਲ ਅਖੰਡ ਪੰਜਾਬ ਦਾ ਅਨੰਦ ਮਾਣਿਆ ਹੈ। ਇਹ ਗੱਲ ਵੱਖਰੀ ਹੈ ਕਿ ਸਨ ਸੰਤਾਲੀ ਤੱਕ ਮੈਂ ਲਾਹੌਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖ਼ੂਪੁਰਾ ਤੇ ਰਾਵਲਪਿੰਡੀ ਨਹੀਂ ਸਨ ਤੱਕੇ। ਇਨ੍ਹਾਂ ਦਾ ਜ਼ਿਕਰ ਮੈਂ ਆਪਣੇ ਬਜ਼ੁਰਗਾਂ ਤੇ ਉਨ੍ਹਾਂ ਦੇ ਸਾਥੀਆਂ ਤੋਂ ਸੁਣਿਆ ਸੀ ਜਾਂ ਪਾਠ-ਪੁਸਤਕਾਂ ਵਿਚ ਹੀ ਪੜ੍ਹਿਆ ਸੀ। ਇਹ ਤੇ ਇਹੋ ਜਿਹੇ ਹੋਰ ਅਨੇਕਾਂ ਸਥਾਨ ਮੈਂ ਪਿਛਲੇ 25-30 ਸਾਲਾਂ ਵਿਚ ਵੇਖੇ ਹਨ। ਇਨ੍ਹਾਂ ਵਰ੍ਹਿਆਂ ਦੀਆਂ ਪਾਕਿਸਤਾਨ ਯਾਤਰਾਵਾਂ ਨੇ ਮੈਨੂੰ ਓਧਰਲੇ ਵਸਨੀਕਾਂ ਦੀ ਮੁਹੱਬਤ ਤੇ ਮਹਿਮਾਨ-ਨਿਵਾਜੀ ਨੇ ਬੜਾ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀਆਂ ਸਲਾਮਾਂ ਦਾ ਕੋਈ ਜਵਾਬ ਨਹੀਂ। ਉਹ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਖੱਬਾ ਹੱਥ ਛਾਤੀ ਉੱਤੇ ਰਖ ਕੇ ਸੱਜੇ ਹੱਥ ਨਾਲ ਸਲਾਮ ਕਹਿੰਦੇ ਹਨ ਤੇ ਮਹਿਮਾਨਾਂ ਦਾ ਮਨ ਮੋਹ ਲੈਂਦੇ ਹਨ। ਇਸ ਮੁਹੱਬਤ ਦਾ ਵੱਡਾ ਕਾਰਨ 1947 ਵਿਚ ਇੱਕ ਦੂਜੇ ਨਾਲੋਂ ਟੁੱਟਣਾ ਵੀ ਹੈ।

ਭਾਵੇਂ ਸਨ ਸੰਤਾਲੀ ਦੀ ਵੰਡ ਨੂੰ ਪੌਣੀ ਸਦੀ ਬੀਤ ਚੁੱਕੀ ਹੈ, ਪਰ ਏਧਰ ਵਾਲੇ ਵੀ ਓਧਰਲੇ ਪੰਜਾਬ ਨੂੰ ਕਿਸੇ ਨਾ ਕਿਸੇ ਰੂਪ ਵਿਚ ਚੇਤੇ ਕਰਦੇ ਰਹਿੰਦੇ ਹਨ। ਖਾਸ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਚੰਡੀਗੜ੍ਹ ਸਥਿਤ ਪੰਜਾਬ ਕਲਾ ਪ੍ਰੀਸ਼ਦ ਰਾਹੀਂ ਪੰਜਾਬ ਦੀ ਸੰਗੀਤ ਪਰੰਪਰਾ, ਵਿਰਸਾ, ਵਰਤਮਾਨ ਤੇ ਭਵਿੱਖ ਨੂੰ ਪ੍ਰਨਾਈ ਮਾਰਚ ਮਹੀਨੇ ਵਾਲੀ ਤਿੰਨ ਦਿਨਾ ਕਾਨਫਰੰਸ ਇਸਦਾ ਸੱਜਰਾ ਸਬੂਤ ਹੈ। ਇਸ ਵਿਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਸਮੇਤ ਡਾ. ਨੀਰਾ ਗਰੋਵਰ, ਨਿਵੇਦਿਤਾ ਸਿੰਘ, ਨਰਿੰਦਰ ਕੌਰ ਮੁਲਤਾਨੀ ਹੀ ਨਹੀਂ ਕੈਨੇਡਾ ਤੋਂ ਪਹੁੰਚੇ ਰੁਪਿੰਦਰ ਸਿੰਘ ਮਲ੍ਹੀ ਅਤੇ ਪਾਕਿਸਤਾਨ ਵਾਲੀ ਨਬੀਲਾ ਰਹਿਮਾਨ ਨੇ ਵੀ ਸ਼ਿਰਕਤ ਕੀਤੀ। ਏਥੇ ਪੰਜਾਬੀ ਸੰਗੀਤ ਦੀਆਂ ਵੱਖ ਵੱਖ ਸਿਨਫਾਂ ਦੇ ਹਵਾਲੇ ਨਾਲ ਪੰਜਾਬ ਦੀ ਸੰਗੀਤ ਪਰੰਪਰਾ ਦੀ ਉੱਤਮਤਾ ਉਜਾਗਰ ਕਰਦਿਆਂ ਅਜੋਕੀ ਪੀੜ੍ਹੀ ਨੂੰ ਇਸ ਤੋਂ ਭਲੀ-ਭਾਂਤ ਜਾਣੂ ਕਰਵਾਉਣ ਉੱਤੇ ਜ਼ੋਰ ਦਿੱਤਾ ਗਿਆ। ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਉੱਘੇ ਲੋਕ ਗਾਇਕ ਪੰਮੀ ਬਾਈ ਨੇ ਯੂਨੀਵਰਸਿਟੀ ਵੱਲੋਂ ਵਿਰਾਸਤੀ ਸੰਗੀਤ ਤੇ ਲੋਕ ਨਾਚ ਸਬੰਧੀ ਕੀਤੀ ਗਈ ਖੋਜ ਦਾ ਉਚੇਚਾ ਜ਼ਿਕਰ ਕੀਤਾ। ਨਬੀਲਾ ਰਹਿਮਾਨ ਨੇ ਕਿਹਾ ਆਵਾਜ਼ ਅਤੇ ਖੁਸ਼ਬੂ ਨੂੰ ਡੱਕਿਆ ਨਹੀਂ ਜਾ ਸਕਦਾ। ਉਨ੍ਹਾਂ ਸੰਗੀਤ ਅਤੇ ਇਸ ਨਾਲ ਜੁੜੇ ਅਕਾਦਮਿਕ ਕਾਰਜਾਂ ਦੀ ਬਿਹਤਰੀ ਲਈ ਦੋਵਾਂ ਸੂਬਿਆਂ ਦੇ ਵਿਦਿਅਕ ਅਤੇ ਖੋਜ ਅਦਾਰਿਆਂ ਨੂੰ ਸੰਸਥਾਪਕ ਪੱਧਰ 'ਤੇ ਸਾਂਝ ਕਾਇਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ ਜਿੱਥੇ ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਉੱਤੇ ਚਰਚਾ ਹੋਈ, ਉਥੇ ਹੀ ਕੋਲਕਾਤਾ ਤੋਂ ਪੁੱਜੇ ਪਟਿਆਲਾ ਘਰਾਣੇ ਦੇ ਕਲਾਕਾਰ ਵਿਦੂਸ਼ੀ ਅੰਜਨਾ ਨਾਥ ਨੇ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਵੀ ਦਿੱਤੀ। ਇਸ ਸੈਸ਼ਨ ਵਿਚ ਵਿਸ਼ੇਸ਼ ਵਿਖਿਆਨ ਦੇਣ ਲਈ ਡਾ. ਮੁਹੰਮਦ ਜ਼ਫ਼ਰ, ਪੰਜਾਬ ਯੂਨੀਵਰਸਿਟੀ, ਲਾਹੌਰ ਨੇ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਸ਼ਾਸਤਰੀ ਸੰਗੀਤ ਅਤੇ ਸੰਗੀਤਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸਾਰਥਕ ਚਰਚਾ ਕੀਤੀ।

ਕਾਨਫਰੰਸ ਦਾ ਇਹ ਸੈਸ਼ਨ ਪੰਜਾਬ ਦੀ ਵਾਦਨ ਸੰਗੀਤ ਪਰੰਪਰਾ ਨੂੰ ਸਮਰਪਿਤ ਸੀ ਜਿਸ ਵਿਚ ਤਬਲਾ ਵਾਦਨ ਤੋਂ ਜੋੜੀ ਵਾਦਨ ਦੇ ਪ੍ਰਯੋਗ ਨੂੰ ਸ੍ਰੀ ਗੁਰੂ ਅਰਜਨ ਦੇਵ ਦੇ ਸਮੇਂ ਨਾਲ ਜੋੜ ਕੇ ਤਰਕਪੂਰਨ ਵਿਚਾਰ ਸਾਹਮਣੇ ਆਏ। ਏਥੇ ਪਰੰਪਰਾਗਤ ਸ਼ਾਸਤਰੀ ਪੱਖ ਦੇ ਨਾਲ ਕਿਰਿਆਤਮਕ ਰੂਪ ਵਿਚ ਤਬਲੇ ਅਤੇ ਪਖਾਵਜ ਦੇ ਖੁੱਲ੍ਹੇ ਬੋਲਾਂ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਕਾਨਫਰੰਸ ਵਿਚ ਪੰਜਾਬ ਦੀ ਗੁਰਮਤਿ ਸੰਗੀਤ ਪਰੰਪਰਾ, ਲੋਕ ਸੰਗੀਤ ਪਰੰਪਰਾ ਅਤੇ ਸੂਫੀ ਸੰਗੀਤ ਪਰੰਪਰਾ ਦਾ ਗੁਣ-ਗਾਇਨ ਵੀ ਖੂਬ ਹੋਇਆ।

ਆਖਰੀ ਦਿਨ ਪੰਜਾਬੀ ਗਾਇਕੀ ਵਿਚ ਨਵੇਂ ਰੁਝਾਨਾਂ ਦੀ ਗੱਲ ਕਰਦਿਆਂ ਸਾਹਿਤਕ ਗਾਇਕੀ ਅਤੇ ਪ੍ਰਗਤੀਸ਼ੀਲ ਗਾਇਕੀ ਬਾਰੇ ਵੀ ਚਰਚਾ ਹੋਈ। ਖਾਸ ਕਰਕੇ ਚਲੰਤ ਤੇ ਬਜ਼ਾਰੂ ਗਾਇਕੀ ਦੇ ਮੁਕਾਬਲੇ ਸਾਹਿਤਕ ਗਾਇਕੀ ਨੂੰ ਪ੍ਰਚਾਰਿਤ ਕਰਨ ਦੀ ਲੋੜ ਜਤਾ ਕੇ ਅਤੇ ਅਤਿ ਆਧੁਨਿਕ ਤਕਨੀਕ ਦੇ ਚੱਲਦੇ ਗਾਇਕੀ ਦੇ ਹੋ ਰਹੇ ਨੁਕਸਾਨ ਦਾ ਹਵਾਲਾ ਦੇ ਕੇ ਪਾਕਿਸਤਾਨ ਤੋਂ ਜੁੜੇ ਜਨਾਬ ਮਸੂਦ ਮੱਲ੍ਹੀ ਨੇ ਰੇਡੀਓ ਲਾਹੌਰ ਦੇ ਹਵਾਲੇ ਨਾਲ ਸੂਫੀ ਗਾਇਕੀ ਦੇ ਪ੍ਰਸਾਰ ਬਾਰੇ ਵੇਰਵਾ ਦਿੱਤਾ ਅਤੇ ਖ਼ੁਸ਼ੀ ਪ੍ਰਗਟਾਈ ਕਿ ਦੋਵਾਂ ਪੰਜਾਬਾਂ ਦਰਮਿਆਨ ਸੰਗੀਤ ਦੇ ਹਵਾਲੇ ਨਾਲ ਅਜਿਹਾ ਸੰਵਾਦ ਹੋ ਰਿਹਾ ਹੈ।

ਕਾਨਫਰੰਸ ਦੇ ਵਿਦਾਇਗੀ ਸੈਸ਼ਨ ਵਿਚ ਪੰਜਾਬ ਦੇ ਵਿਰਾਸਤੀ ਸੰਗੀਤ ਨੂੰ ਸੰਭਾਲਣ ਵਿਚ ਆਕਾਸ਼ਵਾਣੀ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਉੱਘੀ ਗਾਇਕਾ ਡੌਲੀ ਗੁਲੇਰੀਆ ਨੇ ਨਵੇਂ ਆਕਾਸ਼ਵਾਣੀ ਦੀ ਸਾਰਥਕ ਭੂਮਿਕਾ ਦੀ ਸ਼ਲਾਘਾ ਕਰਦਿਆਂ ਆਕਾਸ਼ਵਾਣੀ ਕੇਂਦਰਾਂ ਵਿਚ ਕਾਰਜਸ਼ੀਲ ਕਾਮਿਆਂ ਦੀ ਘਟ ਰਹੀ ਗਿਣਤੀ ਬਾਰੇ ਚਿੰਤਾ ਪ੍ਰਗਟਾਈ। ਤੇਜ਼ ਤਰਾਰ ਨਿੰਦਰ ਘੁਗਿਆਣਵੀ ਨੇ ਪੰਜਾਬੀ ਗਾਇਕਾਂ ਨਾਲ ਜੁੜੇ ਰੋਚਕ ਕਿੱਸੇ ਸਾਂਝੇ ਕੀਤੇ। ਸੰਗੀਤ ਵਿਭਾਗ ਤੋਂ ਡਾ. ਜਯੋਤੀ ਸ਼ਰਮਾ ਨੇ ਕਾਨਫਰੰਸ ਰਿਪੋਰਟ ਪੇਸ਼ ਕੀਤੀ ਅਤੇ ਡਾ. ਜਸਬੀਰ ਕੌਰ ਨੇ ਕਾਨਫਰੰਸ ਵਿਚ ਸ਼ਾਮਲ ਹੋਣ ਵਾਲਿਆਂ ਦੀ ਪ੍ਰਤੀਨਿਧਤਾ ਕਰਦਿਆਂ ਕਿਹਾ ਕਿ ਕਾਨਫਰੰਸ ਵਿਚ ਕੁਲ 150 ਤੋਂ ਵੱਧ ਪੇਪਰ ਪੜ੍ਹੇ ਗਏ ਤੇ ਪੰਜਾਬ ਤੇ ਪੰਜਾਬ ਤੋਂ ਬਾਹਰੋਂ ਆਏ ਅਧਿਆਪਕਾਂ ਤੇ ਬੁੱਧੀਜੀਵੀਆਂ ਨੇ ਇਸ ਕਾਨਫਰੰਸ ਵਿਚ ਹਿੱਸਾ ਲਿਆ। ਇਹ ਆਪਣੀ ਕਿਸਮ ਦੀ ਪਹਿਲੀ ਸੰਗੀਤਕ ਕਾਨਫਰੰਸ ਹੋ ਗੁਜ਼ਰੀ।

ਇਸ ਅਵਸਰ 'ਤੇ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ ਅਤੇ ਮੈਂਬਰ ਅਮਰਜੀਤ ਗਰੇਵਾਲ ਨੇ ਕਾਨਫਰੰਸ ਦੇ ਸਫ਼ਲ ਆਯੋਜਨ ਲਈ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਨੂੰ ਵਧਾਈ ਦਿੱਤੀ ਅਤੇ ਇਸ ਸਮਾਗਮ ਨੂੰ ਪੰਜਾਬ ਦੀ ਨਵ-ਸਿਰਜਣਾ ਸਬੰਧੀ ਸਾਰਥਕ ਕਦਮ ਦੱਸਿਆ।

ਪੰਜਾਬ ਦੀ ਨਵ-ਸਿਰਜਣਾ ਦੇ ਮਹਾਂ ਉਤਸਵ ਅਧੀਨ ਕਰਵਾਈ ਗਈ ਇਸ ਕਾਨਫਰੰਸ ਦੇ ਸੱਤ ਅਕਾਦਮਿਕ ਸੈਸ਼ਨਾਂ ਵਿਚ ਪੰਜਾਬ ਦੇ ਵਿਸ਼ੇਸ਼ ਵਿਖਿਆਨਕਾਰਾਂ ਅਤੇ ਮਹਿਮਾਨਾਂ ਨੇ ਸ਼ਿਰਕਤ ਕੀਤੀ। ਪੰਜਾਬ ਦੇ ਸੰਗੀਤ ਦੇ ਵੱਖ-ਵੱਖ ਪਹਿਲੂਆਂ ਉੱਤੇ ਵੱਡੀ ਗਿਣਤੀ ਵਿਚ ਪੇਪਰ ਪੜ੍ਹੇ ਗਏ। ਕਾਨਫਰੰਸ ਰਾਹੀਂ ਇਹ ਮਤਾ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਕਲਾ ਅਤੇ ਸਭਿਆਚਾਰ ਦੇ ਹਵਾਲੇ ਨਾਲ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਰਮਿਆਨ ਸੰਵਾਦ ਅਤੇ ਆਦਾਨ-ਪ੍ਰਦਾਨ ਦਾ ਬਿਹਤਰ ਤਰੀਕਾ ਹੋਣਾ ਬੇਹੱਦ ਜ਼ਰੂਰੀ ਹੈ। ਇਸ ਲਈ ਕਲਾਕਾਰਾਂ, ਸੰਗੀਤ ਦੇ ਵਿਦਵਾਨਾਂ ਅਤੇ ਖੋਜਕਾਰਾਂ ਦਾ ਦੋਵੇਂ ਪਾਸੇ ਆਉਣ-ਜਾਣ ਦਾ ਜ਼ਰੀਆ ਸੁਖਾਲਾ ਬਣਾਇਆ ਜਾਵੇ ਅਤੇ ਔਨਲਾਈਨ ਵਿਧੀ ਦੀ ਥਾਂ ਆਪਸੀ ਮੇਲ-ਜੋਲ ਨੂੰ ਤਰਜੀਹ ਦਿੱਤੀ ਜਾਵੇ। ਦੋਨਾਂ ਪੰਜਾਬਾਂ ਦੇ ਗੁਰਮਤਿ ਸੰਗੀਤ ਤੇ ਭਾਸ਼ਾ ਵਿਕਾਸ ਨਾਲ ਜੁੜੀ ਡਾ. ਜਸਬੀਰ ਕੌਰ ਇਕ ਤਰ੍ਹਾਂ ਨਾਲ ਇਸ ਕਾਨਫਰੰਸ ਦੀ ਰੂਹ-ਏ-ਰਵਾਂ ਵੀ ਹੋ ਗੁਜ਼ਰੀ।

**ਅੰਤਿਕਾ**

ਤਰਸੇਮ ਸਫਰੀ॥
ਗਮ ਬੜੇ, ਹੰਝੂ ਬੜੇ, ਸਦਮੇ ਬੜੇ,
ਦਿਲ ਮੇਰਾ ਧਨਵਾਨ ਬਣਦਾ ਜਾ ਰਿਹੈ।

---

## ਪ੍ਰਗਟਾਵੇ ਦੀ ਆਜ਼ਾਦੀ

# ਸੁਪਰੀਮ ਕੋਰਟ ਅਤੇ ਮਦਰਾਸ ਹਾਈ ਕੋਰਟ ਵਲੋਂ ਦਿਖਾਈ ਗਈ ਨਿਆਂਇਕ ਦਲੇਰੀ ਦੀ 'ਬੱਲੇ!ਬੱਲੇ'!!

ਸ਼ੁਕਰਵਾਰ ਦਾ ਦਿਨ ਨਿਆਂ-ਪ੍ਰਣਾਲੀ ਉੱਪਰ ਹੋਰ ਮਾਣ ਕਰਨ ਦੇ ਪ੍ਰਦਾਨ ਕੀਤੇ ਮੌਕਿਆਂ ਦਾ ਦਿਨ ਹੈ। ਜ਼ਰਾ ਇੱਕ ਜੱਜ ਦੇ ਘਰੋਂ ਬਲਦੇ ਨੋਟਾਂ ਦੀਆਂ ਦੱਥੀਆਂ ਮਿਲਣ ਦੀ ਗੱਲ ਹਾਲ ਦੀ ਘੜੀ ਲਾਂਭੇ ਰਖ ਲਈਏ ਤਾਂ ਇਸ ਦਿਨ, ਜਾਣੀ 28 ਮਾਰਚ ਨੂੰ, ਦੇਸ਼ ਦੀ ਸਰਬਉੱਚ ਅਦਾਲਤ ਨੇ ਬੋਲਣ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਲੋਕਤੰਤਰ ਦਾ ਅਨਿੱਖੜਵਾਂ ਅੰਗ ਕਿਹੈ ਕਿਉਂਕਿ ਇਹ (1) ਸਭਿਅਕ ਸਮਾਜ, (2) ਮਾਣ-ਸਨਮਾਨ ਵਾਲੀ ਜ਼ਿੰਦਗੀ ਅਤੇ (3) ਇਕ ਸਿਹਤਮੰਦ ਲੋਕਤੰਤਰ ਲਈ ਅਤੀ ਜ਼ਰੂਰੀ ਹੈ।

ਇਸ ਇਤਿਹਾਸਕ ਫੈਸਲੇ ਵਿਚ ਸਾਹਿਤ, ਸਮੇਤ ਸ਼ਾਇਰੀ, ਮਨੋਰੰਜਨ ਦੀਆਂ ਕਲਾਵਾਂ, ਡਰਾਮਾ, ਫਿਲਮਾਂ, ਹਾਸਰਸ, ਵਿਅੰਗ, ਸਟੈਂਡ-ਅਪ ਕਾਮੇਡੀ ਅਦਿ ਨੂੰ ਜ਼ਿੰਦਗੀ ਨੂੰ ਹੋਰ ਸਾਰਥਕ ਬਣਾਉਣ ਵਾਲੇ ਦਸਿਆ ਗਿਆ ਹੈ।

ਪ੍ਰਗਟਾਵੇ ਦੀ ਆਜ਼ਾਦੀ ਨੂੰ ਇੰਨਾ ਮਹੱਤਵਪੂਰਨ ਕਿਹਾ ਗਿਆ ਕਿ 'ਭਾਵੇਂ ਕੁਝ ਬੋਲੇ ਜਾਂ ਲਿਖੇ ਗਏ ਸ਼ਬਦ ਜੱਜਾਂ ਨੂੰ ਵੀ ਚੰਗੇ ਨਾ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਲਗਦੇ ਹੋਣ, ਉਨ੍ਹਾਂ ਦੇ ਪ੍ਰਗਟਾਵੇ ਉਪਰ ਪਾਬੰਦੀ ਨਹੀਂ ਲਗਾਈ ਜਾ ਸਕਦੀ'!

ਸਾਨੂੰ ਇਥੇ ਮਹਾਨ ਫਰਾਂਸੀਸੀ ਲੇਖਕ ਤੇ ਦਾਰਸ਼ਨਿਕ ਵਾਲਟੇਅਰ (1694-1778) ਦੀ ਉਹ ਅਭੁੱਲ ਕੁਟੇਸ਼ਨ ਯਾਦ ਆ ਜਾਂਦੀ ਹੈ ਜਿਸ ਵਿਚ ਉਸ ਨੇ ਕਿਹਾ ਸੀ-'ਮੈਂ ਤੁਹਾਡੇ ਵਿਚਾਰਾਂ ਨਾਲ ਬੇਸ਼ੱਕ ਸਹਿਮਤ ਨਾ ਹੋਵਾਂ ਪਰ ਮੈਂ ਇਨ੍ਹਾਂ ਦੇ ਪ੍ਰਗਟ ਕੀਤੇ ਜਾਣ ਦੇ ਅਧਿਕਾਰ ਲਈ ਆਪਣੇ ਆਖਰੀ ਦਮ ਤਕ ਲੜਾਂਗਾ' (ਕਈ ਥਾਂ ਇਸ ਕੋਟ ਨੂੰ ਵਾਲਟੇਅਰ ਦੀ ਜੀਵਨੀ-ਲੇਖਿਕਾ 'ਈਵਲਿਨ ਬੀਐਟਰਿਸ/ਬੀਟ੍ਰਾਈਸ ਹਾਲ' ਵਲੋਂ ਲਿਖੀ ਗਈ ਕਿਹਾ ਗਿਐ)।

54-ਸਫਿਆਂ ਦੀ ਇਹ ਜੱਜਮੈਂਟ ਸੁਪਰੀਮ ਕੋਰਟ ਦੇ ਬੈਂਚ ਜਸਟਿਸ ਅਭੈ.ਐਸ.ਓਕਾ ਅਤੇ ਜਸਟਿਸ ਉੱਜਲ ਭੁਈਆਂ ਨੇ ਗੁਜਰਾਤ ਦੀ ਪੁਲਿਸ ਵਲੋਂ ਕਾਂਗਰਸ ਦੇ ਸਾਂਸਦ ਇਮਰਾਨ ਪ੍ਰਤਾਪਗੜ੍ਹੀ ਵਿਰੁਧ ਦਰਜ ਕੀਤੇ ਇੱਕ ਕੇਸ ਨੂੰ ਖਾਰਜ ਕਰਦਿਆਂ ਦਿਤੀ। ਪ੍ਰਤਾਪਗੜ੍ਹੀਆ ਵਿਰੁੱਧ ਇਹ ਕੇਸ ਇਸ ਲਈ ਦਰਜ ਕੀਤਾ ਗਿਆ ਸੀ ਕਿ ਉਸ ਨੇ ਇਕ ਸ਼ਾਦੀ ਸਮਾਗਮ ਵਿਚ ਸ਼ਮੂਲੀਅਤ ਦੀ ਕਲਿਪ ਆਪਣੇ ਸੋਸ਼ਲ ਮੀਡੀਆ ਹੈਂਡਲ ਉਪਰ ਅਪਲੋਡ ਕੀਤੀ ਸੀ ਜਿਸ ਵਿਚ ਫੈਜ਼ ਅਹਿਮਦ ਫੈਜ਼ ਦੀ ਇਕ ਕਵਿਤਾ ਦੀਆਂ ਗਾਈਆਂ ਸਤਰਾਂ ਦੀ ਰਿਕਾਰਡ ਕੀਤੀ ਆਵਾਜ਼ ਸੁਣਾਈ ਦੇ ਰਹੀ ਸੀ-'ਐ ਖੂਨ ਕੇ ਪਿਆਸੋਂ ਬਾਤ ਸੁਨੋ...'

ਬਸ ਫਿਰ ਕੀ ਸੀ, ਗੁਜਰਾਤ ਪੁਲਿਸ ਨੇ ਆਪਣੇ ਭੱਥੇ ਵਿਚਲੇ ਸਾਰੇ ਤੀਰ ਦਾਗ ਦਿਤੇ, ਇਸ ਸਬੰਧੀ ਜਿੰਨੀਆਂ ਕੁ ਵੀ ਅਪਰਾਧਿਕ ਧਾਰਾਵਾਂ ਬਣਦੀਆਂ ਸਨ, ਉਹ ਸਾਰੀਆਂ ਠੋਕ ਦਿਤੀਆਂ ਜਿਨ੍ਹਾਂ ਵਿਚ ਫਿਰਕਿਆਂ ਵਿਚ ਦੁਸ਼ਮਣੀ ਵਧਾਉਣ, ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿਚ ਪਾਉਣ ਅਤੇ ਕਿਸੇ ਵਰਗ ਵਿਸ਼ੇਸ਼ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਆਦਿ ਸ਼ਾਮਲ ਹਨ। ਗੁਜਰਾਤ ਪੁਲਿਸ ਤਾਂ ਪੁਲਿਸ ਹੋਈ, ਪਰ ਗੁਜਰਾਤ ਹਾਈ ਕੋਰਟ ਨੇ ਵੀ ਇਸ ਕੇਸ ਨੂੰ ਸਹੀ ਠਹਿਰਾਇਆ, ਜਿਸ ਕਾਰਨ ਪ੍ਰਤਾਪਗੜ੍ਹੀਆ ਨੇ ਸੁਪਰੀਮ ਕੋਰਟ ਦੇ ਦਰਵਾਜ਼ੇ 'ਤੇ ਦਸਤਕ ਦਿਤੀ ਅਤੇ ਕੇਸ ਖਾਰਜ ਹੋ ਗਿਆ!

ਸੁਪਰੀਮ ਕੋਰਟ ਨੇ ਭਾਵੇਂ ਸ਼ਬਦ ਹੋਰ ਵਰਤੇ ਹਨ ਪਰ ਅਰਥ ਉਨ੍ਹਾਂ ਦਾ ਇਹੀ ਹੈ ਕਿ ਕੀ 75-ਸਾਲਾ ਆਜ਼ਾਦ ਗਣਰਾਜ (ਦੇਸ਼) ਦੀ ਬੁਨਿਆਦ ਦੀਆਂ ਚੂਲਾਂ ਐਨੀਆਂ ਢਿੱਲੀਆਂ ਹਨ ਕਿ ਸਿਰਫ ਇਕ ਕਵਿਤਾ ਉਨ੍ਹਾਂ ਨੂੰ ਹਿਲਾ ਸਕਦੀ ਹੈ!




ਇਹ ਕਹਿੰਦਿਆਂ ਕਿ ਮਹਿਜ਼ ਇਕ ਕਵਿਤਾ ਦੇ ਉਚਾਰਨ/ਗਾਇਣ ਨਾਲ ਵੱਖ-ਵੱਖ ਫਿਰਕਿਆਂ ਵਿਚ ਦੁਸ਼ਮਣੀ ਨਹੀਂ ਵਧ ਸਕਦੀ, ਬੈਂਚ ਨੇ ਬਾ-ਕਮਾਲ ਟਿੱਪਣੀ ਕੀਤੀ-'ਸਾਨੂੰ 75 ਸਾਲ ਹੋ ਗਏ ਹਨ ਰਿਪਬਲਿਕ (ਗਣਰਾਜ) ਬਣਿਆਂ, ਅਸੀਂ ਆਪਣੀ (ਮਜ਼ਬੂਤ) ਬੁਨਿਆਦ ਉਪਰ ਐਨੇ ਡਾਵਾਂਡੋਲ ਤਾਂ ਨਹੀਂ ਹੋ ਸਕਦੇ ਕਿ ਮਹਿਜ਼ ਇਕ ਕਵਿਤਾ ਪੜ੍ਹੇ ਜਾਣ, ਜਾਂ ਹੋਰ ਕਿਸੇ ਕਿਸਮ ਦੀ ਕਲਾ ਜਾਂ ਮਨੋਰੰਜਨ ਜਿਵੇਂ ਸਟੈਂਡਅਪ ਕਾਮੇਡੀ, ਵੱਖ-ਵੱਖ ਫਿਰਕਿਆਂ ਵਿਚਕਾਰ ਦੁਸ਼ਮਣੀ ਜਾਂ ਨਫਰਤ ਫੈਲਾ ਸਕਦੀ ਹੈ। ਅਜਿਹੇ ਵਿਚਾਰ ਨਾਲ ਸਹਿਮਤੀ ਜਨਤਕ ਜੀਵਨ ਵਿਚ ਉੱਚਿਤ ਵਿਚਾਰ-ਪ੍ਰਗਟਾਵੇ ਦੀ ਸੰਘੀ ਨਪਣਾ ਹੋਵੇਗਾ ਕਿਉਂਕਿ ਅਜਿਹਾ ਪ੍ਰਗਟਾਵਾ ਇਕ ਆਜ਼ਾਦ ਸਮਾਜ ਦਾ ਆਧਾਰ ਹੁੰਦਾ ਹੈ'!

ਜਸਟਿਸ ਓਕਾ ਦੀ ਅਗਵਾਈ ਵਾਲੇ ਬੈਂਚ ਨੇ 'ਲਿਟਰੇਚਰ'(ਸਾਹਿਤ) ਉਪਰ ਬੜੀ ਹੀ ਅਰਥ ਭਰਪੂਰ ਟਿੱਪਣੀ ਕਰਦਿਆਂ ਕਿਹਾ, 'ਸਾਹਿਤ ਮਾਨਵ ਜੀਵਨ ਨੂੰ ਹੋਰ ਸਾਰਥਕ ਬਣਾਉਂਦੈ। ਇਸ ਵਿਚ ਸ਼ਾਇਰੀ/ਕਾਵਿ, ਕਲਾ, ਫਿਲਮਾਂ, ਡਰਾਮਾ, ਮਨੋਰੰਜਨ, ਮੰਚ-ਸ਼ੋਅ ਜਿਵੇਂ ਕਿ ਸਟੈਂਡਅਪ ਕਾਮੇਡੀ ਸ਼ਾਮਲ ਹਨ। ਕੋਰਟਾਂ ਇਸ ਫਰਜ਼ ਦੀਆਂ ਪਾਬੰਦ ਹਨ ਕਿ ਉਹ ਸੰਵਿਧਾਨ ਵਿਚ ਦਿਤੇ ਗਏ ਮੌਲਿਕ ਅਧਿਕਾਰਾਂ ਨੂੰ ਬਹਾਲ ਰੱਖਣ ਅਤੇ ਲਾਗੂ ਕਰਵਾਉਣ...ਕੋਰਟਾਂ, ਖਾਸ ਕਰਕੇ ਸੰਵਿਧਾਨਿਕ ਕੋਰਟਾਂ ਨੂੰ ਅਗੇ ਹੋ ਕੇ ਇਨ੍ਹਾਂ ਅਧਿਕਾਰਾਂ ਦੀ ਉਤਸ਼ਾਹਪੂਰਵਕ ਢੰਗ ਨਾਲ ਰਾਖੀ ਕਰਨੀ ਚਾਹੀਦੀ ਹੈ। ਕੋਰਟਾਂ ਨੂੰ ਹਮੇਸ਼ਾਂ ਇਸ ਲਈ ਯਤਨਸ਼ੀਲ ਰਹਿਣਾ ਚਾਹੀਦੈ ਕਿ ਇਨ੍ਹਾਂ ਅਧਿਕਾਰਾਂ ਦੀ ਹਿਫਾਜ਼ਤ ਤੇ ਸਮਰਥਨ ਕੀਤਾ ਜਾਵੇ, ਸਮੇਤ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ, ਜੋ ਇਕ ਉਦਾਰਚਿਤ ਸੰਵਿਧਾਨਕ ਲੋਕਤੰਤਰ ਵਿਚ ਸਭ ਤੋਂ ਵੱਧ ਕਦਰ/ਪਿਆਰ ਕੀਤਾ ਜਾਣ ਵਾਲਾ ਅਧਿਕਾਰ ਹੁੰਦੈ...ਬਿਨਾਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨ ਦੀ ਧਾਰਾ 21 ਤਹਿਤ ਪ੍ਰਦਾਨ ਕੀਤੇ ਅਧਿਕਾਰ ਅਧੀਨ ਆਨ-ਬਾਨ ਵਾਲਾ ਜੀਵਨ ਜੀਊਣਾ ਅਸੰਭਵ ਹੈ'।

ਬੈਂਚ ਨੇ ਤਾਂ ਇਥੋਂ ਤਕ ਕਿਹਾ, 'ਅਸੀਂ ਬੋਲਿਆ ਜਾਂ ਲਿਖਤੀ ਸ਼ਬਦ ਪਸੰਦ ਨਾ ਵੀ ਕਰੀਏ ਫਿਰ ਵੀ ਸਾਡਾ ਇਹ ਫਰਜ਼ ਹੈ ਕਿ ਅਸੀਂ ਆਰਟੀਕਲ 19(1) ਤਹਿਤ ਪ੍ਰਦਾਨ ਕੀਤੇ ਗਏ ਮੌਲਿਕ ਅਧਿਕਾਰਾਂ ਦਾ ਸਮਰਥਨ ਕਰੀਏ। ਅਸੀਂ ਜੱਜ ਵੀ ਇਸ ਦੇ ਪਾਬੰਦ ਹੁੰਦੇ ਹਾਂ ਕਿ ਅਸੀਂ ਸੰਵਿਧਾਨ ਅਤੇ ਇਸ ਦੇ ਆਦਰਸ਼ਾਂ ਦੀ ਰਾਖੀ ਕਰੀਏ। ਜੇ ਪੁਲਿਸ ਜਾਂ ਕਾਰਜਪਾਲਿਕਾ ਸੰਵਿਧਾਨ ਦੇ ਆਰਟੀਕਲ 19(1)(ਏ) ਤਹਿਤ ਪ੍ਰਦਾਨ ਮੌਲਿਕ ਅਧਿਕਾਰਾਂ ਦਾ ਸਤਿਕਾਰ ਤੇ ਹਿਫਾਜ਼ਤ ਕਰਨ ਵਿਚ ਅਸਫ਼ਲ ਹੁੰਦੀਆਂ ਹਨ ਤਾਂ ਇਹ ਕੋਰਟ ਦਾ ਫਰਜ਼ ਹੈ ਕਿ ਉਹ ਮੌਲਿਕ ਅਧਿਕਾਰਾਂ ਦੀ ਰਖਿਆ ਲਈ ਅਗੇ ਆਵੇ ਤੇ ਦਖਲ ਦੇਵੇ। ਹੋਰ ਕੋਈ ਵੀ ਸੰਸਥਾ ਨਹੀਂ ਹੈ ਜੋ ਨਾਗਰਿਕਾਂ ਦੇ ਇਨ੍ਹਾਂ ਅਧਿਕਾਰਾਂ ਦੀ ਰਾਖੀ ਕਰ ਸਕੇ'।

ਬੈਂਚ ਨੇ ਸੰਵਿਧਾਨ ਦੇ ਆਰਟੀਕਲ 19(2), ਜੋ ਵਾਜਬ ਰੋਕਾਂ/ਪਾਬੰਦੀਆਂ ਦੀ ਗੱਲ ਕਰਦੈ, ਉਪਰ ਵੀ ਟਿੱਪਣੀ ਕੀਤੀ। ਬੈਂਚ ਨੇ ਕਿਹਾ ਕਿ ਵਾਜਬ ਨੂੰ ਵਾਜਬ ਹੀ ਰਹਿਣ ਦੇਣਾ ਚਾਹੀਦੈ ਨਾ ਕਿ ਖਿਆਲੀ ਜਾਂ ਦਮਨਕਾਰੀ ਬਣਾ ਕੇ ਆਰਟੀਕਲ 19(1) ਨੂੰ ਫਿੱਕਾ ਕਰ ਦਿਤਾ ਜਾਵੇ ਜਾਂ ਇਸ ਨੂੰ ਮਾਂਦ ਪਾ ਦਿਤਾ ਜਾਵੇ।

ਬੈਂਚ ਨੇ ਕੇਸ ਨੂੰ ਇਕ ਬਹੁਤ ਹੀ ਮਕਾਨਕੀ ਕਿਰਿਆ ਅਤੇ ਕਾਨੂੰਨੀ ਪ੍ਰਕਿਰਿਆ ਦੀ ਨੰਗੀ-ਚਿਟੀ ਦੁਰਵਰਤੋਂ ਕਰਾਰ ਦਿੰਦਿਆਂ ਤੇ ਕਵਿਤਾ ਨੂੰ ਭੜਕਾਊ ਮੰਨਣੋਂ ਇਨਕਾਰ ਕਰਦਿਆਂ ਕਿਹਾ ਕਿ 'ਵਿਅਕਤੀਆਂ ਜਾਂ ਵਿਅਕਤੀਆਂ ਦੇ ਸਮੂਹ ਦੁਆਰਾ ਵਿਚਾਰਾਂ ਨੂੰ ਆਜ਼ਾਦ ਪ੍ਰਗਟਾਏ ਜਾਣਾ ਇਕ ਸਿਹਤਮੰਦ ਅਤੇ ਸਭਿਅਕ ਸਮਾਜ ਦਾ ਅਟੁੱਟ ਅੰਗ ਹੈ...ਅਸੀਂ ਇਹ ਗੱਲ ਸਮਝਣੋਂ ਅਸਮਰੱਥ ਹਾਂ ਕਿ ਕਵਿਤਾ ਵਿਚਲਾ ਬਿਆਨ ਰਾਸ਼ਟਰੀ ਏਕਤਾ ਲਈ ਕਿਵੇਂ ਹਾਨੀਕਾਰਕ ਹੋ ਸਕਦੈ ਜਾਂ ਰਾਸ਼ਟਰੀ ਏਕਤਾ ਨੂੰ ਕਿਵੇਂ ਪ੍ਰਭਾਵਤ ਕਰ ਸਕਦੈ ਜਦ ਕਿ ਇਹ ਕਵਿਤਾ ਕਿਸੇ ਧਰਮ, ਜਾਤ ਜਾਂ ਭਾਸ਼ਾ ਦਾ ਹਵਾਲਾ ਨਹੀਂ ਦਿੰਦੀ'।

ਵਿਚਾਰਾਂ ਨਾਲ ਅਸਹਿਮਤੀ ਨੂੰ ਵਿਚਾਰਾਂ ਨਾਲ ਹੀ ਟਾਕਰਾ ਕਰਨ ਉਪਰ ਜ਼ੋਰ ਦਿੰਦਿਆਂ ਬੈਂਚ ਨੇ ਕਿਹਾ, 'ਭਾਵੇਂ ਬਹੁਤੇ ਲੋਕ ਦੂਸਰਿਆਂ ਦੁਆਰਾ ਪ੍ਰਗਟਾਏ ਵਿਚਾਰਾਂ ਨੂੰ ਪਸੰਦ ਨਾ ਵੀ ਕਰਨ, ਫਿਰ ਵੀ ਵਿਅਕਤੀ ਵਲੋਂ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਦੀ ਇਜ਼ਤ ਅਤੇ ਹਿਫਾਜ਼ਤ ਕਰਨੀ ਚਾਹੀਦੀ ਹੈ'।

ਸੁਪਰੀਮ ਕੋਰਟ ਦੇ ਇਸ ਇਤਿਹਾਸਕ ਫੈਸਲੇ ਦੇ 5 ਪਹਿਲੂ ਹਨ-1.ਵਿਚਾਰਾਂ ਦੀ ਆਜ਼ਾਦੀ ਦਾ ਮਾਪਦੰਡ ਕਿਸੇ ਦੀ ਨਾ-ਪਸੰਦੀ ਉਪਰ ਅਧਾਰਤ ਨਹੀਂ, ਸਗੋਂ ਸੰਵਿਧਾਨ ਦੁਆਰਾ ਦਿਤੇ ਗਏ ਮੌਲਿਕ ਅਧਿਕਾਰਾਂ ਉਪਰ ਅਧਾਰਤ ਹੈ; 2.ਜੇ ਕੋਈ ਵਿਚਾਰ ਚੰਗਾ ਨਹੀਂ ਲਗਦਾ ਤਾਂ ਉਸ ਦੀ ਕਾਟ ਵਖਰੇ ਵਿਚਾਰ ਵਿਚ ਹੈ, ਨਾ ਕਿ ਹਿੰਸਕ ਵਰਤਾਰੇ, ਦਮਨ ਜਾਂ ਪੁਲਿਸਗੀਰੀ ਵਿਚ; 3.ਰੋਕਾਂ ਜਾਂ ਪਾਬੰਦੀਆਂ (ਰੈਸਟਰਿਕਸ਼ਨਜ਼) ਪ੍ਰਗਟਾਵੇ ਦੀ ਆਜ਼ਾਦੀ ਨੂੰ ਫਿਕਾ ਨਹੀਂ ਪਾ ਸਕਦੀਆਂ, ਭਾਵ ਆਰਟੀਕਲ 19(2) ਆਰਟੀਕਲ 19(1) ਨੂੰ ਮਾਂਦ ਨਹੀਂ ਪਾ ਸਕਦਾ; 4.ਆਪਣੀ ਪਸੰਦ ਜਾਂ ਨਾਪਸੰਦ ਤੋਂ ਉਪਰ ਉਠ ਕੇ ਜੱਜਾਂ ਨੂੰ ਮੌਲਿਕ ਅਧਿਕਾਰਾਂ ਅਤੇ ਸੰਵਿਧਾਨਕ ਪ੍ਰਮੁਖਤਾ ਦੀ ਹਿਫਾਜ਼ਤ ਕਰਨ ਲਈ ਪਾਬੰਦ ਹੋਣਾ ਚਾਹੀਦੈ ਅਤੇ 5.ਸਾਹਿਤ, ਸਮੇਤ ਸ਼ਾਇਰੀ, ਕਾਮੇਡੀ ਤੇ ਹੋਰ ਕੋਮਲ ਕਲਾਵਾਂ, ਜੀਵਨ ਨੂੰ ਹੋਰ ਸਕਾਰਥਾ ਕਰਦੈ!

28 ਮਾਰਚ ਨੂੰ ਹੀ ਮਦਰਾਸ ਹਾਈ ਕੋਰਟ ਨੇ ਕਾਮੇਡੀਅਨ ਕੁਨਾਲ ਕਾਮਰਾ, ਜਿਸ ਵਿਰੁਧ ਮਹਾਰਾਸ਼ਟਰ ਦੇ ਉਪ ਮੁਖ ਮੰਤਰੀ ਏਕਨਾਥ ਸ਼ਿੰਦੇ ਵਿਰੁਧ ਕੀਤੀ ਵਿਅੰਗਾਤਮਕ ਟਿੱਪਣੀ ਕਾਰਨ ਕੇਸ ਦਰਜ ਹੈ, ਨੂੰ ਅੰਤਰਿਮ ਜ਼ਮਾਨਤ ਦਿਤੀ। ਹਾਂ, ਕੁਮਾਰਾ ਵਿਰੁਧ 3 ਕੇਸ ਹੋਰ ਦਰਜ ਕਰ ਦਿਤੇ ਗਏ ਹਨ। ਪਰ ਇਹ ਮਾਮਲਾ ਇਕ ਵਖਰੇ ਲੇਖ ਦੀ ਮੰਗ ਕਰਦੈ।

ਹਾਲ ਦੀ ਘੜੀ, ਸੁਪਰੀਮ ਕੋਰਟ ਵਲੋਂ ਅਤੇ ਮਦਰਾਸ ਹਾਈ ਕੋਰਟ ਵਲੋਂ ਦਿਖਾਈ ਗਈ ਨਿਆਂਇਕ ਦਲੇਰੀ ਦੀ 'ਬੱਲੇ!ਬੱਲੇ'!! ਅਤੇ ਦਮਨਕਾਰੀ ਸ਼ਕਤੀਆਂ ਦੀ 'ਥੱਲੇ!ਥੱਲੇ'!! ਹੀ ਕਰਦੇ ਹਾਂ!

# ਪੇਂਡੂ ਅਰਥਚਾਰਾ, ਵਿਕਾਸ ਅਤੇ ਸਨਮੁੱਖ ਚਣੌਤੀਆਂ



ਪ੍ਰੋਫੈਸਰ (ਡਾ.) ਮੇਹਰ ਮਾਣਕ

ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਬਹੁ ਵਸੋਂ ਪੇਂਡੂ ਅਰਥਚਾਰੇ ਨਾਲ਼ ਜੁੜੀ ਹੋਈ ਹੈ। ਜਿੱਥੇ ਇਸ ਕੋਲ਼ ਕੁਦਰਤੀ ਨਰੋਆ ਵਾਤਾਵਰਨ ਹੈ ਉਥੇ ਹੀ ਇਹ ਆਪਣੀ ਹਿੰਮਤ ਅਤੇ ਮਿਹਨਤ ਕਾਰਨ ਚਰਚਾ ਵਿਚ ਰਹਿੰਦਾ ਹੈ। ਇੱਥੇ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਪੇਂਡੂ ਅਰਥਚਾਰੇ ਵਿਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੇ ਹਨ। 'ਹਰੀ ਕ੍ਰਾਂਤੀ' ਤੋਂ ਬਾਅਦ ਵਕਤ ਗੁਜ਼ਰਨ ਨਾਲ਼ ਬਹੁਤ ਕੁੱਝ ਬਦਲ ਚੁੱਕਿਆ ਹੈ। ਖੁਸ਼ਹਾਲੀ ਬੀਤੇ ਸਮੇਂ ਦੀ ਬਾਤ ਬਣ ਕੇ ਰਹਿ ਗਈ ਹੈ। ਪਰ ਇਸ ਦੇ ਅਰਥਚਾਰੇ ਦੇ ਆਏ ਨਿਘਾਰ ਵੱਲ ਕਿਸੇ ਸਰਕਾਰ ਨੇ ਝਾਕਣ ਦੀ ਕੋਸ਼ਿਸ਼ ਤੱਕ ਨਹੀਂ ਕੀਤੀ। ਭਾਵੇਂ ਪੰਜਾਬ ਅੱਜ ਵੀ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਅਤੇ ਆਪਣੀ ਮਿਹਨਤ ਅਤੇ ਹਿੰਮਤ ਸਦਕਾ ਲਗਭਗ 18-22 ਫੀਸਦੀ ਚੌਲ ਅਤੇ 45 ਫੀਸਦੀ ਕਣਕ ਦੇਸ਼ ਦੇ ਅੰਨ ਭੰਡਾਰਾਂ ਵਿਚ ਦੇ ਰਿਹਾ ਹੈ ਪਰ ਪੰਜਾਬ ਦੇ ਲੋਕ ਬਹੁਤ ਕਾਮੇ ਹੋਣ ਦੇ ਬਾਵਜੂਦ 'ਹਰੀ ਕ੍ਰਾਂਤੀ' ਦੇ ਦੌਰ ਸਮੇਂ ਬਣਾਇਆ ਆਪਣਾ ਸਥਾਨ ਅਤੇ ਲੀਡ ਬਰਕਰਾਰ ਨਹੀਂ ਰੱਖ ਸਕੇ।

ਭਾਵੇਂ 70ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਮੋਹਰੀ ਸੂਬਾ ਸੀ ਪਰ ਉਸ ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ਼ ਇਹ ਹੇਠਾਂ ਖਿਸਕਦਾ-ਖਿਸਕਦਾ ਸੰਨ 2022-23 ਵਿਚ ਦੇਸ਼ ਦੇ ਸੂਬਿਆਂ ਦੀ ਲਿਸਟ ਵਿਚ ਦਸਵੇਂ ਸਥਾਨ ਉੱਤੇ ਪਹੁੰਚ ਗਿਆ। ਪੰਜਾਬ ਦਾ ਖੇਤੀ ਅਰਥਚਾਰਾ ਬਹੁਤ ਸਾਰੇ ਕਾਰਨਾਂ ਕਰਕੇ ਜਿਨ੍ਹਾਂ ਵਿਚ ਖੇਤੀ ਦੀ ਉਤਪਾਦਕਤਾ ਵਿਚ ਖੜੋਤ, ਖੇਤੀ ਲਾਗਤਾਂ ਦਾ ਹੱਦੋਂ ਜ਼ਿਆਦਾ ਵਧ ਜਾਣਾ, ਆਮਦਨ ਦਾ ਘਟ ਜਾਣਾ, ਕੁਦਰਤੀ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਫਸਲਾਂ ਦਾ ਮਾਰੇ ਜਾਣਾ, ਖੇਤੀ ਜਿਣਸਾਂ ਦੇ ਭਾਅ ਵਿਚ ਨਿਗੂਣਾ ਵਾਧਾ ਆਦਿ ਸ਼ਾਮਲ ਹੈ, ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੋ ਗਿਆ। ਜੇਕਰ ਪਿਛਲੇ ਕੁੱਝ ਦਹਾਕਿਆਂ ਦੇ ਰੇਟ ਲਿਸਟ ਉਤੇ ਨਿਗਾਹ ਮਾਰੀਏ ਤਾਂ ਸਹਿਜੇ ਪਤਾ ਚੱਲ ਜਾਂਦਾ ਹੈ ਕਿ ਸੂਬੇ ਅੰਦਰ ਜਿੱਥੇ ਡੀਜ਼ਲ ਅਤੇ ਖਾਦਾਂ ਦੇ ਰੇਟ 110 ਤੋਂ 140 ਗੁਣਾ ਅਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ ਉਥੇ ਖੇਤੀ ਜਿਣਸਾਂ ਦੇ ਭਾਅ 30 ਗੁਣਾ ਤੋਂ ਵੀ ਨਹੀਂ ਵਧੇ। ਲੱਕ ਤੋੜਵੀਂ ਪਰਿਵਾਰ ਸਮੇਤ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਇਸ ਨੇ ਪੇਂਡੂ ਅਰਥਚਾਰੇ ਦੇ ਸੰਕਟ ਦੀ ਆਧਾਰਸ਼ਿਲਾ ਦਾ ਕੰਮ ਕੀਤਾ। ਮੰਡੀ ਦੇ ਮੱਕੜ ਜਾਲ਼ ਵਿਚ ਫ਼ਸਿਆ ਕਿਸਾਨ ਮਜਬੂਰੀ ਵੱਸ ਲਗਾਤਾਰ ਕਰਜ਼ਾ ਚੁੱਕਦਾ ਗਿਆ ਅਤੇ ਆਮਦਨ ਦਾ ਲਗਾਤਾਰ ਗਰਾਫ ਡਿੱਗਣ ਕਾਰਨ ਕਰਜ਼ਈ ਹੁੰਦਾ ਚਲਾ ਗਿਆ। ਪ੍ਰੋਫੈਸਰ (ਡਾ.) ਹਰਜਿੰਦਰ ਸਿੰਘ ਸ਼ੇਰਗਿੱਲ ਦੇ ਅਧਿਐਨ ਮੁਤਾਬਿਕ ਸੰਨ 1997 ਵਿਚ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ। ਇਹ ਢਾਈ ਦਹਾਕਿਆਂ ਬਾਅਦ (2022-23) ਘਟਣ ਦੀ ਬਜਾਏ ਵਧ ਕੇ 73673 ਕਰੋੜ ਰੁਪਏ ਹੋ ਗਿਆ। ਅਜਿਹੀ ਖੁਸ਼ਹਾਲੀ ਅਤੇ ਤਰੱਕੀ ਦੇ ਆਲਮ ਨੂੰ ਕੀ ਕਿਹਾ ਜਾ ਸਕਦਾ ਹੈ? ਅੱਜ 'ਤਰੱਕੀ ਪਸੰਦ ਪੰਜਾਬ' ਦੀ ਹਾਲਤ ਇਹ ਹੈ ਕਿ ਸੂਬੇ ਦੇ ਹਰੇਕ ਕਿਸਾਨ ਦੇ ਸਿਰ ਉੱਤੇ ਔਸਤਨ 2.05 ਲੱਖ ਰੁਪਏ ਕਰਜ਼ਾ ਹੈ। ਇਸ ਕਰਜ਼ਈਪੁਣੇ ਨੇ ਖੁਸ਼ਹਾਲੀ ਨੂੰ ਬਦਹਾਲੀ ਵਿਚ ਬਦਲ ਕੇ ਰੱਖ ਦਿੱਤਾ ਹੈ। ਆਲਮ ਇਹ ਹੈ ਕਿ ਲਗਾਤਾਰ ਕਰਜ਼ੇ ਦੇ ਵਧਦੇ ਦਬਾਅ ਕਾਰਨ ਸਮੁੱਚੀਆਂ ਕਿਸਾਨੀ ਸਫਾਂ ਆਮ ਕਰਕੇ ਅਤੇ ਹੇਠਲੀਆਂ ਸਫ਼ਾਂ ਖਾਸ ਕਰਕੇ ਕਈ ਦਹਾਕਿਆਂ ਤੋਂ ਆਪਣੇ ਆਪ ਨੂੰ ਆਰਥਕ, ਸਮਾਜਿਕ ਅਤੇ ਅੰਦਰੋਂ ਮਾਨਸਿਕ ਤੌਰ 'ਤੇ ਟੁੱਟੀਆਂ ਹੋਈਆਂ ਮਹਿਸੂਸ ਕਰਦੀਆਂ ਆ ਰਹੀਆਂ ਹਨ। ਅਜਿਹੇ ਹਾਲਾਤ ਵਿਚ ਛੋਟੀ ਕਿਸਾਨੀ ਜਾਂ ਤਾਂ ਖੇਤੀ ਦੇ ਧੰਦੇ ਤੋਂ ਬਾਹਰ ਹੋ ਰਹੀ ਹੈ ਜਾਂ ਬੇਵਸੀ ਦੀ ਹਾਲਤ ਵਿਚ ਲਗਾਤਾਰ ਅਸਹਿ ਮਾਨਸਿਕ ਦਬਾਅ ਕਾਰਨ ਆਤਮਘਾਤੀ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਕੇ ਗੈਰ ਸੰਘਰਸ਼ੀਲ ਰਾਹ ਅਖਤਿਆਰ ਕਰ ਚੁੱਕੀ ਹੈ। ਚੇਤਨ ਅਤੇ ਲੜ ਕੇ ਮਰਨ ਦੀ ਵਿਰਾਸਤ ਵਾਲੇ ਸੂਬੇ ਵਿਚ ਅਜਿਹੇ ਸਮਾਜਿਕ ਅਤੇ ਸਭਿਆਚਾਰਕ ਕੁਹਣੀਮੋੜ ਸੰਕਟਾਂ ਦਾ ਪੈਦਾ ਹੋਣਾ ਵਿਦਵਤਾ ਦੇ ਖੇਤਰ ਵਿਚ ਕਾਰਜਸ਼ੀਲ ਲੋਕਾਂ ਲਈ ਵੀ ਅਹਿਮ ਚਣੌਤੀ ਬਣ ਚੁੱਕਾ ਹੈ।

'ਹਰੀ ਕ੍ਰਾਂਤੀ' ਨੇ ਆਪਣੀਆਂ ਪੈਦਾਵਾਰੀ ਤਕਨੀਕਾਂ ਰਾਹੀਂ ਜਿਥੇ ਅੰਨ ਦੀ ਤੋਟ ਨੂੰ ਖਤਮ ਕਰਨ ਵਿਚ ਅਹਿਮ ਯੋਗਦਾਨ ਪਾਇਆ ਉਥੇ ਹੀ ਇਸ ਨੇ ਸਮਾਜਿਕ ਅਤੇ ਆਰਥਿਕ ਰਿਸ਼ਤਿਆਂ ਨੂੰ ਵੀ ਬਦਲ ਕੇ ਰੱਖ ਦਿੱਤਾ। ਭਾਵੇਂ ਇਸ ਨੇ ਕਾਮੇ ਵਰਗ ਲਈ ਸ਼ੁਰੂ-ਸ਼ੁਰੂ ਵਿਚ ਖੇਤੀ ਕੰਮ ਸੁਖਾਲ਼ਾ ਕਰਨ ਦੇ ਨਾਲ਼-ਨਾਲ਼ ਹੋਰ ਧੰਦਿਆਂ ਨੂੰ ਜਨਮ ਦਿੱਤਾ ਪਰ ਵਕਤ ਗੁਜ਼ਰਨ ਨਾਲ਼ ਪਿੰਡਾਂ ਦੇ ਕਾਮੇ ਵਰਗ ਦੇ ਜਿੱਥੇ ਪਰੰਪਰਾਗਤ ਧੰਦੇ ਜਾਂਦੇ ਰਹੇ ਉਥੇ ਹੀ ਹੌਲੀ-ਹੌਲੀ ਮਸ਼ੀਨੀਕਰਨ ਨੇ ਕਾਮੇ ਨੂੰ ਖੇਤੀ ਵਿਚੋਂ ਵੀ ਬਾਹਰ ਕੱਢ ਦਿੱਤਾ। ਅੱਜ ਉਸ ਨੂੰ ਖੇਤੀ ਵਿਚ ਕੁੱਝ ਹੀ ਦਿਨ ਕੰਮ ਮਿਲਦਾ ਹੈ। ਇਨ੍ਹਾਂ ਕੁੱਝ ਦਿਨਾਂ ਦੀ ਸੀਮਤ ਕਮਾਈ ਦੇ ਸਹਾਰੇ ਉਹ ਆਪਣਾ ਜੀਵਨ ਨਿਰਬਾਹ ਨਹੀਂ ਕਰ ਸਕਦਾ। ਇਸ ਤਰ੍ਹਾਂ ਪਿੰਡਾਂ ਵਿਚ ਰਹਿੰਦਾ ਮਜ਼ਦੂਰ ਹੁਣ ਖੇਤਾਂ ਵਿਚ ਕੰਮ ਕਰਨ ਵਾਲ਼ਾ ਖੇਤ ਮਜ਼ਦੂਰ ਨਹੀਂ ਰਿਹਾ। ਉਸ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਬਸਰ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਇਸ ਤਰ੍ਹਾਂ ਪਿੰਡਾਂ ਵਿਚ ਰਹਿਣ ਵਾਲੇ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੇਜ਼ਮੀਨੇ ਕਾਮੇ ਵਰਗਾਂ ਦਾ ਇਸ ਪ੍ਰਕਿਰਿਆ ਰਾਹੀਂ ਹੌਲ਼ੀ-ਹੌਲ਼ੀ ਉਜਾੜਾ ਹੁੰਦਾ ਗਿਆ। ਪਿੰਡਾਂ ਵਿਚ ਵਸਦੇ 'ਜਜ਼ਮਾਨੀ ਸਿਸਟਮ' ਅਧੀਨ ਆਪਸੀ ਆਰਥਿਕ ਅਤੇ ਸਮਾਜਿਕ ਰਿਸ਼ਤੇ ਨਿਭਾਉਣ ਵਾਲੇ ਛੋਟੇ ਛੋਟੇ ਕਾਰੀਗਰ ਕਿਰਤੀ ਕਾਮੇ ਵਰਗਾਂ ਦੇ ਲੋਕ ਵੇਖਦਿਆਂ-ਵੇਖਦਿਆਂ ਹੀ ਲੁਪਤ ਹੋ ਗਏ। ਪੇਂਡੂ ਅਰਥਚਾਰੇ ਵਿਚ ਅਹਿਮ ਰੋਲ ਅਦਾ ਕਰਦੇ ਵੱਖ-ਵੱਖ ਜਾਤੀਆਂ ਦੇ ਪਰੰਪਰਾਗਤ ਧੰਦਿਆਂ/ਕਿੱਤਿਆਂ ਨੂੰ ਕਦੋਂ ਬਜ਼ਾਰ ਖਾ ਗਿਆ ਕਿਸੇ ਨੂੰ ਕੋਈ ਖ਼ਬਰ ਨਹੀਂ। 'ਵਿਕਾਸ' ਦਾ ਅੰਨ੍ਹਾ ਝੱਖੜ ਸਭ ਕੁੱਝ ਆਪਣੇ ਸੰਗ ਲੈ ਉੜਿਆ। ਅੱਜ ਆਲਮ ਇਹ ਹੈ ਕਿ ਪਿੰਡਾਂ ਵਿਚ ਵਸਦੀ ਉਨ੍ਹਾਂ ਦੀ ਤੀਜੀ-ਚੌਥੀ ਪੁਸ਼ਤ ਆਪਣੇ ਪਰੰਪਰਾਗਤ ਧੰਦਿਆਂ ਤੋਂ ਕਿਤੇ ਦੂਰ ਹੋ ਜਾਂ ਤਾਂ ਕਸਬਿਆਂ ਅਤੇ ਸ਼ਹਿਰਾਂ ਵੱਲ ਰੋਜ਼ੀ-ਰੋਟੀ ਲਈ ਪਰਵਾਸ ਕਰ ਗਈ ਜਾਂ ਬਸ ਪਿੰਡਾਂ ਵਿਚ ਹੀ ਰਹਿਣ ਜੋਗੀ ਰਹਿ ਗਈ ਹੈ। ਪੈਦਾਵਾਰੀ ਰਿਸ਼ਤਿਆਂ ਵਿਚ ਆਈ ਤਬਦੀਲੀ ਅਤੇ ਧੰਦਿਆਂ 'ਚ ਆਈ ਵਿਭਿੰਨਤਾ ਅਤੇ ਬਦਲਾਅ ਕਾਰਨ ਹੁਣ ਖੇਤ ਮਜ਼ਦੂਰ ਸੰਗਠਨ ਵੀ ਆਪਣਾ ਆਧਾਰ ਖੋ ਚੁੱਕੇ ਹਨ। ਇਸ ਅਜਬ ਜਿਹੇ ਖਿੰਡਾਅ ਅਤੇ ਭਿੰਨਤਾਵਾਂ ਵਿਚ ਨੁਮਾਇੰਦਾ ਜਥੇਬੰਦੀਆਂ ਦਾ ਪੈਦਾ ਹੋ ਕੇ ਸੰਗਠਤ ਰੂਪ ਵਿਚ ਕੰਮ ਕਰਨਾ ਨੇੜ ਭਵਿੱਖ ਵਿਚ ਦਿਖਾਈ ਨਹੀਂ ਦਿੰਦਾ। ਦੂਸਰਾ, ਸਰਕਾਰ ਵੱਲੋਂ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਨੇ ਕਾਮੇ ਵਰਗ ਦੀ ਕਿਰਤ ਸ਼ਕਤੀ ਉੱਤੇ ਗਹਿਰੀ ਚੋਟ ਮਾਰੀ ਹੈ। ਉਸ ਨੂੰ ਹੁਣ ਘਰ ਬੈਠ ਕੇ ਬਿਨਾ ਕੋਈ ਕੰਮ ਕੀਤਿਆਂ ਆਟਾ, ਦਾਲ, ਚੌਲ਼ ਖਾਣ ਲਈ ਮਿਲ ਰਹੇ ਹਨ। ਇਸ ਕਰਕੇ ਬਹੁਤੇ ਬੇਜ਼ਮੀਨੇ ਪਰਿਵਾਰਾਂ ਦੇ ਮੈਂਬਰ ਹੁਣ ਦਿਹਾੜੀ ਉੱਤੇ ਜਾਣ ਦੀ ਥਾਂ ਮੁਫ਼ਤ ਰਾਸ਼ਨ ਲੈ ਕੇ ਨਿੱਸਲ਼ ਜ਼ਿੰਦਗੀ ਜੀਣ ਦੇ ਰਾਹ ਪੈ ਰਹੇ ਹਨ ਅਤੇ ਪਿੰਡਾਂ ਵਿਚ ਮਜ਼ਦੂਰ ਭਾਲਣ ਵਿਚ ਵੀ ਦਿੱਕਤ ਆ ਰਹੀ ਹੈ। ਕਾਮਿਆਂ ਦਾ ਉਹ ਵਰਗ ਜਿਸ ਨੇ ਆਪਣੀ ਸ਼ਕਤੀ ਅਤੇ ਸੂਝ ਨਾਲ਼ ਅੱਗੇ ਲੱਗ ਕੇ ਸਮਾਜਿਕ ਤਬਦੀਲੀ ਕਰਨੀ ਸੀ ਉਸ ਨੂੰ ਅੱਜ ਪੁਰਜੀਵੀ, ਨਸ਼ੱਈ ਅਤੇ ਭਾਰੂ ਸਿਆਸੀ ਧਿਰਾਂ ਦਾ ਪਿੱਛਲੱਗੂ ਬਣਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੇਂਡੂ ਖੇਤਰ ਵਿਚ ਆਤਮ-ਹੱਤਿਆਵਾਂ ਦੀ ਪ੍ਰਕਿਰਿਆ ਰੁਕਣ ਦਾ ਨਾਂ ਨਹੀਂ ਲੈ ਰਹੀ ਜਿਨ੍ਹਾਂ ਵਿਚ ਬਹੁਤ ਵੱਡਾ ਹਿੱਸਾ ਗਰੀਬ ਕਿਸਾਨਾਂ ਦੇ ਨਾਲ਼-ਨਾਲ਼ ਬੇਜ਼ਮੀਨੇ ਵਰਗ ਦਾ ਵੀ ਹੈ। ਇਸ ਕਰਕੇ ਸਮਾਜ ਦੀਆਂ ਹੇਠਲੀਆਂ ਪੀੜਤ ਪਰਤਾਂ ਕੁਰਾਹੇ ਦਾ ਸ਼ਿਕਾਰ ਹੋ ਚੁੱਕੀਆਂ ਹਨ। ਸੱਤਾ ਉੱਤੇ ਕਾਬਜ਼ ਹੋਣ ਦੀ ਸਿਆਸੀ ਪਾਰਟੀਆਂ ਦੀ ਲਾਲਸਾ ਨੇ ਸਮੁੱਚੇ ਸਮਾਜ ਦੀ ਸਵੱਛਤਾ ਅਤੇ ਸਰਬਉੱਚਤਾ ਦੇ ਮੂੰਹ ਮੱਥੇ ਨੂੰ ਵਿਗਾੜ ਕੇ ਰੱਖ ਦਿੱਤਾ ਹੈ।



ਖੇਤੀ ਪ੍ਰਾਂਤ ਦਾ ਵਿਸ਼ਾ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਪੇਂਡੂ ਅਰਥਚਾਰੇ ਦੇ ਵਿਕਾਸ ਦੇ ਨਾਂ ਹੇਠ ਜੋ 2020 ਵਿਚ ਤਿੰਨ ਕਾਨੂੰਨ ਲਿਆਂਦੇ, ਉਨ੍ਹਾਂ ਦਾ ਮਕਸਦ ਖੇਤੀ ਦੇ ਬਹੁ-ਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਹੋਣ ਕਾਰਨ ਕਿਸਾਨਾਂ ਨੂੰ ਇੱਕ ਲੰਮਾ ਅੰਦੋਲਨ ਕਰ ਕੇ ਉਨ੍ਹਾਂ ਤਿੰਨੇ ਕਾਨੰਨਾਂ ਨੂੰ ਵਾਪਸ ਕਰਵਾਉਣਾ ਪਿਆ। ਹੁਣ ਦੁਬਾਰਾ ਫੇਰ ਕੇਂਦਰ ਸਰਕਾਰ ਵਲੋਂ ਨਵੇਂ ਮੰਡੀ ਖਰੜੇ ਤਹਿਤ ਪ੍ਰੋਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿਚੋਂ ਹੀ ਖ਼ਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਗਈ ਹੈ ਅਤੇ ਨਾਲ਼ ਹੀ ਕਿਹਾ ਗਿਆ ਹੈ ਕਿ ਵੇਅਰ ਹਾਊਸ, ਸਾਈਲੋਜ, ਕੋਲਡ ਸਟੋਰਾਂ ਨੂੰ 'ਫੜ੍ਹ' ਐਲਾਨਿਆ ਜਾਵੇ ਇਸ ਤਰ੍ਹਾਂ ਇਸ ਮਸੌਦੇ ਰਾਹੀਂ ਜਿੱਥੇ ਬੜੀ ਹੀ ਚੁਸਤੀ ਨਾਲ਼ ਕਿਸਾਨੀ ਦੇ ਫਾਇਦੇ ਦੇ ਪਰਦੇ ਹੇਠ ਦਿਓਕੱਦ ਤਾਕਤਾਂ ਦੇ ਨਫਿਆਂ ਲਈ ਰਾਹ ਮੋਕਲਾ ਕੀਤਾ ਗਿਆ ਹੈ ਉੱਥੇ ਹੀ ਏ.ਪੀ.ਐਮ.ਸੀ. ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਰਾਹੀਂ ਆ ਰਹੇ ਸਮਿਆਂ ਵਿਚ ਕਿਸਾਨੀ ਨੂੰ ਨਿਹੱਥੇ ਅਤੇ ਬੇਵਸ ਕਰ ਕੇ ਦਿਓ ਕੱਦ ਵਿਉਪਾਰੀਆਂ ਦੇ ਰਹਿਮੋ-ਕਰਮ ਉੱਤੇ ਛੱਡਣ ਲਈ ਹੀ ਇਹ ਖਰੜਾ ਤਿਆਰ ਕੀਤਾ ਹੈ। ਇਸ ਮੰਡੀ ਸਿਸਟਮ ਵਿਚ ਇਕੱਲੇ ਕਿਸਾਨ ਜਾਂ ਲੋਕਲ ਆੜ੍ਹਤੀ ਵਰਗ ਦੀ ਤਬਾਹੀ ਨਹੀਂ ਸਗੋਂ ਇਸ ਦੇ ਬਹੁ-ਪਰਤੀ ਮਾਰੂ ਅਸਰ ਹੋਣਗੇ। ਮੰਡੀਆਂ ਵਿਚ ਕੰਮ ਕਰਦੇ ਪੱਲੇਦਾਰ, ਸਫ਼ਾਈ ਮਜ਼ਦੂਰ, ਚਾਹ ਬਣਾਉਣ ਵਾਲੇ, ਬਰਤਨ ਸਾਫ਼ ਕਰਨ ਵਾਲੇ, ਖੋਖਿਆਂ ਵਾਲ਼ੇ, ਕਰਿਆਨਾ, ਦਵਾਈਆਂ, ਹੋਰ ਲੋੜੀਂਦਾ ਸਮਾਨ ਵੇਚਣ ਵਾਲੇ ਅਤੇ ਦੁਕਾਨਾਂ 'ਤੇ ਕੰਮ ਕਰਨ ਵਾਲੇ, ਰੇਹੜੀ ਫੜ੍ਹੀ ਵਾਲੇ, ਬੂਟ ਪਾਲਿਸ਼ ਕਰਨ ਵਾਲੇ ਆਦਿ ਅਨੇਕਾਂ ਹੀ ਧੰਦਿਆਂ ਨਾ਼ਲ ਜੁੜੇ ਕਾਮੇ ਵੱਡੇ-ਵੱਡੇ ਅਦਾਰੇ ਆਪਣੇ ਪਸਾਰੇ ਰਾਹੀਂ ਖਾ ਜਾਣਗੇ। ਇਹ ਉਹ ਸਮਾਜਕ ਪਰਤਾਂ ਹਨ ਜਿਨ੍ਹਾਂ ਦਾ ਆਪਣੇ ਕਿੱਤਿਆਂ 'ਤੇ ਅਧਾਰਤ ਕੋਈ ਜਥੇਬੰਦਕ ਤਾਣਾ-ਬਾਣਾ ਨਹੀਂ ਅਤੇ ਨਾ ਹੀ ਕੋਈ ਆਪਣੀ ਵੱਖਰੀ ਹੋਂਦ ਜਤਾਉਂਦੀ ਅਵਾਜ਼ ਹੈ। ਇਸ ਕਰਕੇ ਇਹ ਅੰਦੋਲਨ ਸਿਰਫ ਕਿਸਾਨਾਂ ਦਾ ਨਹੀਂ ਸਗੋਂ ਤਮਾਮ ਛੋਟੇ-ਛੋਟੇ ਧੰਦਿਆਂ ਨਾ਼ਲ ਜੁੜੇ ਕਾਮਿਆਂ, ਛੋਟੇ ਵਿਉਪਾਰੀਆਂ, ਦੁਕਾਨਦਾਰਾਂ ਅਤੇ ਮੰਡੀ ਉੱਤੇ ਨਿਰਭਰ ਇਨ੍ਹਾਂ ਤਮਾਮ ਲੋਕਾਂ ਦਾ ਵੀ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ ਕਿਸਾਨ ਕੋ਼ਲ ਜਿੱਥੇ ਸਮਾਜਿਕ ਸੰਗਠਨਾਤਮਕ ਸ਼ਕਤੀ ਹੈ ਉੱਥੇ ਉਸ ਕੋ਼ਲ ਅੰਦੋਲਨ ਲੜਨ ਲਈ ਆਪਣੀ ਆਰਥਿਕ ਸ਼ਕਤੀ ਵੀ ਹੈ। ਅਜੋਕੇ ਦੌਰ ਵਿਚ ਇਨ੍ਹਾਂ ਦੋਵੇਂ ਸ਼ਕਤੀਆਂ ਦੀ ਗੈਰਹਾਜ਼ਰੀ ਵਿਚ ਕਿਸੇ ਸੰਘਰਸ਼ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਇੱਕ ਵਿਆਪਕ ਵਰਗ ਸੰਘਰਸ਼ ਹੈ ਜੋ ਬਹੁਤ ਸਾਰੀਆਂ ਸਮਾਜਿਕ ਪਰਤਾਂ ਦੇ ਹਿੱਤਾਂ ਦੀ ਰਾਖ਼ੀ ਨੂੰ ਆਪਣੇ ਕਲ਼ਾਵੇ ਵਿਚ ਲੈ ਕੇ ਚੱਲਣ ਦੀ ਸਮਰੱਥਾ ਰੱਖਦਾ ਹੈ। ਇਸ ਤੋਂ ਇਲਾਵਾ ਕਿਸੇ ਇੱਕ ਨਿਸ਼ਚਿਤ ਨਿਸ਼ਾਨੇ ਤੋਂ ਬਿਨਾ, ਭਾਵੇਂ ਮੰਗਾਂ ਸਾਂਝੀਆਂ ਹੋਣ ਦੋ ਦਿਸ਼ਾਵੀ ਅੰਦੋਲਨ ਕਿਸਾਨ ਜਥੇਬੰਦੀਆਂ ਦੇ ਖਿਲਾਰੇ ਸੰਗ ਕਿੱਥੇ ਪੁੱਜੇਗਾ, ਕੁੱਝ ਕਿਹਾ ਨਹੀਂ ਜਾ ਸਕਦਾ। ਦਿਨ-ਬ-ਦਿਨ ਕਿਸਾਨ ਜਥੇਬੰਦੀਆਂ ਦੀ ਗਿਣਤੀ ਘਟਣ ਦੀ ਥਾਂ ਵਧਦੀ ਜਾ ਰਹੀ ਹੈ। ਇਹ ਖਿੰਡਾਅ ਦਾ ਵਰਤਾਰਾ ਪ੍ਰਬਲ ਰੂਪ ਧਾਰਨ ਕਰ ਚੁੱਕਾ ਹੈ। ਅਜਿਹੀ ਹਾਲਤ ਵਿਚ ਕਿਸਾਨ ਜਥੇਬੰਦਕ ਧਿਰਾਂ ਨੂੰ ਆਪਣੀ ਸੌੜੀ ਹਉਮੈ ਤਿਆਗ ਕੇ ਵਿਆਪਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਮੂਹਿਕ ਯਤਨਾਂ ਰਾਹੀਂ ਹਰ ਪਾਸਿਓਂ ਸਹਿਯੋਗ ਲੈਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਲਾਮਬੰਦੀ ਦੇ ਆਪਣੇ ਪ੍ਰਚੱਲਿਤ ਰਵਾਇਤੀ ਸੰਘਰਸ਼ ਦੇ ਦਾਅ ਪੇਚਾਂ ਉੱਤੇ ਪੜਚੋਲਵੀਂ ਨਜ਼ਰ ਮਾਰਦਿਆਂ ਵਿਸ਼ਾਲ ਹਿਰਦੇ ਨਾ਼ਲ ਮੁੜ ਗ਼ੌਰ ਕਰਨੀ ਚਾਹੀਦੀ ਹੈ। ਬਦਲ ਚੁੱਕੀਆਂ ਪ੍ਰਸਥਿਤੀਆਂ ਵਿਚ ਸੰਘਰਸ਼ ਦੇ ਬਦਲਵੇਂ ਰੂਪ ਤਲਾਸ਼ਣ ਦੀ ਜ਼ਰੂਰਤ ਹੈ ਤਾਂ ਕਿ ਆਮ ਜਨ-ਜੀਵਨ ਵੀ ਪ੍ਰਭਾਵਿਤ ਨਾ ਹੋਵੇ ਅਤੇ ਅਵਾਮ ਦੀ ਹਮਦਰਦੀ ਅਤੇ ਹਮਾਇਤ ਵੀ ਬਣੀ ਰਹੇ ਕਿਉਂਕਿ ਵਿਆਪਕ ਸਮਾਜਿਕ ਹਮਾਇਤ ਤੋਂ ਬਗੈਰ ਕੋਈ ਵੀ ਅੰਦੋਲਨ ਕਾਮਯਾਬ ਨਹੀਂ ਹੋ ਸਕਦਾ, ਜਿਸ ਦੀ ਮੂੰਹ ਬੋਲਦੀ ਤਸਵੀਰ ਦਿੱਲੀ ਮੋਰਚਾ ਹੈ।

ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ ਭਾਵੇਂ ਉਸ ਨੇ ਵੀ ਆਪਣਾ ਸੈਸ਼ਨ ਬੁਲਾ ਕੇ ਕੇਂਦਰ ਵੱਲੋਂ ਭੇਜੇ ਖਰੜੇ ਨੂੰ ਰੱਦ ਕਰ ਦਿੱਤਾ ਹੈ ਅਤੇ ਉਹ 19 ਮਾਰਚ ਨੂੰ ਖਨੌਰੀ ਅਤੇ ਸ਼ੰਭੂ ਕਿਸਾਨ ਮੋਰਚਿਆਂ ਨੂੰ ਵੀ ਪੁੱਟਣ ਵਿਚ ਕਾਮਯਾਬ ਰਹੀ ਹੈ ਪਰ ਪੇਂਡੂ ਅਰਥਚਾਰੇ ਦੇ ਮਸਲੇ ਤਾਂ ਜਿਉਂ ਦੀ ਤਿਉਂ ਬਰਕਰਾਰ ਹਨ। ਇਸ ਕਰਕੇ ਸਰਕਾਰ ਨੂੰ ਆਪਣੀ ਹਾਂ-ਪੱਖੀ ਸੋਚ ਤਹਿਤ ਕਿਸਾਨ ਨੇਤਾਵਾਂ ਨਾ਼ਲ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਵੱਲ ਪਹਿਲਕਦਮੀ ਕਰਨੀ ਚਾਹੀਦੀ ਹੈ। ਜਿੰਨੇ ਮਸਲੇ ਸੂਬੇ ਨਾ਼ਲ ਸਬੰਧਤ ਹਨ ਉਨ੍ਹਾਂ ਨੂੰ ਹੱਲ ਕਰਦਿਆਂ ਬਾਕੀ ਜੋ ਮਸਲੇ ਕੇਂਦਰ ਸਰਕਾਰ ਨਾ਼ਲ ਸਬੰਧਤ ਹਨ, ਉਨ੍ਹਾਂ ਸਬੰਧੀ ਕਿਸਾਨੀ ਧਿਰਾਂ ਨੂੰ ਵਿਸ਼ਵਾਸ ਵਿਚ ਲੈਂਦਿਆਂ ਕੇਂਦਰ ਨਾ਼ਲ ਗੱਲ ਕਰਨੀ ਚਾਹੀਦੀ ਹੈ ਤਾਂ ਕਿ ਕਿਸਾਨੀ ਮੰਗਾਂ ਦੇ ਹੱਲ ਵੱਲ ਵਧਿਆ ਜਾ ਸਕੇ। ਟਕਰਾਅ ਅਤੇ ਲਮਕਾਅ ਦੀ ਨੀਤੀ ਕਦੇ ਵੀ ਸਾਰਥਕ ਸਿੱਟੇ ਨਹੀਂ ਕੱਢਦੀ ਇਸ ਕਰਕੇ ਗੱਲਬਾਤ ਹੀ ਮਸਲਿਆਂ ਦਾ ਹੱਲ ਹੁੰਦੀ ਹੈ ਅਤੇ ਸੂਬੇ ਦੇ ਅਰਥਚਾਰੇ ਨੂੰ ਸੰਕਟ ਵਿਚੋਂ ਕੱਢਣ ਲਈ ਪੰਜਾਬ ਸਰਕਾਰ ਨੂੰ ਸੰਵਾਦ ਰਾਹੀਂ ਸਮੂਹਿਕ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਨੀਤੀਗਤ ਫ਼ੈਸਲੇ ਲੈਣ ਦੀ ਅਥਾਹ ਜ਼ਰੂਰਤ ਹੈ।

# ਫੌਜੀ ਤਾਊ

ਰਵੇਲ ਸਿੰਘ

ਭਾਵੇਂ ਪਿੰਡ ਵਿਚ ਉਸ ਤੋਂ ਇਲਾਵਾ ਹੋਰ ਵੀ ਕਈ ਨਵੇਂ ਤੇ ਉਸ ਤੋਂ ਪਹਿਲਾਂ ਦੇ ਆਏ ਸਾਬਕਾ ਫੌਜੀ ਸਨ ਪਰ ਉਹ ਸਾਰਿਆਂ ਨਾਲੋਂ ਨਿਵੇਕਲਾ ਸੀ। ਅੰਗਰੇਜ਼ੀ ਰਾਜ ਵੇਲੇ ਦੀ ਫੌਜ ਦੀ ਨੌਕਰੀ ਕਰਕੇ ਉਰਦੂ ਰੋਮਨ ਲਿਖੇ ਤੇ ਬੋਲੇ ਜਾਣ ਕਰਕੇ ਉਸ ਦੀ ਪਛਾਣ ਦੂਸਰਿਆਂ ਫੌਜੀ ਪੈਨਸ਼ਨਰਾਂ ਨਾਲੋ ਵੱਖਰੀ ਸੀ। ਰੈਕਰੂਟਿੰਗ ਸੈਂਟਰ ਵਿਚੋਂ ਨਵੇਂ ਬਣਨ ਵਾਲੇ ਫੌਜੀ ਅਫਸਰਾਂ ਨੂੰ ਸਿਖਲਾਈ ਦੇਂਦਾ ਹੌਲਦਾਰ ਦੇ ਰੈਂਕ ਤੋਂ ਪੈਨਸ਼ਨ ਆਉਣ ਕਰਕੇ ਉਸ ਦਾ ਸੁਭਾਅ ਬਹੁਤ ਸਖਤ ਸੀ।

ਰੋਜ਼ ਰੰਮ ਦਾ ਪੈਗ ਲਾਉਣ ਨੂੰ ਉਹ ਦਵਾ ਮਾਫਕ, ਕਿਹਾ ਕਰਦਾ ਸੀ। ਏਸੇ ਲਈ ਉਸ ਵਿਚ ਤੰਦਰੁਸਤੀ ਤੇ ਚੁਸਤੀ ਦੋਵੇਂ ਬਰਕਰਾਰ ਸਨ।

ਇੱਕ ਦਿਨ ਉਹ ਫੌਜੀ ਕੰਟੀਨ ਵਿਚੋਂ ਗੇਟ 'ਤੇ ਖੜੇ ਫੌਜੀ ਜਵਾਨ ਨੇ ਉਸ ਨੂੰ ਪੁੱਛਿਆ, ਅਰੇ ਤਾਊ ਕੰਟੀਨ ਮੇਂ ਆਪ ਕਿਆ ਲੇਣ ਜਾ ਰਹੇ ਹੋ ਤਾਂ ਉਹ ਬੋਲਿਆ ਰੰਮ ਲੇਣੇ ਕੇ ਲੀਏ, ਤਾਂ ਹਰਿਆਣਵੀ ਫੌਜੀ ਬੋਲਿਆ, ਤਾਊ ਗਰਮੀ ਬਹੁਤ ਹੈ, ਯਿਹ ਰੰਮ-ਵੰਮ ਪੀਣੀ ਬੰਦ ਕਰੋ, ਤਾਊ ਨੇ ਭਾਈ ਪਛਾਣਿਆ ਜਾਣ ਕੇ ਕਿਹਾ, ਕੋਈ ਬਾਤ ਨਹੀਂ ਗਰਮੀ ਕੋ ਗਰਮੀ ਕਾਟੇਗੀ।

ਉਸ ਦੀ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਵਸਤਾਂ ਦੇ ਉਲਟ-ਪੁਲਟ ਰੱਖ ਰਖਾਵ ਤੋਂ ਫੌਜਣ ਨਾਲ 'ਮੈਂ ਯਿਹ ਕਰ ਦੂੰਗਾ, ਵੁਹ ਕਰ ਦੂੰਗਾ ਕਹਿਣ ਦੀ ਪੁਰਾਣੀ ਫੌਜੀ ਆਦਤ ਉਸ 'ਤੇ ਆਮ ਸੁਆਰ ਰਹਿੰਦੀ, ਪਰ ਫੌਜਣ ਤਾਈ ਤੇ ਘਰ ਵਾਲੇ ਉਸ ਦੇ ਫੌਜੀ ਸੁਭਾਅ ਕਰਕੇ ਚੁੱਪ ਰਹਿਣ ਦੇ ਆਦੀ ਹੋ ਗਏ ਸਨ। ਦੇਸ਼ ਦੀ ਵੰਡ ਤੋਂ ਕਿਤੇ ਪਹਿਲਾਂ ਦੀਆਂ ਚਾਰ ਜਮਾਤਾਂ ਪੜ੍ਹਿਆ ਹੋਣ ਹੋਣ ਕਰਕੇ ਉਸ ਦੀ ਬੋਲੀ ਵਿਚ ਉਰਦੂ ਜ਼ੁਬਾਨ ਦੇ ਕਈ ਅੱਖਰ ਅਗਰ-ਮਗਰ ਲੇਕਿਨ, ਇਸ ਲੀਏ, ਵਗੈਰਾ ਵਗੈਰਾ, ਜਿਵੇਂ ਘਰ ਹੀ ਕਰ ਗਏ ਸਨ।

ਸ਼ਾਇਦ ਏਸੇ ਲਈ ਉਸ ਲਈ ਹਰ ਗੱਲ ਨੂੰ ਅੱਗੇ ਤੋਰਨ ਲਈ 'ਅਗਰ' ਸ਼ਬਦ ਦੀ ਵਰਤੋਂ ਕਰਨਾ ਉਸ ਦੀ ਆਮ ਜਿਹੀ ਗੱਲ ਬਣ ਗਿਆ ਸੀ। ਭਾਵੇਂ ਪਰ, ਪ੍ਰੰਤੂ, ਬਟ ਤਾਂ ਪੰਜਾਬੀ ਬੋਲੀ ਵਿਚ ਸਮੇਂ ਸਮੇਂ ਬੋਲੇ ਜਾਣ ਲੱਗੇ, ਪਰ ਇਨ੍ਹਾਂ ਸ਼ਬਦਾਂ ਨੂੰ ਆਪਣੀ ਬੋਲ ਚਾਲ ਵਿਚ ਲਿਆਉਣਾ ਉਸ ਲਈ ਦੂਰ ਦੀ ਗੱਲ ਸੀ। ਏਸੇ ਕਰਕੇ ਹੀ ਸਾਰੇ ਪਿੰਡ ਵਿਚ ਅਗਰ ਉਸ ਦੀ ਅੱਲ ਹੀ ਪੈ ਗਈ ਸੀ। ਨਿਆਣੇ ਰੋਲਾ-ਰੱਪਾ ਪੀਉਂਦੇ ਜਦੋਂ ਉਸ ਦੀ ਗਲੀ ਵਿਚੋਂ ਲੰਘਦੇ ਤਾਂ ਕੋਈ ਨਾ ਕੋਈ ਸ਼ਰਾਰਤ ਕੀਤੇ ਬਿਨਾ ਨਾ ਲੰਘਦੇ ।

ਜਦੋਂ ਉਨ੍ਹਾਂ ਦੇ ਪਿੱਛੇ ਪੈਣ ਲਈ ਉਹ ਉਨਾਂ ਨੂੰ ਫੜਨ ਦੀ ਕਰਦਾ ਤਾਂ ਨਿਆਣੇ ਉਸ ਨੂੰ ਅਗਰ ਅਗਰ ਕਹਿ ਕੇ ਚਿੜਾਉਂਦੇ ਹੋਏ ਸ਼ੂਟਾਂ ਵੱਟ ਜਾਂਦੇ। ਉਹ ਆਪਣੀ ਫੌਜੀ ਸੁਭਾ ਅਨੁਸਾਰ ਖਿਝਦਾ ਹੋਇਆ ਕਹਿੰਦਾ, 'ਸਾਲੇ, ਸਹੁਰੀ ਕੇ ਯੇਹ ਸ਼ਰਾਰਤੋਂ ਸੇ ਬਾਜ਼ ਨਹੀਂ ਆਤੇ ਅਗਰ ਮੇਰੇ ਹਾਥ ਆ ਗਏ ਤੋ, ਭੈਂ ਚੂੰ ਕੋ ਬੰਦੇ ਬਨਾ ਕਰ ਛੋੜੂੰਗਾ।'

ਇੱਕ ਵਾਰ ਤਾਂ ਲੰਘਦੇ ਨਿਆਣਿਆਂ ਨੇ ਉਸ ਦੀ ਕੰਧ ਤੇ ਕੋਇ਼ਲੇ ਨਾਲ ਮੋਟਾ ਕਰਕੇ 'ਅਗਰ' ਲਿਖ ਹੀ ਦਿੱਤਾ। ਉਸ ਨੇ ਦੂਜੇ ਦਿਨ ਹੀ ਇਹ ਕਹਿੰਦੇ, 'ਦੇਖਤਾ ਹੂੰ ਅੱਬ ਕੈਸੇ ਲਿਖਤੇ ਹੈਂ ਉੱਲੂ ਕੇ ਪੱਠੇ, ਮੇਰੀ ਕੰਧ ਪੇ' ਪਰ ਚਾਂਭਲੇ ਹੋਏ ਨਿਆਣੇ ਕਦੋਂ ਹਟਣ ਵਾਲੇ ਸਨ। ਉਹ ਉਨ੍ਹਾਂ ਤੋ ਜਿੰਨਾ ਖਿਝਦਾ ਨਿਆਣੇ ਉਸ ਨੂੰ ਓਨਾ ਹੀ ਵੱਧ ਖਿਝਾਉਂਦੇ ਤੇ ਦੂਜੇ ਦਿਨ ਫਿਰ ਨੱਚਦੇ ਭੁੜਕਦੇ ਉਸੇ ਥਾਂ 'ਤੇ ਨਿਰਾ ਅਗਰ ਹੀ ਨਹੀਂ ਸਗੋਂ ਅਗਰ ਦੇ ਨਾਲ ਮਗਰ ਵੀ ਲਿਖ ਗਏ। ਉਹ ਔਖਾ ਹੋਇਆ ਪੜ੍ਹ ਕੇ ਬੋਲਿਆ, 'ਮੈਨੇ ਰਕਰੂਟਿੰਗ ਸੈਂਟਰ ਸੇ ਬੜੇ ਬੜੇ ਸ਼ਰਾਰਤੀਓਂ ਕੋ ਸਬਕ ਸਿਖਾ ਕੇ ਠੀਕ ਕਰ ਦੀਆ ਲੇਕਿਨ ਯਿਹ ਭੂਤਨੀ ਕੇ ਪਤਾ ਨਹੀਂ ਕਿਸ ਮਿੱਟੀ ਕੇ ਬਣੇ ਹੂਏ ਹੈਂ।'

ਡਿਸਪਲੈਨ ਨੂੰ ਡਿਸਪਲ, ਟਾਈਮ ਨੂੰ ਟੈਮ, ਰਾਈਟ ਨੂੰ ਰੈਟ, ਟਾਈਟ ਨੂੰ ਟੈਟ ਕਹਿ ਕੇ ਉਹ ਪੂਰਾ ਫੌਜੀ ਹੋਣ ਦਾ ਸਬੂਤ ਲਈ ਫਿਰਦਾ।

ਲੋਕ ਉਸ ਦੇ ਸਾਮ੍ਹਣੇ ਤਾਂ ਉਸ ਨੂੰ ਫੌਜੀ ਸਾਹਬ ਜਾਂ ਹੌਲਦਾਰ ਸਾਹਬ ਕਹਿੰਦੇ ਤਾਂ ਉਹ ਬਿਨਾ ਵਰਦੀ ਤੋਂ ਹੀ ਬੜਾ ਆਕੜ ਕੇ ਫੌਜੀਆਂ ਵਾਲੀ ਚਾਲ ਵਿਚ ਤੁਰਦਾ, ਤਾਂ ਲੋਕੀਂ ਉਸ ਨੂੰ ਫੌਜੀ ਕਰੈਕ ਕਹਿ ਕੇ ਉਸ ਦਾ ਮਖੌਲ ਉਡਾਂਦੇ ।

ਇੱਕ ਵਾਰ ਚੁਕਿਆ ਉਹ ਪਿੰਡ ਦੀ ਸਰਪੰਚੀ ਲਈ ਖੜ ਗਿਆ, ਪਰ ਗਿਣਤੀ ਵਿਚ ਉਸ ਨੂੰ ਸਿਰਫ ਚਾਰ ਵੋਟਾਂ ਪਈਆਂ ਵੇਖ ਕੁ ਕਚੀਚੀਆਂ ਵੱਟਦਾ ਕਹਿਣ ਲੱਗਾ, 'ਯਿਹ ਏਕ ਤੋ ਮੈਂ ਨੇ ਡਾਲੀ ਥੀ, ਏਕ ਮੇਰੀ ਘਰਵਾਲੀ ਕੀ, ਏਕ ਮੇਰੇ ਫੌਜੀ ਦੋਸਤ ਕੀ, ਮਗਰ ਯਿਹ ਚੌਥਾ ਸਾਲਾ ਕਹਾਂ ਸੇ ਆ ਗਿਆ ਮੁਝੇ ਵੋਟ ਡਾਲਣੇ ਕੋ।'

ਦੂਜੇ ਦਿਨ ਸ਼ਰਾਰਤੀ ਨਿਆਣਿਆਂ ਨੇ ਉਸ ਦੀ ਕੰਧ 'ਤੇ ਨਿਰਾ ਅਗਰ ਮਗਰ ਹੀ ਨਹੀਂ ਸਗੋਂ ਲੇਕਿਨ ਤੇ ਉਸ ਦੇ ਕਈ ਹੋਰ ਬੋਲੇ ਜਾਣ ਵਾਲੇ ਅੱਖਰਾਂ ਨਾਲ ਕੰਧ ਭਰੀ ਹੋਈ ਸੀ। ਪਰ ਅੱਜਕੱਲ ਉਹ ਸਰਪੰਚੀ ਦੇ ਨਤੀਜੀਆਂ ਤੋਂ ਕਿਸੇ ਅਨਚੱਲੀ ਸ਼ੁਰਲੀ ਵਾਂਗ ਠੁੱਸ ਹੋਇਆ ਘਰੋਂ ਬਾਹਰ ਆਉਣ ਦੀ ਥਾਂ ਅੰਦਰ ਮੰਜੇ 'ਤੇ ਪਿਆ ਪਿਆ ਹੀ ਆਪਣੇ ਆਪ ਨਾਲ ਗੱਲਾਂ ਕਰਦਾ ਉਸ ਦੇ ਅਗਰ-ਮਗਰ ਤੇ ਹੋਰ ਕਈ ਸ਼ਬਦਾਂ ਨਾਲ ਆਪਣੇ ਦਿਲ ਦੀ ਹਵਾੜ ਕੱਢਦਾ ਰਹਿੰਦਾ ਹੈ।

# ਫ਼ਿਲਮ ਲੋਕ

## ਸ਼ਹਿਨਾਜ਼ ਗਿੱਲ ਦੀ ਵਿਲੱਖਣਤਾ



27 ਜਨਵਰੀ, 1993 ਨੂੰ ਪੰਜਾਬ ਦੇ ਅੰਮ੍ਰਿਤਸਰ ਦੇ ਕੋਲ ਸਥਿਤ ਇਕ ਪਿੰਡ ਦੇ ਇਕ ਸਿੱਖ ਪਰਿਵਾਰ ਵਿਚ ਪੈਦਾ ਹੋਈ ਸ਼ਹਿਬਾਜ਼ ਗਿੱਲ ਬੇਹੱਦ ਖ਼ੂਬਸੂਰਤ ਹੈ। ਸੋਸ਼ਲ ਮੀਡੀਆ ਤੇ ਉਸ ਦੀ ਪਛਾਣ ਇਕ ਅਤਿਅੰਤ ਗਲੈਮਰ ਮਾਡਲ, ਅਦਾਕਾਰਾ ਦੇ ਰੂਪ ਵਿਚ ਹੁੰਦੀ ਹੈ। ਭਾਰਤ ਦੀਆਂ ਚੋਟੀ ਦੀ ਸਨਸਨੀ ਪੈਦਾ ਕਰਨ ਵਾਲੇ ਚਿਹਰਿਆਂ ਵਿਚ ਉਸ ਨੂੰ ਸ਼ੁਮਾਰ ਕੀਤਾ ਜਾਂਦਾ ਹੈ। ਆਪਣੀ ਦਿੱਖ ਕਰਕੇ ਸ਼ਹਿਨਾਜ਼ ਹਮੇਸ਼ਾ ਛਾਈ ਰਹਿੰਦੀ ਹੈ। ਪ੍ਰਸੰਸਕ ਉਸ ਦੇ ਗਲੈਮਰ ਅੰਦਾਜ਼ 'ਤੇ ਜਾਨ ਲੁਟਾਉਂਦੇ ਹਨ।

ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਬੀ.ਕਾਮ ਕਰਨ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਸੀ ਪਰ ਉਸ ਨੇ ਮਾਡਲਿੰਗ ਕਰਨ ਦੀ ਚਾਹਤ ਵਿਚ ਪੜ੍ਹਾਈ ਅਧੂਰੀ ਛੱਡ ਦਿੱਤੀ ਅਤੇ ਮਹਿਜ਼ 21 ਸਾਲ ਦੀ ਉਮਰ ਵਿਚ ਸ਼ਹਿਨਾਜ਼ ਨੇ ਪ੍ਰੋਫੈਸ਼ਨਲੀ ਮਾਡਲਿੰਗ ਸ਼ੁਰੂ ਕਰ ਦਿੱਤੀ। 2015 ਵਿਚ ਸ਼ਹਿਨਾਜ਼ ਗਿੱਲ ਨੇ ਇਕ ਸੁੰਦਰਤਾ ਪ੍ਰਤੀਯੋਗਤਾ ਵਿਚ ਹਿੱਸਾ ਲਿਆ, ਜਿਸ ਦੀ ਬਦੌਲਤ ਉਸ ਨੂੰ ਸੰਗੀਤ ਵੀਡੀਓ 'ਸ਼ਿਵ ਦੀ ਕਿਤਾਬ' (2015) ਵਿਚ ਕੰਮ ਮਿਲਿਆ ਸੀ। ਉਸ ਤੋਂ ਬਾਅਦ ਸ਼ਹਿਨਾਜ਼ 'ਮਾਝੇ ਦੀ ਜੱਟੀ' (2016) ਅਤੇ 'ਪਿੰਡ ਦੀਆਂ ਕੁੜੀਆਂ' (2016) ਵਰਗੇ ਕਈ ਸੰਗੀਤਕ ਵੀਡੀਓਜ਼ ਦਾ ਹਿੱਸਾ ਬਣੀ। ਸ਼ਹਿਨਾਜ਼ ਨੂੰ ਪੰਜਾਬ ਵਿਚ ਅਸਲ ਪਛਾਣ ਗੈਰੀ ਸੰਧੂ ਦੇ ਗਾਣੇ 'ਯੇਹ ਬੇਬੀ ਰੈਫਿਕਸ' (2018) ਤੋਂ ਮਿਲੀ ਸੀ। ਇਸ ਤੋਂ ਬਾਅਦ ਉਸ ਨੇ 'ਵਹਿਮ', 'ਭੁਲਾ ਦੂੰਗਾ', 'ਕੁਰਤਾ ਪਾਜ਼ਾਮਾਂ' ਅਤੇ 'ਸੋਨਾ ਸੋਨਾ' ਵਰਗੇ ਸੰਗੀਤਕ ਵੀਡੀਓਜ਼ ਨਾਲ ਪ੍ਰਸੰਸਕਾਂ ਨੂੰ ਦੀਵਾਨਾ ਬਣਾ ਦਿੱਤਾ ਸੀ। ਹੁਣ ਤੱਕ ਲਗਭਗ 150 ਸੰਗੀਤ ਵੀਡੀਓ ਵਿਚ ਨਜ਼ਰ ਆ ਚੁੱਕੀ ਸ਼ਹਿਨਾਜ਼ ਦਾ ਹਨੀ ਸਿੰਘ ਨਾਲ ਇਕ ਵੀਡੀਓ "ਸ਼ੀਸ਼ੇ ਵਾਲੀ ਚੁੰਨੀ" (2025) ਵਿਚ ਰਲੀਜ਼ ਹੋਇਆ। ਸ਼ਹਿਨਾਜ਼ ਗਿੱਲ ਦੇ ਕੰਮ ਨੂੰ ਦੇਖਦੇ ਹੋਏ ਉਸ ਨੂੰ ਪੰਜਾਬੀ ਫਿਲਮਾਂ 'ਸਤਿ ਸ੍ਰੀ ਅਕਾਲ(2017), ਕਾਲਾ ਸ਼ਾਹ ਕਾਲਾ (2019)ਢਾਕਾ (2019)ਹੌਸਲਾ ਰੱਖ(2021)ਆਦਿ ਪੰਜਾਬੀ ਫਿਲਮਾਂ ਵਿਚ ਕੰਮ ਮਿਲ ਗਿਆ ਸੀ। ਪੰਜਾਬੀ ਫ਼ਿਲਮਾਂ ਵਿਚ ਇਕ ਅਦਾਕਾਰਾ ਦੇ ਰੂਪ ਵਿਚ ਸਹਿਨਾਜ਼ ਦੀ ਕਿਸਮਤ ਕੁਝ ਇਸ ਤਰ੍ਹਾਂ ਚਮਕੀ ਕਿ ਉਸ ਦੀ ਪਛਾਣ 'ਪੰਜਾਬ ਕੀ ਕੈਟਰੀਨਾ' ਬੈਂਡ ਦੇ ਤੌਰ 'ਤੇ ਹੋਣ ਲੱਗੀ।

ਉਸ ਤੋਂ ਬਾਅਦ ਸ਼ਹਿਨਾਜ਼ ਗਿੱਲ ਨੂੰ ਵਿਵਾਦਿਤ ਅਤੇ ਹਰਮਨ ਪਿਆਰਾ ਰਾਇਲਟੀ ਸ਼ੋਅ 'ਬਿੱਗ ਬੌਸ 13'' ਵਿੱਚ ਥਾਂ ਮਿਲੀ। ਇਸ ਰਿਆਲਿਟੀ ਸ਼ੋਅ ਵਿਚ ਹਿੱਸਾ ਲੈਣ ਤੋਂ ਬਾਅਦ ਸ਼ਹਿਨਾਜ਼ ਗਿੱਲ ਨੂੰ ਸਭ ਤੋਂ ਜ਼ਿਆਦਾ ਹਰਮਨ ਪਿਆਰਤਾ ਮਿਲੀ ਸੀ। ਇਸ ਸ਼ੋਅ ਜ਼ਰੀਏ ਉਹ ਪੂਰੇ ਦੇਸ਼ ਦੇ ਦਰਸ਼ਕਾਂ ਦੇ ਦਿਲਾਂ ਦੀ ਧੜਕਣ ਬਣ ਗਈ।। 'ਬਿੱਗ ਬੌਸ-13' ਸ਼ਹਿਨਾਜ਼ ਲਈ ਮੀਲ ਦਾ ਪੱਥਰ ਬਣਿਆ। ਇਸ ਸ਼ੋਅ ਤੋਂ ਬਾਅਦ ਕਲਰਜ਼ ਚੈਨਲ 'ਤੇ ਰਿਆਲਿਟੀ ਸ਼ੋਅ 'ਮੁਝਸੇ ਸ਼ਾਦੀ ਕਰੋਗੇ'' ਸ਼ੁਰੂ ਹੋਇਆ ਜੋ ਸ਼ਹਿਨਾਜ਼ ਗਿੱਲ ਅਤੇ ਪਾਰਸ ਛਾਬੜਾ ਦਾ 'ਸੁਅੰਵਰ'' ਜੋ ਕੋਵਿਡ-19 ਕਰਕੇ ਸ਼ੁਰੂ ਹੋਣ ਤੋਂ ਕੁਝ ਹਫ਼ਤਿਆਂ ਬਾਅਦ ਹੀ ਬੰਦ ਕਰ ਦਿੱਤਾ ਗਿਆ। 'ਬਿੱਗ ਬੌਸ-13' ਨੇ ਸ਼ਹਿਨਾਜ਼ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸਲਮਾਨ ਖਾਨ ਨੇ ਖੁਦ ਉਸ ਨੂੰ ਫਿਲਮ 'ਕਿਸੀ ਕਾ ਭਾਈ ਕਿਸੀ ਕੀ ਜਾਨ'' ਨਾਲ ਬਾਲੀਵੁੱਡ ਵਿਚਕੰਮ ਕਰਨਦਾ ਮੌਕਾ ਦਿੱਤਾ। ਆਪਣੇ ਦਮ 'ਤੇ ਆਪਣੀ ਪਛਾਣ ਬਣਾਉਣ ਵਾਲੀ ਸ਼ਹਿਨਾਜ਼ ਗਿੱਲ ਨੇ ਹਾਲ ਹੀ ਵਿਚ ਮੁੰਬਈ ਵਿਚ ਆਪਣਾ ਖ਼ੁਦ ਦਾ ਘਰ ਖਰੀਦਿਆ ਹੈ।

## 'ਮਹਾਰਾਣੀ' ਦੀ 'ਰਾਣੀ ਭਾਰਤੀ' ਹੁਮਾ ਕੁਰੈਸ਼ੀ



ਵੈੱਬ ਲੜੀ 'ਮਹਾਰਾਣੀ' ਦਾ ਚੌਥਾ ਭਾਗ ਸ਼ੁਰੂ ਹੋਣ ਜਾ ਰਿਹਾ ਹੈ ਤੇ ਇਸ ਵਿਚ 38 ਸਾਲ ਦੀ, ਪਰ ਅਜੇ ਤੱਕ ਕੁਆਰੀ ਹੁਮਾ ਕੁਰੈਸ਼ੀ ਕੰਮ ਕਰ ਰਹੀ ਹੈ। ਹਰਿਆਵਲ ਦੇ ਵਿਚਕਾਰ ਸ਼ਾਂਤੀ ਨਾਲ ਕੰਮ ਕਰਦਿਆਂ ਦੀ ਆਪਣੀ ਤਸਵੀਰ ਖਿਚਵਾ ਕੇ ਇਸ ਨੂੰ ਇੰਸਟਾ ਸਟੋਰੀ ਬਣਾ ਕੇ ਉਸ ਨੇ ਆਪਣੇ ਚਹੇਤਿਆਂ ਨੂੰ ਦੱਸ ਦਿੱਤਾ ਹੈ ਕਿ ਉਸ ਦੇ ਕੰਮ ਕਰਨ ਦਾ ਅਸਲੀ ਮੰਤਰ ਇਹੀ ਹੈ ਕਿ ਸ਼ਾਂਤੀ 'ਚ ਉਹ ਕੰਮ ਆਸਾਨੀ ਨਾਲ ਸਹਿਜ ਹੋ ਕੇ ਕਰ ਸਕਦੀ ਹੈ। ਰਾਜਨੀਤਕ ਮਨੋਰੰਜਕ ਕਹਾਣੀ ਵਾਲੀ 'ਮਹਾਰਾਣੀ' ਲੜੀ 'ਚ ਉਹ ਰਾਣੀ ਭਾਰਤੀ ਬਣੀ ਹੈ। ਚਾਰ ਸਾਲ ਪਹਿਲਾਂ ਇਸ ਵੈੱਬ ਲੜੀ ਦਾ ਪਹਿਲਾ ਹਿੱਸਾ ਆਇਆ ਸੀ। ਸੁਭਾਸ਼ ਕਪੂਰ ਇਸ ਸੀਰੀਜ਼ ਦੇ ਨਿਰਮਾਤਾ ਆਖਦੇ ਹਨ ਕਿ ਬਿਹਾਰ ਦੀ ਰਾਜਨੀਤੀ 'ਤੇ ਆਧਾਰਿਤ ਇਸ ਸੀਰੀਜ਼ 'ਚ ਸਾਨੂੰ ਸਭ ਤੋਂ ਫਿੱਟ ਨਾਇਕਾ ਹੁਮਾ ਹੀ ਨਜ਼ਰ ਆਈ ਹੈ। 'ਜੌਲੀ ਐਲ.ਐਲ.ਬੀ.-3' 'ਚ ਹੁਮਾ ਨੂੰ ਲਿਆ ਗਿਆ ਹੈ। ਇਸ ਸਮੇਂ ਹੁਮਾ ਦਾ ਸਾਰਾ ਧਿਆਨ ਵੈੱਬ ਸੀਰੀਜ਼ 'ਮਹਾਰਾਣੀ' 'ਤੇ ਹੈ, ਜਿਸ ਦੇ ਆਏ ਟੀਜ਼ਰ ਨੇ ਹੁਮਾ ਨੂੰ ਕਾਫ਼ੀ ਚਰਚਾ ਦਿੱਤੀ ਹੈ। ਇਸ 'ਚ ਹੁਮਾ ਦਾ ਇਕ ਸੰਵਾਦ ਹੈ ਕਿ 'ਕਿਸੀ ਨੇ ਹਮੇਂ ਗਵਾਰਨ ਕਹਾ ਔਰ ਕਿਸੀ ਨੇ ਹਤਿਆਰਨ' ਕਹਾ ਔਰ ਕਿਸੀ ਨੇ ਆਨੇ ਵਾਲੀ ਵਾਲੀ ਪ੍ਰਧਾਨ ਮੰਤਰੀ, ਪਰ ਹਮ ਕੋ ਸੱਤਾ ਸੇ ਨਹੀਂ। ਪਰਿਵਾਰ ਸੇ ਮੋਹ ਹੈ, ਬਿਹਾਰ ਹੀ ਹਮਰਾ ਸਾਰਾ ਪਰਿਵਾਰ ਹੈ। ਇਹ ਸੰਵਾਦ ਪੱਕਾ ਹਿੱਟ ਰਹੇਗਾ ਤੇ ਲੋਕ ਹੁਮਾ 'ਚ ਰਾਬੜੀ ਦੇਵੀ ਦੇਖ ਰਹੇ ਹਨ। ਵੈਸੇ ਅਜੇ ਇਸ ਸੀਰੀਜ਼ ਦੀ . ਰਿਲੀਜ਼ ਦਾ ਇੰਤਜ਼ਾਰ ਕਰਨਾ ਪਵੇਗਾ, ਨਿਰਮਾਤਾ ਨੇ ਸੋਸ਼ਲ ਮੀਡੀਆ 'ਤੇ ਇਹ ਕਿਹਾ ਹੈ। ਇਕ ਹੋਰ ਪਤੇ ਦੀ ਗੱਲ ਕਿ ਹੁਮਾ ਹੁਣ ਲੇਖਿਕਾ ਵੀ ਬਣ ਗਈ ਹੈ। 'ਗੈਂਗਸ ਆਫ਼ ਵਾਸੇਪੁਰ', 'ਜੌਲੀ ਐਲ.ਐਲ.ਬੀ.-2' ਨਾਲ ਚਰਚਿਤ ਰਹਿਣ ਵਾਲੀ ਹੁਮਾ ਕੁਰੈਸ਼ੀ ਨੇ 'ਦਾ ਐਕਸੀਡੈਂਟਲ ਸੁਪਰ ਹੀਰੋ' ਨਾਂਅ ਦਾ ਨਾਵਲ ਲਿਖਿਆ ਹੈ। ਬਦਤਮੀਜ਼ ਤੇ ਵਿਗੜੀਆਂ ਹੋਈਆਂ ਕੁੜੀਆਂ ਬਾਬਤ ਗੱਲਾਂ ਕਰਨੀਆਂ ਤੇ ਉਨ੍ਹਾਂ ਦੀ ਚਾਲ-ਢਾਲ ਤੇ ਰਹਿਣਾ-ਸਹਿਣ ਹੁਮਾ ਕੁਰੈਸ਼ੀ ਨੂੰ ਪਸੰਦ ਹੈ। ਜੈਪੁਰ ਸਾਹਿਤ ਮੇਲੇ 'ਚ ਹੁਮਾ ਮਹਿਮਾਨ ਬਣ ਕੇ ਗਈ। ਕਿਵੇਂ ਦਾ ਪਹਿਰਾਵਾ ਔਰਤ ਦਾ ਹੋਵੇ, ਇਸ ਗੱਲ ਤੋਂ ਉਹ ਅੱਕ ਗਈ ਹੈ, ਉਸ ਨੂੰ ਤਾਂ ਮਨਮਰਜ਼ੀ ਕਰਨ ਵਾਲੀਆਂ ਵਿਗੜੀਆਂ ਕੁੜੀਆਂ ਨੂੰ ਨਾਵਲ ਦੀ ਨਾਇਕ ਬਣਾਉਣਾ ਚੰਗਾ ਲੱਗਿਆ ਹੈ। ਕਿਸੇ ਲਿੰਗ-ਭੇਦ ਦੇ ਬਿਨਾਂ ਸਾਡਾ ਸਮਾਜ ਜਿਸ ਦਿਨ ਔਰਤ ਨੂੰ ਸਵੀਕਾਰ ਕਰੇਗਾ, ਅਸਲੀ ਆਜ਼ਾਦੀ ਉਸ ਦਿਨ ਔਰਤਾਂ ਨੂੰ ਮਿਲੇਗੀ। ਅੱਜਕਲ੍ਹ ਹੁਮਾ ਕੁਰੈਸ਼ੀ ਤੇ ਕ੍ਰਿਕਟ ਖਿਡਾਰੀ ਸ਼ਿਖਰ ਧਵਨ ਇਕ ਜਿੰਦ ਇਕ ਜਾਨ ਬਣੇ ਹੋਏ ਹਨ ਪਰ ਨਹੀਂ ਇਹ ਸੱਚ ਨਹੀਂ ਹੈ। ਹੁਮਾ ਕੁਰੈਸ਼ੀ ਦਾ ਚੱਕਰ ਇਸ ਸਮੇਂ ਐਕਟਿੰਗ ਕੋਚ ਆਰ. ਸਿੰਘ ਨਾਲ ਚੱਲ ਰਿਹਾ ਹੈ।

## ਨਰਗਿਸ ਫ਼ਾਖਰੀ ਦਾ ਚੋਰੀ ਚੋਰੀ ਵਿਆਹ

ਅਦਾਕਾਰਾ ਨਰਗਿਸ ਫ਼ਾਖਰੀ ਨੇ ਹਾਲ ਹੀ ਵਿਚ ਬੇਹੱਦ ਗੁਪਤ ਢੰਗ ਨਾਲ ਆਪਣੇ 3 ਸਾਲ ਪੁਰਾਣੇ ਦੋਸਤ ਅਤੇ ਕਸ਼ਮੀਰ ਵਿਚ ਪੈਦਾ ਹੋਏ ਅਮਰੀਕਾ ਦਾ ਅੰਟਰਪ੍ਰੀਨਿਓਰ ਟੋਨੀ ਬੇਗ ਨਾਲ ਵਿਆਹ ਕਰ ਲਿਆ ਹੈ। ਖ਼ਬਰਾਂ ਅਨੁਸਾਰ ਉਸ ਦੇ ਵਿਆਹ ਦਾ ਸਮਾਗਮ ਕੈਲੀਫੋਰਨੀਆ ਦੇ ਇਕ ਮਹਿੰਗੇ ਹੋਟਲ ਵਿਚ ਹੋਇਆ ਸੀ। ਡਿਓਜ਼ ਗਰੁੱਪ ਦੇ ਪ੍ਰਧਾਨ, ਕਾਰੋਬਾਰੀ ਅਤੇ ਇਨਵੈਸਟਰ ਟੋਨੀ ਬੇਗ ਟੈਲੀਵਿਜ਼ਨ ਨਿਰਮਾਤਾ ਜਾਨੀ ਬੇਗ ਦੇ ਭਰਾ ਹਨ। ਉਸ ਦੇ ਪਿਤਾ ਸ਼ਕੀਲ ਅਹਿਮਦ ਬੇਗ,ਇਕ ਪ੍ਰਸਿੱਧ ਨੇਤਾ ਹਨ ਜੋ ਕਿ ਜੰਮੂ ਅਤੇ ਕਸ਼ਮੀਰ ਦੇ ਡੀ.ਆਈ.ਜੀ. ਰਹਿ ਚੁੱਕੇ ਹਨ। ਟੋਨੀ ਬੇਗ ਨੇ ਮੈਲਬੌਰਨ ਵਿਚ ਵਿਕਟੋਰੀਆ ਯੂਨੀਵਰਸਿਟੀ ਟੈਕਨਾਲੋਜੀ ਤੋਂ ਐਮ.ਬੀ.ਏ. ਕੀਤੀ ਹੈ। ਉਸ ਨੇ 2006 ਵਿਚ ਆਪਣਾ ਖ਼ੁਦ ਦਾ ਕਾਰੋਬਾਰ ਸ਼ੁਰੂ ਕੀਤਾ ਅਤੇ ਇਕ ਸਫ਼ਲਤਾਪੂਰਨ ਐਂਟਰਪ੍ਰੀਨਿਓਰ ਬਣ ਗਏ।



ਅਮਰੀਕਾ ਦੇ ਨਿਊਯਾਰਕ ਵਿਚ 20 ਅਕਤੂਬਰ, 1979 ਨੂੰ ਪੈਦਾ ਹੋਈ ਨਰਗਿਸ ਫ਼ਾਖਰੀ ਦੇ ਪਿਤਾ ਮੁਹੰਮਦ ਫ਼ਾਖਰੀ ਪਾਕਿਸਤਾਨ ਨਾਲ ਸੰਬੰਧਿਤ ਸਨ ਪਰ ਮਾਂ ਮੈਰੀ ਫ਼ਾਖਰੀ ਚੈਕ ਰਿਪਬਲਿਕ ਤੋਂ ਹੈ। ਨਰਗਿਸ ਜਦੋਂ ਸਿਰਫ਼ ਛੇ ਸਾਲ ਦੀ ਸੀ, ਉਸ ਦੇ ਮਾਪਿਆਂ ਦਾ ਤਲਾਕ ਹੋ ਗਿਆ ਸੀ। 2009 ਵਿਚ ਨਰਗਿਸ ਕਿੰਗਫਿਸ਼ਰ ਦੀ ਕੈਲੰਡਰ ਕੁੜੀ ਬਣੀ ਜਿਸ ਤੋਂ ਉਸ ਲਈ ਬਾਲੀਵੁੱਡ ਦਾ ਰਸਤਾ ਖੁੱਲ੍ਹ ਗਿਆ। ਕਿੰਗਫਿਸ਼ਰ ਦੇ ਕੈਲੰਡਰ ਵਿਚ ਦੇਖ ਕੇ, ਇਮਤਿਆਜ਼ ਅਲੀ ਨੇ ਉਸ ਨੂੰ ਫ਼ਿਲਮ 'ਰਾਕਸਟਾਰ' (2011) ਦੀ ਪੇਸ਼ਕਸ਼ ਕੀਤੀ, ਜੋ ਕਿ ਉਸ ਦੀ ਬਾਲੀਵੁੱਡ ਫ਼ਿਲਮ ਬਣੀ। ਉਸ ਦੀ ਇਹ ਫ਼ਿਲਮ ਜ਼ਬਰਦਸਤ ਹਿੱਟ ਸਾਬਿਤ ਹੋਈ। ਇਸ ਫ਼ਿਲਮ ਤੋਂ ਨਰਗਿਸ ਨੂੰ ਜ਼ਬਰਦਸਤ ਹਰਮਨ ਪਿਆਰਤਾ ਵੀ ਮਿਲੀ। ਫ਼ਿਲਮ ਵਿਚ ਹੀਰ ਕੌਲ ਬਣ ਕੇ ਉਹ ਹਰ ਕਿਸੇ ਦੀ ਧੜਕਣ ਬਣ ਗਈ। ਉਸ ਤੋਂ ਬਾਅਦ ਉਹ 'ਮਦਰਾਸ ਕੈਫੇ', 'ਫਟਾ ਪੋਸਟਰ ਨਿਕਲਾ ਹੀਰੋ', 'ਮੈਂ ਤੇਰਾ ਹੀਰੋ', 'ਅਜ਼ਹਰ', 'ਢਿਸ਼ਮ' ਅਤੇ 'ਹਾਊਸਫੁੱਲ-3' ਵਰਗੀਆਂ ਕਈ ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਸਾਲ 2016 ਵਿਚ ਨਰਗਿਸ ਫ਼ਾਖਰੀ ਅਚਾਨਕ ਭਾਰਤ ਛੱਡ ਕੇ ਨਿਊਯਾਰਕ ਚਲੀ ਗਈ। ਇਸ ਘਟਨਾ ਤੋਂ ਉਸ ਦੇ ਪ੍ਰਸੰਸਕਾਂ ਨੂੰ ਬਹੁਤ ਨਿਰਾਸ਼ਾ ਹੋਈ। ਦੋ ਸਾਲ ਦੀ ਲੰਮੀ ਛੁੱਟੀ ਤੋਂ ਬਾਅਦ ਨਰਗਿਸ ਫ਼ਾਖਰੀ 2018 ਵਿਚ ਇਕ ਵਾਰ ਫਿਰ ਭਾਰਤ ਆ ਗਈ। ਇਸ ਤਰ੍ਹਾਂ ਉਸ ਨੇ '5 ਵੈਡਿੰਗਸ', 'ਅਮਾਵਸ' ਅਤੇ 'ਤੋਰਬਾਜ਼' ਵਰਗੀਆਂ ਫ਼ਿਲਮਾਂ ਹਾਸਿਲਾਂ ਵੀ ਕਰ ਲਈਆਂ। ਪਰ ਬਦਕਿਸਮਤੀ ਨਾਲ ਇਨ੍ਹਾਂ ਵਿਚੋਂ ਇਕ ਵੀ ਫ਼ਿਲਮ ਟਿਕਟ ਖਿੜਕੀ 'ਤੇ ਸਫ਼ਲ ਨਹੀਂ ਹੋ ਸਕੀ। ਇਸ ਤਰ੍ਹਾਂ ਉਸ ਦੀ ਵਾਪਸੀ ਬੇਮਕਸਦ ਹੋ ਕੇ ਰਹਿ ਗਈ।

## ਅਕਸ਼ੈ ਖੰਨਾ ਦਾ ਡਿਜੀਟਲ ਕਰੀਅਰ

28 ਮਾਰਚ, 1975 ਨੂੰ ਜਨਮੇ ਐਕਟਰ ਅਕਸ਼ੈ ਖੰਨਾ ਦੀ ਸ਼ੁਰੂਆਤੀ ਪੜ੍ਹਾਈ ਬੰਬੇ ਇੰਟਰਨੈਸ਼ਨਲ ਸਕੂਲ, ਬਾਬੁਲਨਾਥ ਵਿਚ ਹੋਈ। ਇਸ ਤੋਂ ਬਾਅਦ ਉਸ ਨੇ ਲਾਰੈਂਸ ਸਕੂਲ, ਲਵਡੇਲ, ਊਟੀ ਤੋਂ 12ਵੀਂ ਕੀਤੀ ਅਤੇ ਮੁੰਬਈ ਵਾਪਸ ਆ ਗਿਆ। ਉਸ ਨੇ ਆਪਣੇ ਪਿਤਾ ਕੋਲ ਫ਼ਿਲਮਾਂ ਵਿਚ ਕਰੀਅਰ ਬਣਾਉਣ ਦੀ ਇੱਛਾ ਜ਼ਾਹਿਰ ਕਰ ਦਿੱਤੀ। 1997 ਵਿਚ ਵਿਨੋਦ ਖੰਨਾ ਨੇ ਅਕਸ਼ੈ ਲਈ ਫ਼ਿਲਮ 'ਹਿਮਾਲਿਆ ਪੁੱਤਰ' ਦਾ ਨਿਰਮਾਣ ਕੀਤਾ। ਇਸ ਫ਼ਿਲਮ ਨੂੰ ਪੰਕਜ ਪਾਰਾਸ਼ਰ ਨੇ ਨਿਰਦੇਸ਼ਤ ਕੀਤਾ ਸੀ।ਪਰ ਇਹ ਫ਼ਿਲਮ ਟਿਕਟ ਖਿੜਕੀ 'ਤੇ ਫਲਾਪ ਸਾਬਿਤ ਹੋਈ ਹਾਲਾਂ ਕਿ ਅਕਸ਼ੈ ਖੰਨਾ ਨੂੰ ਫ਼ਿਲਮ ਲਈ ਬੈਸਟ ਮੇਲ ਡੈਬਿਊ ਦਾ ਸਕਰੀਨ ਪੁਰਸਕਾਰ ਮਿਲਿਆ। ਰਿਸ਼ੀ ਕਪੂਰ ਦੀ ਬਤੌਰ ਨਿਰਦੇਸ਼ਕ ਪਹਿਲੀ ਫ਼ਿਲਮ 'ਆ ਅਬ ਲੌਟ



ਖੰਨਾ ਫਿਰ ਇਕ ਵਾਰ ਐਸ਼ਵਰਿਆ ਰਾਏ ਨਾਲ ਨਜ਼ਰ ਆਏ। ਇਹ ਫ਼ਿਲਮ ਭਾਰਤ ਵਿਚ ਤਾਂ ਖ਼ਾਸ ਕਮਾਲ ਨਹੀਂ ਦਿਖਾ ਸਕੀ ਪਰ ਬਾਕੀ ਥਾਵਾਂ 'ਤੇ ਇਸ ਨੇ ਚੰਗੀ ਕਮਾਈ ਕੀਤੀ ਸੀ। 'ਦਿਲ ਚਾਹਤਾ ਹੈ' ਵਿਚ ਅਕਸ਼ੈ ਖੰਨਾ ਨੂੰ ਸਿਡ ਦੀ ਭੂਮਿਕਾ ਵਿਚ ਕਾਫ਼ੀ ਪਸੰਦ ਕੀਤਾ ਗਿਆ ਸੀ। 'ਹਮਰਾਜ਼' ਵਿਚ ਪਹਿਲੀ ਵਾਰ ਅਕਸ਼ੈ ਖੰਨਾ ਨਾਂਹਪੱਖੀ ਭੂਮਿਕਾ ਵਿਚ ਸੀ। ਇਸ ਭੂਮਿਕਾ ਵਿਚ ਉਸ ਨੂੰ ਕਾਫ਼ੀ ਪਸੰਦ ਕੀਤਾ ਗਿਆ।

'ਦ੍ਰਿਸ਼ਯਮ-2' ਤੋਂ ਬਾਅਦ ਅਕਸ਼ੈ ਖੰਨਾ ਦੋ ਸਾਲ ਫਿਰ ਗ਼ਾਇਬ ਰਹੇ ਅਤੇ ਹੁਣ ਉਸ ਨੇ ਵਿੱਕੀ ਕੌਸ਼ਲ ਵਾਲੀ 'ਛਾਵਾ' ਤੋਂ ਦਮਦਾਰ ਵਾਪਸੀ ਕੀਤੀ ਹੈ। ਲਕਸ਼ਮਣ ਉਤੇਕਰ ਦੇ ਨਿਰਦੇਸ਼ਨ ਵਿਚ ਬਣੀ। ਇਸ ਫ਼ਿਲਮ ਵਿਚ ਮੁਗਲ ਸਮਰਾਟ ਔਰੰਗਜ਼ੇਬ ਦੇ ਖ਼ੂੰਖਾਰ ਕਿਰਦਾਰ ਵਿਚ ਅਕਸ਼ੈ ਖੰਨਾ ਨੂੰ ਦਰਸ਼ਕਾਂ ਦੀ ਜੰਮ ਕੇ ਵਾਹ-ਵਾਹੀ ਮਿਲ ਰਹੀ ਹੈ। ਇਸ ਕਾਮਯਾਬੀ 'ਤੇ ਅਕਸੈ ਖੰਨਾ ਚੰਗੇ ਉਤਸ਼ਾਹਤ ਹੋਏ। ਇਨ੍ਹੀਂ ਦਿਨੀਂ ਉਹ ਡਿਜੀਟਲ ਡੈਬਿਊ ਦੀ ਤਿਆਰੀ ਕਰ ਰਹੇ ਹਨ। ਬਹੁਤ ਛੇਤੀ ਉਹ ਰਵੀਨਾ ਟੰਡਨ ਨਾਲ ਵਿਜੈ ਗੁੱਟੇ ਵਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਵੈੱਬ ਸੀਰੀਜ਼ 'ਲੀਗੇਸੀ' ਵਿਚ ਨਜ਼ਰ ਆਉਣਗੇ। ਅਕਸ਼ੈ ਵਿਜੈ ਗੁੱਟੇ ਨਾਲ ਪਹਿਲਾਂ ਵੀ 2019 ਵਿਚ ਆਈ ਫ਼ਿਲਮ 'ਦ ਐਕਸੀਡੈਂਟਲ ਪ੍ਰਾਈਮ ਮਿਨੀਸਟਰ' (2019) ਵਿਚ ਕੰਮ ਕਰ ਚੁੱਕੇ ਹਨ। ਲੀਗੇਸੀ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਇਸ ਵੈੱਬ ਸੀਰੀਜ਼ ਦੀ ਇਸ ਸਾਲ ਦੇ ਅੱਧ ਤੱਕ ਰਿਲੀਜ਼ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਵੈੱਬ ਸੀਰੀਜ਼ ਤੋਂ ਇਲਾਵਾ ਅਕਸ਼ੈ ਖੰਨਾ ਫ਼ਿਲਮ 'ਧੁਰੰਧਰ' ਵੀ ਕਰ ਰਹੇ ਹਨ। ਉਸ ਦੀ ਇਹ ਫ਼ਿਲਮ ਵੀ ਇਸ ਸਾਲ ਰਿਲੀਜ਼ ਹੋਵੇਗੀ।

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ ’ਚ (ਪਹਿਲੀ ਜਨਵਰੀ 2000-2025)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# ‘ਪੰਜਾਬ ਟਾਈਮਜ਼ ਨਾਈਟ’

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ



ਅਮਰਜੀਤ ਢੀਂਡਸਾ



ਡਾ. ਦਲਬੀਰ ਸਿੰਘ ਪੰਨੂ



ਹਰਮਨ ਬਿੰਦ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਲਖਵੀਰ ਢੀਂਡਸਾ



ਪਾਲਾ ਸ਼ੇਰਮਾਰ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਜਗਦੀਸ਼ਰ ਸਿੰਘ ਕਲੇਰ, ਗੁਰਚਰਨ ਸਿੰਘ ਗਰੇਵਾਲ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਮਨਦੀਪ ਸਿੰਘ ਭੂਰਾ



ਸੁਰਿੰਦਰ ਸਿੰਘ ਸੁੰਨੜ, ਰਘਬੀਰ ਸਿੰਘ ਘੁੰਨ, ਪਰਮਿੰਦਰ ਸਿੰਘ ਵਾਲੀਆ, ਅਮਰੀਕ ਸਿੰਘ (ਅਮਰ ਕਾਰਪੈਟ), ਜਸਕਰਨ ਸਿੰਘ ਧਾਲੀਵਾਲ, ਡਾ. ਤੇਜਿੰਦਰ ਸਿੰਘ ਮੰਡੇਰ, ਅਵਤਾਰ ਸਿੰਘ ਸਪਰਿੰਗਫੀਲਡ, ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਗੁਰਦੇਵ ਸਿੰਘ ਜੌੜਾ, ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ, ਡਾ. ਇਨਕਲਾਬੀ ਥਾਂਦੀ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਹਰਵਿੰਦਰ ਪਾਲ ਸਿੰਘ ਲੈਲ, ਜਗਜੀਤ ਸਿੰਘ ਢੀਂਡਸਾ, ਸਰਵਣ ਸਿੰਘ ਟਿਵਾਣਾ, ਸੁਖਮੇਲ ਸਿੰਘ ਅਟਵਾਲ, ਸ. ਹੈਪੀ ਸਿੰਘ ਹੀਰ, ਅਮੋਲਕ ਸਿੰਘ ਗਾਖਲ, ਜੱਸੀ ਗਿੱਲ